ਅਪ੍ਰੈਲ-ਜੂਨ 2025

ਸਾਲ ਤੀਜਾ, ਅੰਕ ਗਿਆਰਵਾਂ

# ਉਡਾਣ

## ਵਿਗਿਆਨ ਗਲਪ ਮੈਗ਼ਜ਼ੀਨ



ਵਿਗਿਆਨ ਗਲਪ ਕਥਾ ਕਹਾਣੀਆਂ

ਕਵਿਤਾਵਾਂ ਲੇਖ ਤੇ

ਬੱਚਿਆਂ ਦਾ ਕੋਨਾ

https://www.udaanpunjabi.com/

Photo Courtesy: NASA

ਅਪ੍ਰੈਲ-ਜੂਨ 2025
ਸਾਲ ਤੀਜਾ, ਅੰਕ ਦਸਵਾਂ

ISSN: 3065-7121

## ਸਲਾਹਕਾਰ ਬੋਰਡ

ਡਾ. ਦੇਵਿੰਦਰ ਪਾਲ ਸਿੰਘ (ਕੈਨੇਡਾ)

ਹਰੀ ਕ੍ਰਿਸ਼ਨ ਮਾਇਰ (ਕੈਨੇਡਾ)

ਅਜਮੇਰ ਸਿੱਧੂ (ਭਾਰਤ)

ਰੂਪ ਢਿੱਲੋਂ (ਯੂ. ਕੇ.)

## ਸੰਪਾਦਕ

ਅਮਨਦੀਪ ਸਿੰਘ

## ਚਿੱਤਰ

Microsoft BING AI

https://pixabay.com/

NASA

## ਈ-ਮੇਲ

punjabiscifi@gmail.com

## ਵੈੱਬਸਾਈਟ

https://udaanpunjabi.com

## ਸਮਾਜਿਕ

ਉਡਾਣ ਮੈਗਜ਼ੀਨ ਨੂੰ ਸੋਸ਼ਲ ਮੀਡੀਆ 'ਤੇ ਫੌਲੋ ਕਰਨ ਲਈ ਹੇਠਲੇ ਚਿੱਤਰਾਂ 'ਤੇ ਕਲਿੱਕ ਕਰੋ

ਇਸ ਮੈਗਜ਼ੀਨ ਦੀ ਪ੍ਰਿੰਟ ਕਾਪੀ ਵੈੱਬਸਾਈਟ udaanpunjabi.com 'ਤੇ ਆਰਡਰ ਕਰ ਸਕਦੇ ਹੋ।

**ਮੁੱਖ ਪੰਨੇ ਦੀ ਤਸਵੀਰ (ਨਾਸਾ ਤੋਂ ਧੰਨਵਾਦ ਸਹਿਤ)** ਵਿੱਚ ਤੁਸੀਂ ਨਾਸਾ ਦੇ ਪੁਲਾੜ ਯਾਤਰੀ ਸੁਨੀਤਾ ਵਿਲੀਅਮਜ਼, ਬੁੱਚ ਵਿਲਮੋਰ, ਨਿੱਕ ਹੇਗ ਤੇ ਰੂਸ ਦੇ ਪੁਲਾੜ ਯਾਤਰੀ ਅਲੈਗਜ਼ੈਂਡਰ ਗੋਰਬੂਨੋਵ ਨੂੰ 18 ਮਾਰਚ, 2025 ਨੂੰ ਫਲੋਰੀਡਾ ਦੇ ਟੈਲਾਹਾਸੀ ਦੇ ਤੱਟ ਤੋਂ ਦੂਰ ਪਾਣੀ ਵਿੱਚ ਸਪੇਸਐਕਸ ਡਰੈਗਨ ਪੁਲਾੜ ਯਾਨ ਵਿੱਚ ਉਤਰਦਿਆਂ ਦੇਖ ਸਕਦੇ ਹੋ। ਇਹ ਸਾਰੇ ਪੁਲਾੜ ਯਾਤਰੀ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ 'ਤੇ ਇੱਕ ਲੰਬੇ ਸਮੇਂ ਦੀ ਮੁਹਿੰਮ ਤੋਂ ਵਾਪਸ ਆਏ। ਸੁਨੀਤਾ ਵਿਲੀਅਮਜ਼ ਅਤੇ ਬੁੱਚ ਵਿਲਮੋਰ 9 ਮਹੀਨੇ ਪੁਲਾੜ ਵਿੱਚ ਰਹੇ ਜਦ ਕਿ ਉਨ੍ਹਾਂ ਦਾ ਬੋਇੰਗ ਸਟਾਰ ਲਾਈਨਰ ਨੂੰ ਟੈਸਟ ਕਰਨ ਦਾ ਮਿਸ਼ਨ ਸਿਰਫ਼ ਇੱਕ-ਦੋ ਹਫ਼ਤੇ ਦਾ ਹੀ ਸੀ, ਪਰ ਬੋਇੰਗ ਸਟਾਰ ਲਾਈਨਰ ਵਿੱਚ ਖਰਾਬੀ ਆਉਣ ਕਰ ਕੇ ਉਹ ਉਸ ਵਿੱਚ ਵਾਪਸ ਨਹੀਂ ਆ ਸਕੇ। ਪਰ ਉਨ੍ਹਾਂ ਦਾ ਪੁਲਾੜ ਵਿੱਚ ਰਹਿਣਾ ਅਜਾਈਂ ਨਹੀਂ ਗਿਆ ਤੇ ਉਨ੍ਹਾਂ ਨੇ ਸਫ਼ਲਤਾ ਦੇ ਨਵੇਂ ਆਯਾਮ ਕਾਇਮ ਕੀਤੇ। ਨਾਸਾ ਅਨੁਸਾਰ ਵਿਲੀਅਮਜ਼ ਅਤੇ ਵਿਲਮੋਰ ਨੇ ਆਪਣੇ ਮਿਸ਼ਨ ਦੌਰਾਨ 121,347,491 ਮੀਲ ਦੀ ਯਾਤਰਾ ਕੀਤੀ, ਪੁਲਾੜ ਵਿੱਚ 286 ਦਿਨ ਬਿਤਾਏ, ਅਤੇ ਧਰਤੀ ਦੁਆਲੇ 4,576 ਚੱਕਰ ਪੂਰੇ ਕੀਤੇ। ਉਨ੍ਹਾਂ ਨੇ ਵਿਗਿਆਨ ਅਤੇ ਪੁਲਾੜ ਸਟੇਸ਼ਨ ਦੇ ਰੱਖ-ਰਖਾਅ ਦੀਆਂ ਕਈ ਗਤੀਵਿਧੀਆਂ ਅਤੇ ਤਕਨਾਲੋਜੀ ਪ੍ਰਦਰਸ਼ਨਾਂ ਵਿੱਚ ਵਡਮੁੱਲਾ ਯੋਗਦਾਨ ਪਾਇਆ। ਬਾਕੀ ਪੰਨਾ **20** 'ਤੇ ...

**Cover Photo Courtesy: NASA**

## ਇਸ ਅੰਕ ਵਿਚ

**2** ਸੰਪਾਦਕੀ/ਅਮਨਦੀਪ ਸਿੰਘ
**3** ਨਵੇਂ ਅਵਤਾਰ/ਅਜਮੇਰ ਸਿੱਧੂ
**12** ਰੈਲੇਟਿਵਟੀ (ਸਾਪੇਖਤਾ)/ਡਾ. ਦੇਵਿੰਦਰ ਪਾਲ ਸਿੰਘ
**18** ਸਟ੍ਰਿੰਗ ਥਿਊਰੀ/ਪ੍ਰੋ. ਸਤਬੀਰ ਸਿੰਘ
**21** ਏ.ਆਈ ਦੇ ਯੁਗ 'ਚ ਜਿਉਣ ਦੀ ਕਲਾ/ਇੰਜ. ਈਸ਼ਰ ਸਿੰਘ
**24** ਕੁਝ ਹਲਕਾ-ਫੁਲਕਾ - ਰੋਬੋਟਾਂ ਬਾਰੇ ਚੁਟਕਲੇ
**25** ਆਕਾਸ਼/ਸੁਖਮੰਦਰ ਸਿੰਘ ਤੂਰ
**26** ਲਾਈ ਲੱਗ ਮੋਮਿਨ ਦੇ ਕੋਲੋਂ ਖੋਜੀ ਕਾਫ਼ਰ ਚੰਗਾ/ਬਿਲ ਬਰਾਇਸਨ ਪੰਜਾਬੀ ਰੂਪ: ਕਾਮਰਾਨ ਕਾਮੀ
**28** ਚੰਦਰਯਾਨ-ਤਿਸ਼ਕਿਨ/ ਗੁਰਚਰਨ ਕੌਰ ਥਿੰਦ
**34** ਸਿਤਾਰਿਆਂ ਤੋਂ ਅੱਗੇ/ਅਮਨਦੀਪ ਸਿੰਘ
**42 ਬੱਚਿਆਂ ਦਾ ਕੋਨਾ**
**42** ਬੱਚੇ ਤੇ ਰੋਬੋਟ/ਡਾ. ਦੇਵਿੰਦਰ ਪਾਲ ਸਿੰਘ
**44** ਭੂੰਡੀ ਭੂੰਡੀ ਫੇਲ ਕਿ ਪਾਸ/ਹਰੀ ਕ੍ਰਿਸ਼ਨ ਮਾਇਰ
**46** ਕਵਿਤਾ- ਰੁੱਖਾਂ ਨਾਲ ਪਿਆਰ/ਸੁਰਿੰਦਰਪਾਲ ਸਿੰਘ
**47** ਕਵਿਤਾ- ਗ੍ਰਹਿ ਬੁਝਾਰਤਾਂ/ਵਿਕਾਸ ਵਰਮਾ
**48** ਵਿਗਿਆਨ ਦੀਆਂ ਤਾਜ਼ਾ ਖ਼ਬਰਾਂ

*Udaan* is published quarterly by Amandeep Singh from 13 Bluebird Dr., Grafton, MA, USA. © Copyrights 2024 Respective authors. The opinions expressed in this publication are those of the authors. They do not purport to reflect the opinions or views of the *Udaan* Magazine or its editorial team.

# ਸੰਪਾਦਕੀ - ਏਆਈ ਦੇ ਨੈਤਿਕ ਪ੍ਰਭਾਵ ਅਤੇ ਅਨੰਤ ਬ੍ਰਹਿਮੰਡ ਦੇ ਰਹੱਸ

ਸਭ ਤੋਂ ਪਹਿਲਾਂ ਅਦਾਰਾ ਉਡਾਣ ਤੇ ਇਸਦੇ ਸਮੂਹ ਪਾਠਕਾਂ ਵਲੋਂ, ਨਾਸਾ ਪੁਲਾੜ ਯਾਤਰੀਆਂ ਸੁਨੀਤਾ ਵਿਲੀਅਮਜ਼ ਤੇ ਬੁੱਚ ਵਿਲਮੋਰ ਦੀ ਇੱਕ ਲੰਮੇ ਪੁਲਾੜੀ ਮਿਸ਼ਨ ਤੋਂ ਘਰ ਵਾਪਸੀ ‘ਤੇ ਜੀ ਆਇਆਂ ਨੂੰ! ਅੰਤਰਾਸ਼ਟਰੀ ਪੁਲਾੜ ਸਟੇਸ਼ਨ ਵਿੱਚ ਨੌਂ ਲੰਮੇ ਪਰ ਉਪਯੋਗੀ ਮਹੀਨੇ ਬਿਤਾ ਕੇ ਆਖਰਕਾਰ ਉਨ੍ਹਾਂ ਨੇ ਆਪਣੀ ਪਿਆਰੀ ਧਰਤੀ ਦੀ ਗੋਦ ਵਿੱਚ ਪਹੁੰਚ ਕੇ, ਉਸਦੀ ਖੁੱਲ੍ਹੀ ਤੇ ਕੁਦਰਤੀ ਹਵਾ ਵਿੱਚ ਸਾਹ ਲਿਆ - ਪਿਛਲੇ ਨੌਂ ਮਹੀਨੇ ਉਹ ਪੁਲਾੜ ਸਟੇਸ਼ਨ ਦੀ ਬਣਾਉਟੀ ਆਕਸੀਜਨ ਵਿੱਚ ਸਾਹ ਲੈ ਰਹੇ ਸਨ।

ਮਸਨੂਈ ਬੁੱਧੀ ਫਿਰ ਤੋਂ ਚਰਚਾ ਵਿੱਚ ਹੈ ਜੋ ਸਾਡੀ ਜ਼ਿੰਦਗੀ ਦੇ ਹਰ ਪਹਿਲੂ ਨੂੰ ਪ੍ਰਭਾਵਿਤ ਕਰ ਰਹੀ ਹੈ ਜਿਵੇਂ ਕਿ ਗਿਆਨ-ਵਿਗਿਆਨ ਤੇ ਮਨੋਰੰਜਨ ਨੂੰ ਵਧਾਉਣਾ, ਨੀਰਸ ਕੰਮਾਂ ਨੂੰ ਸਵੈਚਲਿਤ ਕਰਨਾ ਆਦਿ, ਪਰ ਨਾਲ਼ ਹੀ ਉਹ ਨੈਤਿਕ ਤੇ ਹੋਰ ਚੁਣੌਤੀਆਂ ਵੀ ਖੜੀਆਂ ਕਰ ਰਹੀ ਹੈ ਜਿਨ੍ਹਾਂ ਵਿੱਚੋਂ ਪ੍ਰਮੁੱਖ ਨੌਕਰੀਆਂ ਦਾ ਖਾਤਮਾ ਹੈ। ਅਜਮੇਰ ਸਿੱਧੂ ਦੀ ਕਹਾਣੀ ‘ਨਵੇਂ ਅਵਤਾਰ’ ਇਸ ਬਾਰੇ ਵਿੱਚ ਹੀ ਹੈ ਕਿ ਕਿਵੇਂ ਏਆਈ ਤੇ ਰੋਬੋਟ ਇੱਕ ਅਖਬਾਰ ਦੇ ਦਫ਼ਤਰ ਵਿੱਚ ਮਨੁੱਖਾਂ ਦੀ ਜਗ੍ਹਾ ਲੈਂਦੇ ਹਨ ਤੇ ਸਾਰੇ ਕੰਮ ਕਰਦੇ ਹਨ ਪਰ ਜਦੋਂ ਕੁਦਰਤੀ ਆਫ਼ਤ ਆਉਂਦੀ ਹੈ ਤਾਂ ਉਹ ਮਨੁੱਖਤਾ ਦੇ ਨਿੱਘੇ ਸਪਰਸ਼ ਦਾ ਤੋੜ ਨਹੀਂ ਬਣ ਸਕਦੇ। ਇਸੇ ਤਰ੍ਹਾਂ ਇੰਜ: ਈਸ਼ਰ ਸਿੰਘ ਦਾ ਪ੍ਰੇਰਣਾਮਈ ਲੇਖ ‘ਏਆਈ ਦੇ ਯੁਗ ‘ਚ ਜਿਉਣ ਦੀ ਕਲਾ’ ਉਸ ਦੇ ਵਿਲੱਖਣ ਗੁਣਾਂ ਅਤੇ ਅੰਦਰੂਨੀ ਚੇਤਾਵਨੀਆਂ ਦਾ ਡੂੰਘਾਈ ਨਾਲ਼ ਮੁਲਾਂਕਣ ਕਰਦਾ ਹੋਇਆ, ਸਾਨੂੰ ਸਾਵਧਾਨੀ ਨਾਲ ਚੱਲਣ, ਅਤੇ ਨਿੱਤ ਵਧਦੀ ਤਰੱਕੀ ਨੂੰ ਸੰਤੁਲਿਤ ਕਰਨ ਦੀ ਕਲਾ ਸਿੱਖਣ ਲਈ ਤਾਕੀਦ ਕਰਦਾ ਹੈ। ਸਾਪੇਖਤਾ ਦੇ ਸਿਧਾਂਤ ਬਾਰੇ ਡਾ. ਦੇਵਿੰਦਰ ਪਾਲ ਸਿੰਘ ਦੀ ਦਿਲ ਦਹਿਲਾ ਦੇਣ ਵਾਲ਼ੀ ਕਹਾਣੀ, ਸਮੇਂ ਦਾ ਵਿਰੋਧਾਭਾਸ - ਦੂਰੀ, ਉਮਰ, ਪਿਆਰ ਤੇ ਮਨੁੱਖੀ ਸੰਬੰਧਾਂ ਦੇ ਤਾਣੇ-ਬਾਣੇ ਦੇ ਬਦਲਦੇ ਰੂਪ ਪੇਸ਼ ਕਰਦੀ, ਇੱਕ ਪੁਲਾੜ ਯਾਤਰੀ ਅਤੇ ਉਸਦੀ ਪਤਨੀ ਵਿਚਕਾਰ ਸਬੰਧਾਂ ਨੂੰ ਦਰਸਾਉਂਦੀ ਹੈ। ਸਟ੍ਰਿੰਗ ਥਿਊਰੀ ਬਾਰੇ ਡਾ. ਸਤਬੀਰ ਸਿੰਘ ਦੇ ਲੇਖ ਦਾ ਦੂਜਾ ਭਾਗ ਸਾਪੇਖਤਾ ਅਤੇ ਕੁਆਂਟਮ ਮਕੈਨਿਕਸ ਵਿਚਕਾਰ ਸੁਮੇਲਤਾ ਲੱਭਦਾ ਹੋਇਆ ਬ੍ਰਹਿਮੰਡ ਦੇ ਸਭ ਤੋਂ ਗੁੱਝੇ ਭੇਦਾਂ ਨੂੰ ਸਮਝਣ ਦੀ ਖੋਜ ਬਾਰੇ ਜਾਣਕਾਰੀ ਦਿੰਦਾ ਹੈ। ਕਾਮਰਾਨ ਕਾਮੀ ਦੀ ਵਿਗਿਆਨ ਤੇ ਬ੍ਰਹਿਮੰਡੀ ਅਜੂਬਿਆਂ ਦੀਆਂ ਅਲੌਕਿਕ ਤਸਵੀਰਾਂ ਵਾਹੁੰਦੀ, ਸ਼ਾਇਰੀ ਵਰਗੀ ਨਸਰ ਵਿੱਚ ਤੁਸੀਂ ਪੰਜਾਬੀ ਮਾਂ-ਬੋਲੀ ਦੇ ਮਾਖਿਓਂ ਮਿੱਠੇ ਰੂਪ ਦਾ ਅਨੰਦ ਮਾਣ ਸਕਦੇ ਹੋ, ਜੋ ਸਾਨੂੰ ਇਹ ਯਾਦ ਦਿਵਾਉਂਦਾ ਹੈ ਕਿ ਵਿਗਿਆਨਕ ਗੁੰਝਲਤਾ ਦੇ ਬਾਵਜੂਦ ਵੀ, ਸੁੰਦਰਤਾ ਅਤੇ ਭਾਵਨਾਵਾਂ ਜੀਵਨ ਦੀ ਹੋਂਦ ਨੂੰ ਸਮਝਣ ਲਈ ਜ਼ਰੂਰੀ ਹਨ। ਇਸ ਅੰਕ ਤੋਂ ਅਸੀਂ ਗੁਰਚਰਨ ਕੌਰ ਥਿੰਦ ਦੇ ਪੰਜਾਬੀ ਵਿਗਿਆਨ ਗਲਪ ਨਾਵਲ ‘ਚੰਦਰਯਾਨ ਤਿਸ਼ਕਿਨ’ ਨੂੰ ਲੜੀਵਾਰ ਸ਼ੁਰੂ ਕਰਨ ਦੀ ਖੁਸ਼ੀ ਲੈ ਰਹੇ ਹਾਂ, ਜਿਸ ਵਿੱਚ ਤੁਸੀਂ ਕਲੋਨ ਵਿਗਿਆਨੀ ਤਿਸ਼ ਅਤੇ ਕਿਨ ਦੇ ਨਾਲ਼ ਚੰਦਰਮਾ ਦੀ ਯਾਤਰਾ ਕਰ ਸਕਦੇ ਹੋ। ਯਕੀਨਨ ਇਹ ਯਾਤਰਾ ਰੋਮਾਂਚਕ ਅਤੇ ਸਾਡੀਆਂ ਸੋਚਾਂ ਨੂੰ ਟੁੰਬਣ ਵਾਲ਼ੀ ਹੋਵੇਗੀ - ਕਲਪਨਾ ਸ਼ਕਤੀ ਅਤੇ ਭਵਿੱਖ ਦੀਆਂ ਬੇਅੰਤ ਸੰਭਾਵਨਾਵਾਂ ਦਾ ਪ੍ਰਮਾਣ ਪੇਸ਼ ਕਰਦੀ ਹੋਈ। ਮੇਰੇ ਲਿਖੇ ਨਾਵਲ ‘ਸਿਤਾਰਿਆਂ ਤੋਂ ਅੱਗੇ’ ਵਿੱਚ ਤੁਸੀਂ ‘ਕਲਪਨਾ’ ਯਾਨ ਦੇ ਚਾਲਕ ਦਲ ਨਾਲ਼ ਡੂੰਘੇ ਪੁਲਾੜ ਦੀ ਯਾਤਰਾ ਕਰ ਸਕਦੇ ਹੋ, ਬ੍ਰਹਿਮੰਡ ਦੇ ਜਾਣੇ-ਅਣਜਾਣੇ ਖੇਤਰਾਂ ਵਿੱਚ ਘੁੰਮਦੇ - ਤਾਰਿਆਂ ਤੋਂ ਪਾਰ ਦੇ ਜਹਾਨ ਲੱਭਦੇ ਹੋਏ! ਅਸੀਮ ਆਕਾਸ਼ ਬਾਰੇ ਸੁਖਮੰਦਰ ਸਿੰਘ ਤੂਰ ਦਾ ਲੇਖ ਦਿਲਚਸਪ ਜਾਣਕਾਰੀ ਪੇਸ਼ ਕਰਦਾ ਹੈ।

ਹਮੇਸ਼ਾਂ ਵਾਂਗ ਇਸ ਵਾਰ ਵੀ ਬੱਚਿਆਂ ਦੇ ਕੋਨੇ ਵਿੱਚ ਵਿਗਿਆਨ ਦੀਆਂ ਮਨਮੋਹਕ ਕਹਾਣੀਆਂ ਅਤੇ ਕਵਿਤਾਵਾਂ ਸ਼ਾਮਲ ਹਨ। ਡਾ. ਦੇਵਿੰਦਰ ਪਾਲ ਸਿੰਘ ਦੀ ਕਹਾਣੀ ‘ਬੱਚੇ ਤੇ ਰੋਬੋਟ’ ਬੱਚਿਆਂ ਅਤੇ ਤਕਨਾਲੋਜੀ ਵਿਚਕਾਰ ਦਿਲਚਸਪ ਸਬੰਧਾਂ ਦੀ ਪੜਚੋਲ ਕਰਦੀ ਹੈ, ਜਦੋਂ ਕਿ ਪ੍ਰਿੰਸੀਪਲ ਹਰੀ ਕ੍ਰਿਸ਼ਨ ਮੇਅਰ ਦੀ ਕਹਾਣੀ ‘ਭੂੰਡੀ ਭੂੰਡੀ ਫੇਲ ਕਿ ਪਾਸ’ ਬੱਚਿਆਂ ਨੂੰ ਭਰਮ ਦੀ ਸੋਚ ਛੱਡ ਕੇ ਸਵੈ-ਵਿਸ਼ਵਾਸ਼ ਪੈਦਾ ਕਰਨ ਲਈ ਪ੍ਰੇਰਿਤ ਕਰਦੀ ਹੈ। ਵਿਕਾਸ ਵਰਮਾ ਅਤੇ ਸੁਰਿੰਦਰਪਾਲ ਸਿੰਘ ਦੀਆਂ ਕਵਿਤਾਵਾਂ ਬਾਲ ਮਨਾਂ ਨੂੰ ਖੋਜ ਕਰਨ ਅਤੇ ਵਾਤਾਵਰਣ ਦੀ ਸਾਂਭ-ਸੰਭਾਲ ਲਈ ਹੱਲਾ-ਸ਼ੇਰੀ ਦਿੰਦੀਆਂ ਹਨ।

‘ਉਡਾਣ’ ਦਾ ਇਹ ਅੰਕ ਵੀ ਵਿਗਿਆਨ ਗਲਪ ਦੇ ਬਹੁਪੱਖੀ ਅੰਦਾਜ਼ ਦਾ ਪ੍ਰਮਾਣ ਦਿੰਦਾ ਹੈ, ਸਾਨੂੰ ਪੂਰੀ ਉਮੀਦ ਹੈ ਕਿ ਤੁਸੀਂ ਪਹਿਲਾਂ ਵਾਂਗ ਇਸ ਅੰਕ ਦੀਆਂ ਰਚਨਾਵਾਂ ਵੀ ਪਸੰਦ ਕਰੋਗੇ। ਹਮੇਸ਼ਾਂ ਦੀ ਤਰ੍ਹਾਂ ਆਪਜੀ ਦੇ ਸੁਝਾਵਾਂ ਤੇ ਪ੍ਰਤੀਕਿਰਿਆ ਦੀ ਉਡੀਕ ਵਿੱਚ ...

~ ਅਮਨਦੀਪ ਸਿੰਘ (**punjabiscifi@gmail.com**)

**“ਉਡਾਣ” ਮੈਗਜ਼ੀਨ ਵਿੱਚ ਲੇਖਕਾਂ ਵਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਆਪਣੇ ਹਨ। ਅਦਾਰਾ ਉਡਾਣ ਦੀ ਸੰਪਾਦਕੀ ਟੀਮ ਦਾ ਉਹਨਾਂ ਨਾਲ਼ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। - ਸੰਪਾਦਕ**



# ਨਵੇਂ ਅਵਤਾਰ

ਅਜਮੇਰ ਸਿੱਧੂ

'ਸ਼ਿਵਾਲਕ ਟਾਈਮਜ਼ ਨਿਊਜ਼ ਗਰੁੱਪ ਦੀਆਂ ਅਖ਼ਬਾਰਾਂ ਹੋਈਆਂ ਏ ਆਈ ਰੋਬੋਟਾਂ ਦੇ ਹਵਾਲੇ।'

'ਏ ਆਈ ਰੋਬੋਟਾਂ ਦੇ ਵਿਰੋਧ ਵਿਚ ਚੀਫ ਐਡੀਟਰ ਵਰਿੰਦਰ ਭਾਟੀਆ ਵਲੋਂ ਅਸਤੀਫ਼ਾ।'

ਅੱਜ ਮੀਡੀਏ ਵਿਚ ਇਹ ਦੋ ਖਬਰਾਂ ਮੁੱਖ ਸੁਰਖੀ ਬਣੀਆਂ ਹੋਈਆਂ ਹਨ। ਸਾਰੇ ਹੀ ਪ੍ਰਿੰਟ, ਇਲੈਕਟ੍ਰੌਨਿਕ ਤੇ ਸੋਸ਼ਲ ਮੀਡੀਏ ਉੱਤੇ ਇਨ੍ਹਾਂ ਦੀ ਹੀ ਚਰਚਾ ਹੋ ਰਹੀ ਹੈ। ਮੈਂ 'ਇੰਡੀਅਨ ਐਕਸਪੈੱਸ' ਅਤੇ 'ਦੀ ਟ੍ਰਿਬਿਊਨ' 'ਤੇ ਨਿਗ੍ਹਾ ਮਾਰਦਾ ਹਾਂ।

'ਸ਼ਿਵਾਲਕ ਟਾਈਮਜ਼ ਨਿਊਜ਼ ਗਰੁੱਪ ਦੀਆਂ ਅਖ਼ਬਾਰਾਂ ਹੋਈਆਂ ਡਿਜੀਟਲ। ਪ੍ਰਬੰਧਕਾਂ ਨੇ ਅਖ਼ਬਾਰਾਂ ਦੇ ਸਮੁੱਚੇ ਸਿਸਟਮ ਨੂੰ ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਐਡਵਾਂਸ ਕੰਪਿਊਟਰ ਪ੍ਰੋਗਰਾਮ ਨਾਲ ਜੋੜਿਆ। ਇਹ ਏ ਆਈ ਇਕ ਅਜਿਹੀ ਟੈਕਨਾਲੋਜੀ ਹੈ ਜੋ ਕੰਪਿਊਟਰ ਨੂੰ ਵਧੇਰੇ ਮਨੁੱਖੀ ਤਰੀਕੇ ਨਾਲ ਸੋਚਣ ਜਾਂ ਕੰਮ ਕਰਨ ਦੇ ਯੋਗ ਬਣਾਉਂਦੀ ਹੈ। ਇਹ ਪ੍ਰੋਗਰਾਮ ਮਨੁੱਖ ਦੀ ਤਰ੍ਹਾਂ ਕੰਮ ਕਰ ਸਕਣ ਵਾਲਾ, ਸੋਚਣ ਵਾਲਾ ਤੇ ਸਮਝਣ ਵਾਲਾ ਸਿਸਟਮ ਹੈ ਜੋ ਕੋਡਿੰਗ ਪ੍ਰੋਗਰਾਮ ਰਾਹੀਂ ਡਿਜ਼ਾਇਨ ਕੀਤਾ ਗਿਆ ਹੁੰਦਾ ਹੈ।'

'ਹੁਣ ਇਸ ਅਦਾਰੇ ਵਿਚ ਮਨੁੱਖੀ ਸਿਰ ਟਾਵੇਂ-ਟਾਵੇਂ ਹੀ ਦਿਖਾਈ ਦੇਣਗੇ। ਸਾਰਾ ਕੰਮ ਕਾਜ ਸੰਭਾਲਣਗੇ ਏ ਆਈ ਰੋਬੋਟ।

ਇਥੇ ਉਹ ਰੋਬੋਟ ਸਥਾਪਤ ਕੀਤੇ ਗਏ ਹਨ, ਜਿਨ੍ਹਾਂ ਦੀ ਵਿਗਿਆਨੀਆਂ ਨੇ ਕ੍ਰੀਏਸ਼ਨ ਇਸ ਤਰ੍ਹਾਂ ਕੀਤੀ ਹੈ ਕਿ ਉਹ ਮਨੁੱਖਾਂ ਵਾਂਗ ਫੈਸਲੇ ਕਰ ਸਕਣ। ਇਨ੍ਹਾਂ ਵਿਚ 'ਮਸ਼ੀਨ ਲਰਨਿੰਗ' ਪ੍ਰੋਗਰਾਮ ਵਿਕਸਤ ਕੀਤਾ ਗਿਆ ਹੈ। ਜਿਸ ਵਿਚ ਰੋਬੋਟ ਸਿਰਫ ਨਕਲ ਹੀ ਨਾ ਮਾਰਨ ਸਗੋਂ ਆਪਣੇ ਆਪ ਸਿੱਖ ਕੇ ਮਾਨਵ ਸੰਪਾਦਕਾਂ ਵਾਂਗ ਕੰਮ ਕਰਨਗੇ।'

'ਇਨ੍ਹਾਂ ਮਸ਼ੀਨਾਂ ਅਤੇ ਰੋਬੋਟਾਂ ਵਿਚ ਵਿਸ਼ੇਸ਼ ਸੈਂਸਰ ਲੱਗੇ ਹੋਏ ਹਨ ਜੋ ਉਨ੍ਹਾਂ ਨੂੰ ਮਨੁੱਖਾਂ ਵਾਂਗ ਚੀਜ਼ਾਂ ਨੂੰ ਦੇਖਣ, ਸੁਣਨ, ਮਹਿਸੂਸ ਕਰਨ, ਸੁਆਦ ਲੈਣ, ਮਦਦ ਕਰਨ ਅਤੇ ਆਪਣੇ ਸਿੱਖੇ ਅਨੁਸਾਰ ਆਪਣੇ ਆਪ ਨੂੰ ਐਡਜਸਟ ਕਰ ਸਕਣ। ਇਹ ਨਵੀਂ ਤੇ ਉੱਚ ਵਿਕਸਤ ਤਕਨਾਲੋਜੀ ਨਾਲ ਰੋਬੋਟਾਂ ਦੀ ਸਿਰਜਣਾ ਕੀਤੀ ਗਈ ਹੈ। ਜਿਹੜੇ ਸਥਿਤੀਆਂ ਨੂੰ ਝੱਟ ਸਮਝ ਕੇ ਫੈਸਲੇ ਲੈ ਲੈਂਦੇ ਹਨ। ਏ ਆਈ ਚੈਟ ਜੀ ਪੀ ਟੀ ਆਪਣੀ ਬੁੱਧੀਮਾਨੀ ਰਾਹੀਂ ਸੰਪਾਦਕੀ ਪੰਨੇ ਮਿੰਟਾਂ ਵਿਚ ਹੀ ਲਿਖ ਕੇ ਭਰ ਦਿੰਦੀ ਹੈ। ਕਸਬਿਆਂ ਅਤੇ ਸ਼ਹਿਰਾਂ ਤੋਂ ਪੱਤਰ ਪ੍ਰੇਰਕਾਂ ਦੀਆਂ ਆਈਆਂ ਖਬਰਾਂ ਨੂੰ ਐਡਿਟ ਕਰ ਦਿੰਦੀ ਹੈ। ਉਨ੍ਹਾਂ ਨੂੰ ਮਸਾਲਾ ਲਾ ਕੇ ਰੌਚਕ ਬਣਾ ਦਿੰਦੀ ਹੈ।'

ਮੈਂ ਵੱਖ-ਵੱਖ ਚੈਨਲ ਲਾ ਕੇ ਦੇਖਣ ਲੱਗ ਪਿਆ ਹਾਂ। ਇਨ੍ਹਾਂ 'ਤੇ ਵੀ ਇਹੀ ਖਬਰ ਪ੍ਰਸਾਰਿਤ ਹੋ ਰਹੀ ਹੈ।

'ਜਦੋਂ ਕੋਈ ਮਾਨਵ ਟਾਈਪਿਸਟ ਖ਼ਬਰਾਂ ਜਾਂ ਲੇਖ ਟਾਈਪ ਕਰੇਗਾ। ਇਹ ਨਾਲੋ - ਨਾਲ ਗਲਤੀਆਂ ਨੂੰ ਅੰਡਰ ਲਾਈਨ ਕਰ ਦੇਵੇਗਾ। ਇਹਦੇ ਵਿਚ ਆਟੋਮੇਸ਼ਨ ਸਿਸਟਮ ਹੁੰਦਾ ਹੈ। ਇਹ ਠੀਕ ਸ਼ਬਦਾਂ ਦੀ ਚੋਣ ਕਰ ਲਵੇਗਾ। ਜੇ ਕੰਪਿਊਟਰ ਕੋਲ ਸ਼ਬਦ ਨਹੀਂ ਹਨ, ਇਹ ਟਾਈਪਿਸਟ ਤੋਂ ਨਵੇਂ ਸ਼ਬਦ ਲੈ ਕੇ ਆਪਣੀ ਮੈਮਰੀ ਵਿਚ ਐਡ ਕਰ ਲਏਗਾ। ਇਹ ਗਰਾਮਰ ਦੇ ਫੀਡ ਰੂਲਜ਼ ਮੁਤਾਬਿਕ ਸ਼ਬਦ ਚੈੱਕ ਕਰੇਗਾ। ਇਕ ਵਾਰ ਕਮਾਂਡ ਦੇਣ 'ਤੇ ਸਾਰੀਆਂ ਗਲਤੀਆਂ ਲੱਗ ਜਾਣਗੀਆਂ। ਫਾਈਨਲ ਚੈੱਕ ਟਾਈਪਿਸਟ ਨੂੰ ਕਰਨਾ ਪਵੇਗਾ।'

'ਇਥੇ ਹਾਈ ਪਾਵਰ ਦੇ ਕੰਪਿਊਟਰ ਸਥਾਪਤ ਕੀਤੇ ਗਏ ਹਨ। ਇਨ੍ਹਾਂ ਸ਼ਕਤੀਸ਼ਾਲੀ ਕੰਪਿਊਟਰਾਂ ਦੇ ਆਉਣ ਨਾਲ ਪ੍ਰਿੰਟ ਮੀਡੀਏ ਵਿਚ ਇਕ ਤਰ੍ਹਾਂ ਦਾ ਇਨਕਲਾਬ ਆ ਜਾਵੇਗਾ। ਇਸ ਨਾਲ ਪੁਰਾਣਾ ਅਖ਼ਬਾਰੀ ਢਾਂਚਾ ਢਹਿ ਢੇਰੀ ਹੋ ਜਾਵੇਗਾ। ਨਵੀਂ ਤਕਨਾਲੋਜੀ ਨਾਲ ਲੈਸ ਰੋਬੋਟ ਨਵੀਆਂ ਪੈੜਾਂ ਪਾਉਣਗੇ। ਵਿਗਿਆਨੀਆਂ ਨੇ ਇਹ 'ਨਵੇਂ ਅਵਤਾਰ' ਕ੍ਰੀਏਟ ਕਰਕੇ ਬਾਜ਼ਾਰ ਵਿਚ ਉਤਾਰੇ ਹਨ। ਇਨ੍ਹਾਂ ਨੇ ਹੈਰਾਨੀਜਨਕ 'ਚਮਤਕਾਰ'ਕਰਕੇ ਵਿਖਾ ਦੇਣੇ ਹਨ। ਭਵਿੱਖ ਵਿਚ ਲੋਕ ਇਨ੍ਹਾਂ 'ਅਵਤਾਰਾਂ' ਦੀ ਹੀ ਪੂਜਾ ਕਰਿਆ ਕਰਨਗੇ।' ਮੈਨੂੰ ਬੀਟਾ ਚੈਨਲ ਦੀ ਇਹ ਖਬਰ ਠੀਕ ਲੱਗ ਰਹੀ ਹੈ। ਭਵਿੱਖ ਵਿਚ ਲੋਕ ਵਿਗਿਆਨਕ ਯੰਤਰਾਂ ਨੂੰ ਹੀ ਪੂਜਣਗੇ।

'ਏ ਆਈ ਫੋਟੋਸ਼ਾਪ ਵਿਚ ਵੀ ਕਮਾਲ ਦਿਖਾਏਗਾ। ਇਹ ਨਵੀਆਂ ਨਵੀਆਂ ਫੋਟੋਆਂ ਬਣਾਉਣ, ਸ਼ਿੰਗਾਰਨ, ਲਾਉਣ, ਡਿਜ਼ਾਇਨ ਅਤੇ ਆਊਟਲੁੱਕ ਕਰਨ ਵਿਚ ਮਾਹਿਰ ਹੋਏਗਾ। ਬੁੱਢਿਆਂ ਨੂੰ ਜਵਾਨ ਕਰ ਦਏਗਾ, ਜਵਾਨਾਂ ਤੇ ਮੁਟਿਆਰਾਂ ਨੂੰ ਬੁਢਾਪੇ ਦੇ ਦਰਸ਼ਨ ਵੀ ਕਰਾ ਦਏਗਾ। ਕਿਸੇ ਬਹੁਤ ਹੀ ਸੁੰਦਰ ਤੇ ਜਵਾਨ ਫਿਲਮੀ ਹੀਰੋ-ਹੀਰੋਇਨ ਦੇ ਅਕਸ ਵਿਚੋਂ ਤੁਹਾਡਾ ਬਿੰਬ ਉਭਾਰ ਦਏਗਾ। ਕਿਸੇ ਧਰਨੇ ਮੁਜ਼ਾਹਰੇ ਵਿਚ ਤੁਹਾਡੀ ਫੋਟੋ ਰੋਂਦਿਆਂ ਦੀ ਜਾਂ ਗੁੱਸੇ ਵਾਲੀ ਹੋਏਗੀ, ਇਹ ਤੁਹਾਨੂੰ ਲਾਫ਼ ਬੁਆਏ ਜਾਂ ਗਰਲ ਵਿਚ ਬਦਲ ਦਏਗਾ।' ਮੈਨੂੰ ਭਲਵਾਨ ਕੁੜੀਆਂ ਦਾ ਰੋਸ ਪ੍ਰਦਰਸ਼ਨ ਚੇਤੇ ਆਇਆ ਹੈ, ਉਹ ਰੋ ਰਹੀਆਂ ਸਨ, ਗੁੱਸੇ ਵੀ ਸਨ ਪਰ ਅਖ਼ਬਾਰਾਂ ਵਿਚ ਉਨ੍ਹਾਂ ਦੀ ਹੱਸਦਿਆਂ ਦੀ ਫੋਟੋ ਲੱਗੀ ਸੀ।

'ਮੈਨੂਅਲ ਲੇਬਰ ਘਟ ਜਾਵੇਗੀ। ਜਿਹੜਾ ਸੰਪਾਦਕੀ ਅਮਲਾ ਅਤੇ ਕਾਮੇ ਨਵੀਂ ਤਕਨੀਕ ਸਿੱਖ ਜਾਣਗੇ। ਉਹ ਅਖ਼ਬਾਰਾਂ ਵਿਚ ਟਿਕੇ ਰਹਿਣਗੇ। ਵਰਨਾ ਜਿਹੜੇ ਸਮੇਂ ਦੇ ਹਾਣੀ ਨਾ ਹੋ ਸਕੇ, ਉਨ੍ਹਾਂ ਨੂੰ ਅਖ਼ਬਾਰੀ ਸਿਸਟਮ ਤੋਂ ਬਾਹਰ ਕਰ ਦਿੱਤਾ ਜਾਵੇਗਾ।'

......ਮੈਨੂੰ ਲੱਗਦੈ ਹਰ ਅਖ਼ਬਾਰ, ਹਰ ਦਫਤਰ, ਹਰ ਘਰ ਤੇ ਹਰ ਚੈਨਲ ਉੱਤੇ ਇਸ ਵਿਸ਼ੇ 'ਤੇ ਹੀ ਚਰਚਾ ਹੋ ਰਹੀ ਹੈ। ਕੋਈ ਇਸ ਨੂੰ ਵਡਿਆ ਰਿਹਾ ਹੈ। ਕੋਈ ਨਿੰਦ ਰਿਹਾ ਹੈ। ਨਿੰਦਣ ਦੀ ਸ਼ੁਰੂਆਤ ਤਾਂ ਸਾਡੇ ਚੀਫ ਐਡੀਟਰ ਵਲੋਂ ਹੋਈ ਹੈ। ਉਨ੍ਹਾਂ ਬੜੇ ਅਦਬ ਨਾਲ ਸੇਠ ਜੀ ਦਾ ਸਵਾਗਤ ਕੀਤਾ ਸੀ। ਸੇਠ ਜੀ ਨੇ ਵੀ ਤਿੰਨਾਂ ਅਖ਼ਬਾਰਾਂ ਦੀ ਕਮਾਂਡ ਉਨ੍ਹਾਂ ਦੇ ਹੱਥ ਦਿੱਤੀ ਹੋਈ ਹੈ। ਸਾਡੇ ਲਈ ਤਾਂ ਸੇਠ ਜੀ...।

ਮੈਂ ਗੱਲ ਕਰ ਰਿਹਾ 'ਸ਼ਿਵਾਲਕ ਟਾਈਮਜ਼ ਨਿਊਜ਼ ਹਾਊਸ' ਦੇ ਮਾਲਕ ਸੇਠ ਮੁਕੇਸ਼ ਅਗਰਵਾਲ ਦੀ। ਇਹ ਗਰੁੱਪ ਪੰਜਾਬੀ, ਹਿੰਦੀ, ਅੰਗਰੇਜ਼ੀ ਤੇ ਦੇਸ਼ ਦੀਆਂ ਹੋਰ ਭਾਸ਼ਾਵਾਂ ਵਿਚ ਅਖ਼ਬਾਰਾਂ ਛਾਪਦਾ ਹੈ। ਸੇਠ ਜੀ ਜ਼ਿਆਦਾਤਰ ਦਿੱਲੀ ਤੋਂ ਹੀ ਆਪਣੇ ਕਾਰੋਬਾਰ ਦੀ ਨਿਗਰਾਨੀ ਕਰਦੇ ਹਨ। ਪੰਜਾਬ ਵਿਚ ਤਾਂ ਕਦੇ ਕਦਾਈਂ ਗੇੜਾ ਮਾਰਦੇ ਹਨ। ਉਂਝ ਫੋਨ ਦੀ ਘੰਟੀ ਪਤਾ ਨਹੀਂ ਕਿਹੜੇ ਵੇਲੇ ਖੜਕਾ ਦੇਣ, ਕੋਈ ਪਤਾ ਨਹੀਂ। ਜਨਰਲ ਮੈਨੇਜਰ ਵਿਜੈ ਸ਼ੇਖ਼ਰ ਮਿਸ਼ਰਾ ਤੋਂ ਪਲ-ਪਲ ਦੀ ਰਿਪੋਰਟ ਲਈ ਜਾਣਗੇ। ਮੈਂ ਪੰਜਾਬੀ ਅਖ਼ਬਾਰ ਦਾ ਸੰਪਾਦਕ ਹਾਂ। ਮੈਨੂੰ ਫੋਨ ਆਏਗਾ- ''ਸ. ਨਰਦੇਵ ਸਿੰਘ ਸੂਰੀ ਜੀ, ਕੱਲ੍ਹ ਤੱਕ ਮੈਨੂੰ ਪੰਜ ਸਟੈਪ ਦਿਓ। ਜਿਸ ਨਾਲ ਤੁਹਾਡੀ ਅਖ਼ਬਾਰ ਦੀ ਸਰਕੂਲੇਸ਼ਨ ਵਧ ਜਾਵੇ।''

''ਤੁਸੀਂ ਹਿੰਦੀ ਭਾਸ਼ਾ ਦੇ ਟੌਪ ਦੇ ਲੇਖਕ, ਜਰਨਲਿਸਟ ਅਤੇ ਪੱਤਰਕਾਰਾਂ ਨੂੰ ਅਖ਼ਬਾਰ ਨਾਲ ਜੋੜ ਕੇ ਮੈਨੂੰ ਲਿਸਟ ਦਿਓ।'' ਹਿੰਦੀ ਅਖ਼ਬਾਰ ਦੇ ਸੰਪਾਦਕ ਵਿਵੇਕ ਜੋਸ਼ੀ ਅੱਗੇ ਉਨ੍ਹਾਂ ਦੀ ਮੰਗ ਹੁੰਦੀ ਹੈ।

''ਵਰਿੰਦਰ ਭਾਟੀਆ ਜੀ, ਲੰਬਾ ਸਮਾਂ ਹੋ ਗਿਆ ਤੁਸੀਂ ਕੋਈ ਚਰਚਿਤ ਸਟੋਰੀ ਨ੍ਹੀਂ ਛਾਪੀ। ਜਿਹਦੇ ਨਾਲ ਸਰਕਾਰ ਹਿੱਲ ਜਾਵੇ ਤੇ ਸਾਡੀ ਝੋਲੀ ਵੱਡੇ-ਵੱਡੇ ਇਸ਼ਤਿਹਾਰ ਪੈਣ। ਬਾਕੀ ਤੁਹਾਡੀ ਕੂਪਨ ਸਕੀਮ ਬੰਦ ਹੁੰਦਿਆਂ ਹੀ ਪਾਠਕ ਵੀ ਘਟ ਗਏ।'' ਉਹ ਅੰਗਰੇਜ਼ੀ ਅਖ਼ਬਾਰ ਦੇ ਸੰਪਾਦਕ ਵਰਿੰਦਰ ਭਾਟੀਆ ਸਰ ਨੂੰ ਸਵਾਲ ਕਰੇਗਾ।

ਖਰਚਾ ਘੱਟ ਆਵੇ, ਮੁਨਾਫ਼ਾ ਵੱਧ ਹੋਵੇ। ਇਹ ਸਾਡੇ ਮਾਲਕਾਂ ਦੀ ਚਿੰਤਾ ਹੈ। ਆਨਲਾਈਨ ਐਡੀਸ਼ਨਜ਼, ਨੋਟਬੰਦੀ ਅਤੇ ਕੋਵਿਡ-19 ਤੋਂ ਬਾਅਦ ਲਗਾਤਾਰ ਅਖ਼ਬਾਰਾਂ ਦੀ ਗਿਣਤੀ ਘਟੀ ਹੈ ਤੇ ਘਾਟੇ ਵਿਚ ਜਾ ਰਹੀਆਂ ਹਨ। ਦੂਜੀਆਂ ਅਖ਼ਬਾਰਾਂ ਵਾਲਿਆਂ ਦੇ ਕਈ-ਕਈ ਯੂਨਿਟ ਬੰਦ ਹੋ ਗਏ ਹਨ। ਸਾਡੇ ਵਾਲੇ ਸੇਠ ਜੀ ਬਚਾਉਣ 'ਤੇ ਲੱਗੇ ਹੋਏ ਹਨ। ਉਹ ਯਤਨ ਵਿਚ ਹਨ, ਅਖ਼ਬਾਰਾਂ ਨੂੰ ਕਿਵੇਂ ਤਰੱਕੀ ਦੇ ਰਾਹ ਤੋਰਨਾ ਹੈ? ਸਰਕਾਰਾਂ, ਉਦਯੋਗਪਤੀਆਂ, ਸਿਆਸਤਦਾਨਾਂ, ਜੋਤਸ਼ੀਆਂ ਅਤੇ ਸਾਧਾਂ-ਸੰਤਾਂ ਤੋਂ ਇਸ਼ਤਿਹਾਰ ਕਿਵੇਂ ਲੈਣੇ ਹਨ? ਇਹ ਸਾਰੇ ਗੁਰ ਉਨ੍ਹਾਂ ਕੋਲ ਹਨ। ਹੁਣ ਸੇਠ ਜੀ ਨੇ ਵੱਡਾ ਧਮਾਕਾ ਕੀਤਾ ਹੈ। ਸਾਡੇ ਦਫਤਰ ਰੋਬੋਟਾਂ ਦਾ ਰਾਜ ਆਉਣ ਵਾਲਾ ਹੈ। ਉਹ ਹੀ ਅਖ਼ਬਾਰ ਛਾਪਣ, ਛਪਵਾਉਣ ਅਤੇ ਵੰਡਾਈ ਦਾ ਕੰਮ ਸੰਭਾਲਣਗੇ। ...ਦਫਤਰ ਵਿਚ ਲਿਸ਼ਕੋਰੇ ਮਾਰ ਰਹੀਆਂ ਮਸ਼ੀਨਾਂ ਅਤੇ ਸ਼ਕਤੀਸ਼ਾਲੀ ਆਧੁਨਿਕ ਕੰਪਿਊਟਰ ਫਟਾਫਟ ਕੰਮ ਨਿਬੇੜ ਰਹੇ ਹਨ। ਰੋਬੋਟਾਂ ਦੇ ਵੱਖ-ਵੱਖ ਮਾਡਲ ਆਪਣੀ ਡਿਊਟੀ 'ਤੇ ਡਟੇ ਹੋਏ ਹਨ। ਪਹਿਲਾਂ ਸਾਨੂੰ ਲੱਗਦਾ ਸੀ, ਕੋਈ ਵੱਡੀ ਤਬਦੀਲੀ ਨਹੀਂ ਹੋਏਗੀ। ਕੰਪਿਊਟਰਾਂ ਦੇ ਵਿਚ ਆਰਟੀਫੀਸ਼ੀਅਲ ਇੰਟੈਲੀਜੈਂਸ ਨਾਂਅ ਦਾ ਨਵਾਂ ਸੋਫਟਵੇਅਰ ਪਾ ਦਿੱਤਾ ਜਾਏਗਾ। ਅੱਗੇ ਵੀ ਨਵਾਂ ਵਰਜਨ ਆਉਣ 'ਤੇ ਕੰਪਿਊਟਰਾਂ ਨੂੰ ਅਪਡੇਟ ਕਰਦੇ ਹੀ ਹਾਂ। ਏ ਆਈ ਦੀ ਚਿੱਪ ਪਾਉਣ ਨਾਲ ਕੁਝ ਪ੍ਰੋਗਰਾਮਾਂ ਵਿਚ ਤਬਦੀਲੀ ਹੋ ਜਾਵੇਗੀ। ਮੈਂ ਸੋਚਿਆ, ਨਵੀਂ ਤਕਨੀਕ ਦਾ ਸਵਾਗਤ ਕਰਨਾ ਚਾਹੀਦਾ ਹੈ। ਇਹਦੇ ਫਾਇਦੇ ਸਾਡੇ ਸਟਾਫ ਨੂੰ ਹੀ ਹੋਣੇ ਹਨ। ਅਸੀਂ ਸੌਖੇ ਹੋਵਾਂਗੇ। ਅੱਗੇ ਅੱਠ ਘੰਟੇ ਡਿਊਟੀ ਕਰਦੇ ਹਾਂ। ਹੁਣ ਚਾਰ ਘੰਟੇ ਬਾਅਦ ਵਿਹਲੇ ਹੋ ਜਾਇਆ ਕਰਾਂਗੇ। ਆਖ਼ਿਰ ਵਿਗਿਆਨੀ ਆਮ ਆਦਮੀ ਦਾ ਜੀਵਨ ਸੁਖਾਲਾ ਕਰਨ ਲਈ ਹੀ ਖੋਜਾਂ ਕਰਦੇ ਹਨ। ਅਸੀਂ ਤਾਂ ਉਦਘਾਟਨ ਵੇਲੇ ਬਰਾਤੀਆਂ ਵਾਂਗ ਘੁੰਮ ਰਹੇ ਸਾਂ।...ਅਖ਼ਬਾਰ ਦੇ ਦਫਤਰ ਦੇ ਲਾਗੇ ਰਿਜ਼ੋਰਟ ਵਿਚ ਵੱਡਾ ਸਮਾਗਮ ਕੀਤਾ ਗਿਆ। ਦੇਸ਼ ਭਰ 'ਚੋਂ ਬਿਜ਼ਨੈੱਸ ਹਾਊਸਜ਼ ਦੀਆਂ ਵੱਡੀਆਂ ਹਸਤੀਆਂ ਪੁੱਜੀਆਂ ਹੋਈਆਂ ਸਨ। ਉਨ੍ਹਾਂ ਆਉਣਾ ਹੀ ਸੀ। ਸਾਡਾ ਅਦਾਰਾ ਵੀ ਬਿਜ਼ਨੈੱਸ ਹਾਊਸਜ਼ ਵਾਲਿਆਂ ਦਾ ਹੀ ਹੈ। ਇਹ ਧਨਾਢ ਲੋਕ ਸਾਡੀ ਅਖ਼ਬਾਰ ਨੂੰ ਨਵੀਂ ਤਕਨੀਕ ਨਾਲ ਜੋੜਨ ਲਈ ਆਏ ਸਨ। ਕਮਾਲ ਇਹ ਹੋਈ, ਸਮਾਗਮ ਸ਼ੁਰੂ ਹੋਣ 'ਤੇ ਸਵਾਗਤੀ ਸ਼ਬਦ ਵੀ ਇਕ ਰੋਬੋਟ ਬੋਲ ਰਿਹਾ ਸੀ।

''ਅੱਜ ਸ਼ਿਵਾਲਿਕ ਟਾਈਮਜ਼ ਨਿਊਜ਼ ਗਰੁੱਪ ਨਵੇਂ ਰਾਹਾਂ ਦਾ ਪਾਂਧੀ ਹੋ ਗਿਆ ਹੈ। ਹੁਣ ਇਸ ਨੇ ਕੰਪਿਊਟਰਾਂ ਅਤੇ ਰੋਬੋਟਾਂ ਦੇ ਬਲਬੂਤੇ ਪਾਠਕਾਂ ਅੱਗੇ ਅਖ਼ਬਾਰਾਂ ਮੁਹੱਈਆ ਕਰਨੀਆਂ ਹਨ। ਇਸ ਦੇ ਸੂਝਵਾਨ ਅਤੇ ਦੂਰ ਅੰਦੇਸ਼ੀ ਵਾਲੇ ਮਾਲਕਾਂ ਨੇ ਸਹੀ ਸਮੇਂ 'ਤੇ ਦਰੁਸਤ ਫੈਸਲਾ ਲਿਆ ਹੈ। ਜਲਦ ਹੀ ਅਖ਼ਬਾਰਾਂ ਦੀ ਦੁਨੀਆਂ ਵਿਚ ਇਸ ਗਰੁੱਪ ਦਾ ਨਾਂਅ ਸਭ ਤੋਂ ਉਪਰ ਚਮਕੇਗਾ। ਹੋਰ ਨਿਊਜ਼ ਗਰੁੱਪ ਵੀ ਸਾਡੇ ਅਦਾਰੇ ਤੋਂ ਪ੍ਰਭਾਵਿਤ ਹੋ ਕੇ ਰੋਬੋਟ ਯੁੱਗ ਵਿਚ ਪ੍ਰਵੇਸ਼ ਕਰਨਗੇ। ਤੁਸੀਂ ਜੋ ਵੀ ਵਿਗਿਆਨ ਦੀ ਇਸ ਅਦੁੱਤੀ ਦੇਣ ਵਾਲੇ ਸਮਾਗਮ ਵਿਚ ਆਏ ਹੋ, ਮੈਂ ਅਦਾਰੇ ਵਲੋਂ ਤੁਹਾਡਾ ਸਵਾਗਤ ਕਰਦਾ ਹਾਂ। ਉਮੀਦ ਕਰਦਾ ਹਾਂ, ਇਸ਼ਤਿਹਾਰਾਂ, ਤਾਜ਼ੀਆਂ ਤੇ ਖੋਜ ਭਰਪੂਰ ਖਬਰਾਂ ਲਈ ਸਾਡੀਆਂ ਅਖ਼ਬਾਰਾਂ ਨਾਲ ਜੁੜੇ ਰਹੋਗੇ।''

ਰੋਬੋਟ ਬੜੇ ਠਰੰਮੇ ਅਤੇ ਇਕ ਅੱਛੇ ਵਕਤਾ ਵਜੋਂ ਬੋਲ ਰਿਹਾ ਸੀ। ਸੱਚ ਦੱਸਾਂ, ਮੈਂ ਤਾਂ ਟਹਿਲ ਰਹੇ, ਡਿਊਟੀ ਕਰ ਰਹੇ ਅਤੇ ਬੋਲ ਰਹੇ ਰੋਬੋਟ ਪਹਿਲੀ ਵਾਰ ਦੇਖੇ ਸਨ। ਮੈਂ ਹੈਰਾਨ ਵੀ ਸੀ ਤੇ ਖੁਸ਼ ਵੀ। ਮੇਰੇ ਕੋਲ ਖੜ੍ਹੇ ਚੀਫ ਐਡੀਟਰ ਭਾਟੀਆ ਸਰ ਪ੍ਰੇਸ਼ਾਨ ਸਨ। ਪਰ ਜਿੰਨੇ ਵੀ ਸੇਠ ਜੀ ਨਾਲ ਮਹਿਮਾਨ ਆਏ ਹੋਏ ਸਨ। ਉਨ੍ਹਾਂ ਦੇ ਚਿਹਰੇ ਮੁਸਕਰਾਹਟਾਂ ਬਿਖੇਰ ਰਹੇ ਸਨ। ਉਨ੍ਹਾਂ ਦਾ ਭਾਸ਼ਨ ਤਰੱਕੀ ਪਸੰਦਗੀ ਵਾਲਾ ਸੀ। ਸੇਠ ਜੀ ਨੇ ਜੋ ਭਾਸ਼ਨ ਕਰਨਾ ਸੀ, ਉਨ੍ਹਾਂ ਮੌਕੇ 'ਤੇ ਹੀ ਏ ਆਈ ਚੈਟ ਜੀ ਪੀ ਟੀ ਨੂੰ ਸੰਦੇਸ਼ ਦਿੱਤਾ। ਏ ਆਈ ਚੈਟ ਪੌਟ ਨੇ ਮਿੰਟਾਂ ਵਿਚ ਹੀ ਸਕਰੀਨ 'ਤੇ ਸਤਰਾਂ ਉਕਰ ਦਿੱਤੀਆਂ।

''ਅੱਜ ਸਾਡਾ ਨਿਊਜ਼ ਗਰੁੱਪ ਆਰਟੀਫੀਸ਼ੀਅਲ ਇੰਟੈਲੀਜੈਂਸ ਪ੍ਰੋਗਰਾਮ ਨਾਲ ਜੁੜ ਗਿਆ ਹੈ। ਮਸ਼ੀਨੀ-ਬੁੱਧੀਮਾਨਤਾ ਕੰਪਿਊਟਰ ਵਰਗੀਆਂ ਮਸ਼ੀਨਾਂ ਨੂੰ ਮਨੁੱਖ ਵਾਂਗ ਬੁੱਧੀਮਾਨ ਬਣਾਉਣ ਦਾ ਇਕ ਵਿਗਿਆਨਕ ਪ੍ਰੋਗਰਾਮ ਹੈ। ਇਹ ਸੂਝਵਾਨ ਮਨੁੱਖੀ ਦਿਮਾਗ ਦੇ ਜਾਦੂਈ ਗੁਣ ਦੀ ਬਰਾਬਰੀ ਕਰਦੀ ਹੈ। ਇਹ ਕੰਪਿਊਟਰਾਂ ਅਤੇ ਰੋਬੋਟਾਂ ਨੂੰ ਮਨੁੱਖ ਵਾਂਗ ਸੋਚਣ, ਸਿੱਖਣ ਅਤੇ ਫੈਸਲੇ ਲੈਣ ਲਈ ਯੋਗਤਾ ਬਖ਼ਸ਼ਦੀ ਹੈ। ਏ ਆਈ ਗਿਆਨ ਅਤੇ ਅੰਕੜਿਆਂ ਦੀ ਜਾਣਕਾਰੀ ਰਾਹੀਂ ਮਸ਼ੀਨਾਂ ਨੂੰ ਸਿਖਲਾਈ ਅਤੇ ਐਲਗੋਰਿਥਮ ਦੀ ਵਰਤੋਂ ਕਰਦੀਆਂ ਹਨ। ਐਲਗੋਰਿਥਮ ਕੰਪਿਊਟਰ ਜਾਂ ਰੋਬੋਟ ਨੂੰ ਸਿਖਾਉਣ ਲਈ

ਵਰਤੀ ਜਾਂਦੀ ਇਕ ਪ੍ਰਕਿਰਿਆ ਹੈ। ਹਿਸਾਬ, ਸਾਇੰਸ, ਕੰਪਿਊਟਰ ਅਤੇ ਹੋਰ ਵਿਧਾਵਾਂ ਵਿਚ ਐਲਗੋਰਿਥਮ ਦਾ ਮਤਲਬ ਕਿਸੇ ਸਮੱਸਿਆ ਦੇ ਹੱਲ ਲਈ ਪ੍ਰੋਗਰਾਮ ਤਿਆਰ ਕਰਨਾ ਹੁੰਦਾ ਹੈ।''

ਕਮਾਲ ਸੀ, ਏ ਆਈ ਚੈਟ ਜੀ ਪੀ ਟੀ ਦਾ ਲਿਖਿਆ ਭਾਸ਼ਨ। ਹਾਲ ਤਾੜੀਆਂ ਨਾਲ ਗੂੰਜ ਉੱਠਿਆ ਸੀ। ਬੁਲਾਰੇ ਸੇਠ ਜੀ ਦੀ ਪ੍ਰਸੰਸਾ ਦੇ ਪੁਲ ਬੰਨ੍ਹ ਰਹੇ ਸਨ। ਮੈਂ ਅਤੇ ਵਿਵੇਕ ਜੋਸ਼ੀ ਸਰ ਵੀ ਹੱਕ ਵਿਚ ਬੋਲੇ ਸਾਂ। ਅਸੀਂ ਅਦਾਰੇ ਦੀਆਂ ਖੁਸ਼ੀਆਂ ਵਿਚ ਸ਼ਾਮਿਲ ਸਾਂ ਪਰ ਚੀਫ ਐਡੀਟਰ ਵਰਿੰਦਰ ਭਾਟੀਆ ਸਰ ਮੱਥੇ 'ਤੇ ਤਿਊੜੀ ਪਾਈ ਖੜ੍ਹੇ ਸਨ। ਜਨਰਲ ਮੈਨੇਜਰ ਵਿਜੈ ਸ਼ੇਖਰ ਮਿਸ਼ਰਾ ਸਰ ਨੇ ਉਹਨਾਂ ਦੀ ਸਪੀਚ ਲਈ ਨਾਂਅ ਬੋਲਿਆ ਸੀ। ਭਾਟੀਆ ਸਰ ਨੇ ਬੋਲਣ ਤੋਂ ਪਹਿਲਾਂ ਆਪਣੀ ਐਨਕ ਠੀਕ ਕੀਤੀ।

''ਅਸੀਂ ਸਾਰੇ ਜਾਣੇ-ਅਣਜਾਣੇ ਵਿਚ ਇਸ ਤਕਨਾਲੋਜੀ ਦੇ ਪ੍ਰਸ਼ੰਸਾ ਦੇ ਪੁਲ ਬੰਨ੍ਹੀ ਜਾ ਰਹੇ ਹਾਂ। ਮੈਨੂੰ ਲਗਦੈ, ਇਹਦਾ ਉੱਨਾ ਫਾਇਦਾ ਨ੍ਹੀਂ ਹੋਣਾ ਜਿੰਨਾ ਨੁਕਸਾਨ ਹੋਏਗਾ। ਅੱਗੇ ਹੀ ਦੇਸ਼ ਦੇ ਨੌਜਵਾਨ ਬੇਰੁਜ਼ਗਾਰੀ ਦੀ ਮਾਰ ਝੱਲ ਰਹੇ ਹਨ। ਇਹ ਵੱਡੀ ਗਿਣਤੀ ਵਿਚ ਉਨ੍ਹਾਂ ਦੀਆਂ ਨੌਕਰੀਆਂ ਖਾ ਜਾਏਗਾ। ਇਹ ਵੀ ਸੰਭਵ ਹੈ, ਆਉਣ ਵਾਲੇ ਸਮੇਂ ਵਿਚ ਇਹ ਪੂਰੀ ਮਨੁੱਖਤਾ ਨੂੰ ਆਪਣੇ ਗੁਲਾਮ ਕਰ ਲਵੇ।''

ਉਹ ਹੋ! ਚੀਫ਼ ਐਡੀਟਰ ਸਾਹਿਬ, ਇਹ ਕੀ ਕਹਿ ਬੈਠੇ। ਇਹ ਤਾਂ ਤੁਸੀਂ ਅਦਾਰੇ ਦੇ ਚੱਲ ਰਹੇ ਜਸ਼ਨਾਂ ਵਿਚ ਖਲਲ ਪਾ ਦਿੱਤਾ। ਮਾਲਕਾਂ ਲਈ ਤਾਂ ਇਹ ਸੁਭਾਗਾ ਦਿਨ ਮਸਾਂ ਆਇਆ ਸੀ। ... ਪਤਾ ਨਹੀਂ, ਸੇਠ ਜੀ ਨੇ ਚੀਫ ਸਾਹਿਬ ਨੂੰ ਕੀ ਕਿਹਾ ਸੀ? ਉਦਘਾਟਨ ਤੋਂ ਬਾਅਦ ਉਨ੍ਹਾਂ ਨੂੰ ਆਫਿਸ ਬੁਲਾਇਆ ਸੀ। ਉਹ ਜਦੋਂ ਬਾਹਰ ਨਿਕਲੇ, ਉਨ੍ਹਾਂ ਆਪਣਾ ਅਸਤੀਫਾ ਅਨਾਊਂਸ ਕਰ ਦਿੱਤਾ ਸੀ। ਇਹ ਤਾਂ ਮੈਨੂੰ ਪਤਾ, ਉਹਨਾਂ ਅਸਤੀਫ਼ਾ ਨਹੀਂ ਦਿੱਤਾ ਹੋਣਾ। ਸੇਠ ਜੀ ਨੇ ਲਿਆ ਹੋਣਾ ਪਰ ਸਰ ਦੇ ਚਿਹਰੇ 'ਤੇ ਕੋਈ ਗਮ ਜਾ ਸ਼ਿਕਨ ਨਹੀਂ ਸੀ। ਉਹ ਬੜੇ ਆਰਾਮ ਨਾਲ ਆਫਿਸ 'ਚੋਂ ਨਿਕਲੇ। ਉਨ੍ਹਾਂ ਨੂੰ ਪੱਤਰਕਾਰਾਂ ਨੇ ਘੇਰਾ ਪਾ ਲਿਆ ਸੀ। ਉਨ੍ਹਾਂ ਦੇ ਅਨੇਕਾਂ ਸਵਾਲ ਸਨ। ਉਨ੍ਹਾਂ ਬੜੇ ਠਰੰਮੇ ਨਾਲ ਉਹੀ ਕੁਝ ਕਿਹਾ, ਜੋ ਉਦਘਾਟਨ ਵੇਲੇ ਬੋਲੇ ਸਨ।

ਮੀਡੀਏ ਨੇ ਤਾਂ ਬਾਤ ਦਾ ਬਤੰਗੜ ਬਣਾ ਲਿਆ ਏ। ਸਾਡੇ ਅਦਾਰੇ ਵਲੋਂ ਤਾਂ ਇਕ ਹੀ ਖਬਰ ਗਈ ਸੀ, ਅਖ਼ਬਾਰ ਦੇ ਸਿਸਟਮ ਨੂੰ ਆਰਟੀਫੀਸ਼ੀਅਲ ਇੰਟੈਲੀਜੈਂਸ ਪ੍ਰੋਗਰਾਮ ਨਾਲ ਜੋੜਨ ਵਾਲੀ। ਬਿਜ਼ਨੈੱਸ ਹਾਊਸ ਵਾਲਿਆਂ ਦੇ ਪੰਜਾਹ ਟੈਕਟਸ ਹੁੰਦੇ ਹਨ। ਉਨ੍ਹਾਂ ਕਿਹੜੀ ਖਬਰ ਨੂੰ ਉਭਾਰਨਾ ਤੇ ਕਿਹੜੀ ਨੂੰ ਦਬਾਉਣਾ। ਅਦਾਰੇ ਦੀ ਕੋਸ਼ਿਸ਼ ਸੀ, ਉਨ੍ਹਾਂ ਦੇ ਨਵੇਂ ਪ੍ਰੋਗਰਾਮ 'ਤੇ ਮੀਡੀਆ ਖੁੱਲ੍ਹ ਕੇ ਗੱਲ ਕਰੇ। ... ਹਾਂ, ਮੀਡੀਆ ਲੱਗਾ ਵੀ ਹੋਇਆ। ਮੀਡੀਏ ਉੱਤੇ ਏ ਆਈ ਸੁਪਰ ਕੰਪਿਊਟਰ, ਮਸ਼ੀਨਾਂ ਅਤੇ ਰੋਬੋਟ ਛਾਏ ਪਏ ਹਨ। ਵੱਖ-ਵੱਖ ਚੈਨਲ ਇਨ੍ਹਾਂ ਬਾਰੇ ਚਰਚਾ ਕਰ ਰਹੇ ਹਨ।

ਭਾਵੇਂ ਸਾਡੇ ਅਦਾਰੇ ਵਲੋਂ ਬੜੀ ਪਲੈਨਿੰਗ ਨਾਲ ਇਕ ਹੀ ਖਬਰ ਨੂੰ ਉਭਾਰਿਆ ਜਾ ਰਿਹਾ ਸੀ ਪਰ ਦੂਜੀ ਖ਼ਬਰ ਦੱਬੀ ਨਹੀਂ ਰਹੀ ਸੀ। ਪੈਨਲ ਡਿਸਕਸ਼ਨਸ ਵਿਚ ਤਾਂ ਜ਼ੋਰ ਹੀ ਚੀਫ ਸਰ ਦੇ ਬੋਲਾਂ 'ਤੇ ਦਿੱਤਾ ਜਾ ਰਿਹਾ ਸੀ। 'ਏ ਆਈ ਤਨਕਾਲੋਜੀ ਤਾਂ ਵੱਡੇ ਪੱਧਰ 'ਤੇ ਨੌਕਰੀਆਂ ਖਾ ਜਾਏਗੀ। ਦੇਸ਼ ਦਾ ਨੌਜਵਾਨ ਕਿਧਰ ਜਾਏਗਾ? ਸਰਕਾਰ ਵਿਰੁੱਧ ਬਗਾਵਤ ਹੋ ਜਾਵੇਗੀ। ਫੈਕਟਰੀਆਂ ਦੇ ਵਿਚ ਏ ਆਈ ਸਵੈ-ਚਲਿਤ ਮਸ਼ੀਨਾਂ ਆ ਰਹੀਆਂ ਹਨ। ਉਹ ਮਜ਼ਦੂਰਾਂ ਦੀ ਜਗ੍ਹਾ ਲੈ ਲੈਣਗੀਆਂ। ਮਜ਼ਦੂਰ ਕਿੱਥੋਂ ਰੋਟੀ ਖਾਏਗਾ? ਜੇ ਸਵੈ-ਚਲਿਤ ਕਾਰਾਂ, ਗੱਡੀਆਂ ਅਤੇ ਟਰੱਕ ਸੜਕਾਂ 'ਤੇ ਆ ਗਏ। ਡਰਾਈਵਰ ਸੜਕਾਂ 'ਤੇ ਖਾਲੀ ਢਿੱਡ ਵਜਾਉਣਗੇ। ਅੱਗੇ ਨੌਜਵਾਨ ਮਹਿੰਗੀਆਂ ਪ੍ਰਾਈਵੇਟ ਪੜ੍ਹਾਈਆਂ ਕਰਕੇ ਵਿਹਲੇ ਫਿਰ ਰਹੇ ਹਨ। ਉਹਨਾਂ ਵਿਚੋਂ ਕੋਈ ਨਸ਼ੇ ਕਰ ਰਿਹਾ ਹੈ ਤੇ ਕੋਈ...। ਬਹੁਤੇ ਪਰਦੇਸ ਨੂੰ ਭੱਜੇ ਹੋਏ ਹਨ।' ਵਿਦਵਾਨਾਂ ਦੀ ਬਹਿਸ ਸੁਣ ਕੇ ਮੈਂ ਵੀ ਚਿੰਤਤ ਹੋ ਗਿਆ ਹਾਂ।

'ਇਹ ਸੱਭਿਆਚਾਰ ਨੂੰ ਗਲਤ ਜਾਂ ਅਧੂਰਾ ਪੇਸ਼ ਕਰ ਸਕਦਾ ਹੈ। ਇਹ ਸਾਡੇ ਸੱਭਿਆਚਾਰਾਂ ਦੀ ਵੰਨ-ਸੁਵੰਨਤਾ ਨੂੰ ਖਤਮ ਕਰ ਦਏਗਾ। ਇਹ ਸਰਕਾਰੀ ਬੋਲੀ ਬੋਲੇਗਾ। ਕਾਰਪੋਰੇਟ ਦੇ ਹੱਕ ਵਿਚ ਭੁਗਤੇਗਾ। ਇਹ ਪੱਖਪਾਤੀ ਵਿਚਾਰਾਂ ਨੂੰ ਉਤਸ਼ਾਹਿਤ ਕਰੇਗਾ। ਜੇ ਏ ਆਈ ਅਲਗੋਰਿਥਮ ਨਿਰਪੱਖ ਅਤੇ ਵਿਸਤਾਰਿਤ ਡੈਟਾ ਅਧਾਰਤ ਤਿਆਰ ਨਹੀਂ ਕੀਤੇ ਗਏ ਤਾਂ ਉਹ ਮੌਜੂਦਾ ਵਿਤਕਰਿਆਂ ਜਾਂ ਸਬੰਧਿਤ ਸੱਭਿਆਚਾਰਕ ਸਮੂਹਾਂ ਵਿਰੁੱਧ ਪੱਖਪਾਤੀ ਰੁਝਾਨ ਨੂੰ ਵਧੇਰੇ ਸ਼ਕਤੀਸ਼ਾਲੀ ਬਣਾ ਸਕਦੇ ਹਨ।' ਇਹ ਪੱਖ ਤਾਂ ਮੈਨੂੰ ਹੋਰ ਵੀ ਖਤਰਨਾਕ ਲੱਗਿਆ। ਮੈਂ ਅਗਲਾ ਚੈਨਲ ਲਾਇਆ ਏ।

'ਏ ਆਈ ਵਿਚ ਨਿਊਰਲ ਨੈਟਵਰਕ ਸਿਸਟਮ ਹੁੰਦੇ ਹਨ ਜੋ ਮਨੁੱਖੀ ਦਿਮਾਗ ਵਾਂਗ ਹੁੰਦੇ ਹਨ। ਉਹ ਏ ਆਈ ਨੂੰ ਅਨੁਭਵ ਤੋਂ ਸਿੱਖਣ ਦੇ ਯੋਗ ਬਣਾਉਂਦੇ ਹਨ। ਜੇ ਅਸੀਂ ਕੰਪਿਊਟਰਾਂ ਨੂੰ ਆਪਣੇ ਨਾਲੋਂ ਜ਼ਿਆਦਾ ਹੁਸ਼ਿਆਰ ਬਣਾ ਲੈਂਦੇ ਹਾਂ ਤਾਂ ਕੀ ਪਤਾ ਇਹ ਸੰਸਾਰ ਨੂੰ ਕੰਟਰੋਲ ਕਰ ਲੈਣ। ਮਾਨਵ ਜਾਤੀ ਨੂੰ ਆਪਣੇ ਅਧੀਨ ਕਰ ਲੈਣ।'

'ਦੋਸਤੋ, ਕੁਝ ਨਹੀਂ ਹੋਏਗਾ। ਨਾ ਇਹ ਸੰਸਾਰ ਨੂੰ ਕੰਟਰੋਲ ਕਰ ਸਕੇਗਾ ਤੇ ਨਾ ਹੀ ਮਨੁੱਖ ਨੂੰ ਗੁਲਾਮ ਬਣਾ ਸਕੇਗਾ। ਇਹ ਸਾਰਾ ਰੌਲਾ ਕੁਝ ਖੱਬੇ ਪੱਖੀਆਂ ਨੇ ਪਾਇਆ ਹੋਇਆ ਹੈ। ਜਦੋਂ ਕੰਪਿਊਟਰ ਆਇਆ ਸੀ, ਉਦੋਂ ਵੀ ਇਹ ਕਹਿੰਦੇ ਸੀ ਰੁਜ਼ਗਾਰ

ਖਤਮ ਹੋ ਜਾਏਗਾ। ਜੇ ਕੁਝ ਰੁਜ਼ਗਾਰ ਖਤਮ ਹੋ ਗਏ ਤਾਂ ਕੁਝ ਨਵੇਂ ਵੀ ਪੈਦਾ ਹੋਏ। ਹੁਣ ਵੀ ਇਵੇਂ ਹੋਏਗਾ। ਹਾਂ, ਕੁਝ ਰੁਜ਼ਗਾਰ ਘੱਟ ਸਕਦਾ ਹੈ। ਆਧੁਨਿਕ ਹੋਣ ਲਈ, ਤਰੱਕੀ ਕਰਨ ਲਈ, ਅੱਗੇ ਵਧਣ ਲਈ ਅਤੇ ਦੇਸ਼ ਲਈ ਕੁਝ ਖੋਹਣਾ ਵੀ ਪੈਂਦਾ ਹੈ। ਵਰਿੰਦਰ ਭਾਟੀਆ...। ਉਹਨੇ ਤਾਂ ਵਿਆਹ ਵਿਚ ਬੀਅ ਦਾ ਲੇਖਾ ਪਾਉਣਾ ਹੀ ਹੋਇਆ।' ਪਾਇਥਾਗੋਰਸ ਚੈਨਲ ਇਸ ਵਰਤਾਰੇ ਦੇ ਪੱਖ ਵਿਚ ਬੋਲ ਰਿਹਾ ਹੈ। ਮੈਂ ਨੀਝ ਲਾ ਕੇ ਇਸ ਚੈਨਲ ਦੀ ਬਹਿਸ ਨੂੰ ਅੱਗੇ ਸੁਣਨ ਲੱਗਾ।

'ਸਰ ਜੀ, ਇਲੌਨ ਮਸਕ ਖੱਬੇ ਪੱਖੀ ਨਹੀਂ ਹੈ। ਉਹ ਟੈਸਲਾ ਦਾ ਸੀ ਈ ਓ ਹੈ। ਆਰਟੀਫ਼ੀਸ਼ੀਅਲ ਇੰਟੈਲੀਜੈਂਸ ਸੁਪਰ ਕੰਪਿਊਟਰ ਬਣਾਉਣ ਵਾਲਾ ਤੇ ਚੈਟ ਜੀ ਪੀ ਟੀ ਵਿਚ ਆਈ ਫੋਨ ਬਣਾਉਣ ਵਾਲਾ। ਉਸ ਨੇ ਵੀ ਕਹਿ ਦਿੱਤਾ, ਏ ਆਈ ਸਾਰੀਆਂ ਨੌਕਰੀਆਂ 'ਤੇ ਕਬਜ਼ਾ ਕਰ ਲਵੇਗਾ।'

'ਇਹ ਤਾਂ ਕਾਰਪੋਰੇਟਾਂ ਵਲੋਂ ਏ ਆਈ ਨੂੰ ਪਾਪੂਲਰ ਕਰਨ ਦਾ ਇਕ ਤਰੀਕਾ ਹੈ। ਜਦੋਂ ਵੀ ਕੋਈ ਨਵੀਂ ਤਕਨਾਲੋਜੀ ਆਉਣੀ ਹੁੰਦੀ ਹੈ। ਉਸ ਦਾ ਵਿਰੋਧ ਸੰਭਵ ਹੈ। ਕਿਉਂਕਿ ਉਸ ਨੇ ਪੁਰਾਣੀ ਦੀ ਜਗ੍ਹਾ ਲੈਣੀ ਹੁੰਦੀ ਹੈ। ਪੁਰਾਣੇ ਵਾਲਿਆਂ ਨੇ ਰੌਲਾ ਪਾਉਣਾ ਹੀ ਹੁੰਦਾ ਹੈ। ਮੈਂ ਵਿਗਿਆਨੀ ਹਾਂ। ਤੇ ਦਾਅਵੇ ਨਾਲ ਕਹਿੰਦਾ ਹਾਂ, ਏ ਆਈ ਮਾਨਵੀ ਦਿਮਾਗ ਤੋਂ ਅੱਗੇ ਨਹੀਂ ਜਾ ਸਕਦਾ।' ਪਾਇਥਾਗੋਰਸ ਚੈਨਲ ਦੇ ਪੈਨਲ ਦੀ ਬਹਿਸ ਸੁਣ ਕੇ ਮੇਰਾ ਸਾਹ ਵਿਚ ਸਾਹ ਆਇਆ ਹੈ। ...... ਅਖ਼ਬਾਰਾਂ ਅਤੇ ਚੈਨਲਾਂ ਦੀ ਇਹ ਬਹਿਸ ਕਦੇ ਨਹੀਂ ਮੁੱਕੀ। ਇਸ ਮੁੱਦੇ 'ਤੇ ਗੱਲ ਕੱਲ੍ਹ ਵੀ ਹੋ ਰਹੀ ਸੀ ਤੇ ਅੱਜ ਵੀ ਜਾਰੀ ਹੈ।

*****

ਸਾਡੀ 'ਸ਼ਿਵਾਲਕ ਟਾਈਮਜ਼' ਦੀ ਇਮਾਰਤ ਤਿੰਨ ਮੰਜ਼ਲੀ ਹੈ। ਗਰਾਊਂਡ ਫਲੋਰ 'ਤੇ ਪ੍ਰਿੰਟਿੰਗ ਨਾਲ ਸਬੰਧਤ ਸਾਰੀ ਮਸ਼ੀਨਰੀ ਪਈ ਹੈ। ਇਥੇ ਤਿੰਨੋਂ ਅਖ਼ਬਾਰਾਂ ਛਪਦੀਆਂ ਹਨ। ਨਿਊਜ਼ ਲਾਈਨ, ਸਰਕੁਲੇਸ਼ਨ, ਅਕਾਊਂਟਸ ਅਤੇ ਆਈ ਟੀ ਦਾ ਸਾਰਾ ਕੰਮ ਇਥੇ ਹੁੰਦਾ ਹੈ। ਫਸਟ ਫਲੋਰ 'ਤੇ ਤਿੰਨਾਂ ਭਾਸ਼ਾਵਾਂ ਦੇ ਸਬ ਐਡੀਟਰ ਨਿਊਜ਼ ਅਤੇ ਵੱਖ-ਵੱਖ ਪੇਜ ਤਿਆਰ ਕਰਦੇ ਹਨ। ਇਥੇ ਹੀ ਨਿਊਜ਼ ਸੈਕਸ਼ਨ ਦਾ ਸਮੁੱਚਾ ਸਟਾਫ ਕਾਰਜ ਕਰਦਾ ਹੈ। ਟਾਈਪ, ਪਰੂਫ ਰੀਡਰ, ਸਕੈਨਿੰਗ, ਬਿਲਿੰਗ, ਮੈਗਜ਼ੀਨ ਸੈਕਸ਼ਨ ਅਤੇ ਬਾਕੀ ਐਡੀਟੋਰੀਅਲ ਦੇ ਸੈਕਸ਼ਨ ਇਥੇ ਹੀ ਹਨ। ਦੂਜੀ ਮੰਜ਼ਿਲ 'ਤੇ ਹਿਊਮਿਨ ਰਿਸੋਰਸਿਜ਼ ਡਿਪਾਰਮੈਂਟ ਹੈ। ਐਡਮਿਨਿਸਟ੍ਰੇਸ਼ਨ, ਕਾਨਫਰੰਸ ਹਾਲ, ਐਡੀਟਰਜ਼ ਤੇ ਚੀਫ ਐਡੀਟਰ ਰੂਮਜ਼, ਜੀ ਐਮ ਆਫਿਸ ਅਤੇ ਕੰਟੀਨ ਇਥੇ ਹੀ ਹਨ। ਦਫਤਰ ਦੀ ਐਂਟਰੀ 'ਤੇ ਕਦੇ ਇਕ ਮੁਲਾਜ਼ਮ ਪੁੱਛ-ਗਿੱਛ ਰੂਮ ਵਿਚ ਬੈਠਦਾ ਸੀ ਤੇ ਦੂਜਾ ਅਮਲੇ ਫੈਲੇ ਦੀ ਹਾਜ਼ਰੀ ਲਈ ਹਾਜ਼ਰ ਹੁੰਦਾ ਸੀ। ਇਹ ਅੱਠ-ਅੱਠ ਘੰਟੇ ਦੀ ਡਿਊਟੀ ਬਾਅਦ ਬਦਲ ਜਾਂਦੇ ਸਨ। ਹੁਣ ਇਨ੍ਹਾਂ ਛੇ ਮੁਲਾਜ਼ਮਾਂ ਦੀ ਜਗ੍ਹਾ ਪੁੱਛ-ਗਿੱਛ ਵਾਲੇ ਪਾਸੇ ਇਕ ਰੋਬੋਟ ਬੈਠਾ ਹੈ।

''ਮੈਂ ਤੁਹਾਡਾ ਸਵਾਗਤ ਕਰਦਾ ਹਾਂ। ਮੈਂ ਤੁਹਾਡੀ ਕੀ ਮਦਦ ਕਰ ਸਕਦਾ ਹਾਂ?'' ਇਹ ਇਕ ਹੀ ਰੋਬੋਟ ਚੌਵੀ ਘੰਟੇ ਡਿਊਟੀ ਦਿੰਦਾ ਹੈ। ਨਾ ਅੱਕਦਾ ਹੈ, ਨਾ ਥੱਕਦਾ ਹੈ।

ਅਸੀਂ ਹਾਜ਼ਰੀ ਲਾਉਣ ਲਈ ਸਾਰੇ ਮੁਲਾਜ਼ਮ ਆਪਣੇ ਮੋਬਾਇਲ 'ਤੇ ਸਕੈਨ ਕੀਤਾ ਹੋਇਆ ਗੂਗਲ ਫਾਰਮ ਖੋਲ੍ਹਦੇ ਹਾਂ। ਅਸੀਂ ਕਿਊ ਆਰ ਕੋਡ ਨੂੰ ਆਪਣੇ ਮੋਬਾਈਲ ਫੋਨ 'ਤੇ ਸਕੈਨ ਕਰਕੇ ਦਾਖ਼ਲ ਹੁੰਦੇ ਹਾਂ। ਪਹਿਲਾਂ ਚਾਰ ਸੁਰੱਖਿਆ ਕਰਮੀ ਅੱਠ ਘੰਟੇ ਲਈ ਡਿਊਟੀ 'ਤੇ ਤਾਇਨਾਤ ਰਹਿੰਦੇ ਸਨ। ਇਹ ਬਾਰਾਂ ਮੁਲਾਜ਼ਮ ਸਨ। ਹੁਣ ਇਥੇ ਇਕ ਹੀ ਰੋਬੋਟ ਜਾਮਾ ਤਲਾਸ਼ੀ ਲੈਂਦਾ ਹੈ। ਉਹ ਹੀ ਸਾਨੂੰ ਸਕੈਨਰ ਵਿਚੋਂ ਲੰਘਾਉਂਦਾ ਹੈ। ਇਸ ਤਰ੍ਹਾਂ ਹੌਲੀ-ਹੌਲੀ ਇਥੋਂ ਮਾਨਵ ਮੁਲਾਜ਼ਮਾਂ ਦੀ ਛੁੱਟੀ ਕਰ ਦਿੱਤੀ ਗਈ ਹੈ। ਕਦੀ ਅਖ਼ਬਾਰ ਲਈ ਪੰਜ ਸੌ ਤੋਂ ਜ਼ਿਆਦਾ ਮਾਨਵ ਮੁਲਾਜ਼ਮ ਹਨ। ਹੁਣ ਸੌ ਵੀ ਘੱਟ ਹਨ। ਅੰਕੜਾ ਵਿਸ਼ਲੇਸ਼ਕਾਂ, ਕੰਪਿਊਟਰ ਪ੍ਰੋਗਰਾਮਰ, ਗ੍ਰਾਫਿਕ ਡਿਜ਼ਾਇਨਰ, ਸਾਫਟਵੇਅਰ ਇੰਜੀਨੀਅਰ, ਕਾਨੂੰਨੀ ਸਲਾਹਕਾਰ, ਤਕਨੀਕੀ ਲੇਖਕ, ਅਨੁਵਾਦਕ, ਪਰੂਫ ਰੀਡਰ, ਟਾਈਪਿਸਟ, ਵੀਡਿਓ ਸੰਪਾਦਨ ਅਤੇ ਵਿੱਤੀ ਸਲਾਹਕਾਰ ਜਿਹੇ ਸੈਕਸ਼ਨ ਖਤਮ ਕਰ ਦਿੱਤੇ ਗਏ ਹਨ ਅਤੇ ਇਹ ਕੰਮ ਏ ਆਈ ਨੇ ਸੰਭਾਲ ਲਏ ਹਨ।

ਲੇਬਰ ਦਾ ਕੰਮ ਵੀ ਰੋਬੋਟਾਂ ਨੇ ਸੰਭਾਲ ਲਿਆ ਹੈ। ਟਰੱਕਾਂ ਦੇ ਟਰੱਕ ਭਰ ਕੇ ਪੇਪਰ ਆਉਂਦੇ ਹਨ। ਉਨ੍ਹਾਂ ਨੂੰ ਲੈ ਕੇ ਆਉਣਾ, ਸਟੋਰ ਕਰਨਾ, ਪ੍ਰਿੰਟਿੰਗ ਪਿੱਛੋਂ ਅਖ਼ਬਾਰ ਦੇ ਬੰਡਲ ਬਣਾਉਣੇ ਅਤੇ ਟੈਂਪੂਆਂ ਵਿਚ ਲੱਦਣ ਆਦਿ ਦਾ ਜ਼ਿੰਮਾ ਰੋਬੋਟ ਨਿਭਾ ਰਹੇ ਹਨ। ਇਕ ਮਾਨਵ ਕਾਮਾ ਬਟਨ ਦੱਬਦਾ ਹੈ। ਬਾਕੀ ਸਾਰੇ ਕੰਮ ਏ ਆਈ ਮਸ਼ੀਨਾਂ ਕਰਨ ਲੱਗ ਪੈਂਦੀਆਂ ਹਨ। ਰੋਬੋਟ ਆਟੋਮੈਟਿਕ ਮਸ਼ੀਨਾਂ ਵਿਚ ਕਾਗਜ਼ਾਂ ਦੇ ਵੱਡੇ-ਵੱਡੇ ਰੋਲ ਰੱਖਦਾ ਹੈ। ਸਿਆਹੀ ਵੀ ਉਹ ਹੀ ਪਾਉਂਦਾ ਹੈ। ਸਵੈ-ਚਾਲਕ ਮਸ਼ੀਨ ਨੂੰ ਜਿਉਂ ਹੀ ਮਾਨਵ ਕਮਾਂਡ ਦਿੰਦਾ ਹੈ। ਆਪਣੇ ਆਪ ਛਾਪਾ ਲੱਗਣਾ ਸ਼ੁਰੂ ਹੋ ਜਾਂਦਾ ਹੈ। ਪੇਪਰ ਦੀ ਫਾਰਮੈਟਿੰਗ ਅਤੇ ਡਿਜ਼ਾਇਨਿੰਗ ਵੀ ਮਸ਼ੀਨਾਂ ਨਾਲੋਂ ਨਾਲ ਕਰੀ ਜਾਂਦੀਆਂ ਹਨ। ਮਸ਼ੀਨ ਆਪ ਹੀ ਫੋਟੋ ਦੀ ਸੈਟਿੰਗ ਕਰ ਲੈਂਦੀ ਹੈ, ਫੋਟੋ ਦਾ ਸਾਈਜ਼ ਅਤੇ ਕਲਰ ਵਿਚ ਵਾਧਾ ਘਾਟਾ ਵੀ ਆਪ ਹੀ ਕਰੀ ਜਾਂਦੀ ਹੈ। ਕਿੰਨੀ ਪਿਕਸਲ ਵਾਲੀ ਫੋਟੋ ਲਾਉਣੀ ਹੈ, ਉਹ ਆਟੋਮੈਟੀਕਲੀ ਫੈਸਲਾ ਲੈ ਲੈਂਦੀ ਹੈ।

''ਸੰਪਾਦਕ ਭਰਾਓ, ਹੁਣ ਤਾਂ ਸੰਪਾਦਕੀ ਨੀਤੀਆਂ ਵਿਚ ਤੁਹਾਡੀ ਲੋੜ ਰਹਿ ਗਈ। ਕਿਹੜੀ ਖਬਰ ਲਾਉਣੀ ਹੈ ਤੇ ਕਿਹੜੀ ਨਹੀਂ।

ਕਿਹੜੀ ਰਾਜਨੀਤਕ ਵਿਚਾਰਧਾਰਾ ਨੂੰ ਫੈਲਾਉਣਾ। ਇਹ ਫੈਸਲਾ ਤੁਸੀਂ ਕਰਦੇ ਹੋ। ਬਾਕੀ ਕੰਮ ਤਾਂ ਮਸ਼ੀਨਾਂ ਕਰੀ ਜਾਂਦੀਆਂ। ...ਲਗਦੈ, ਆਉਣ ਵਾਲੇ ਸਮੇਂ ਵਿਚ ਇਹ ਕੰਮ ਵੀ ਮਸ਼ੀਨਾਂ ਨੇ ਤੁਹਾਤੋਂ ਖੋਹ ਲੈਣਾ।'' ਜੀ ਐਮ ਮਿਸ਼ਰਾ ਘਸਿਆਨੀ ਹਾਸੀ ਹੱਸੇ ਸਨ।

''ਮਿਸ਼ਰਾ ਸਰ, ਧਨਾਢਾਂ ਦੇ ਲਾਲਚ ਵਧ ਗਏ, ਫਿਰ ਮਨੁੱਖੀ ਕਿਰਤ ਦਾ ਨੁਕਸਾਨ ਤਾਂ ਹੋਣਾ ਹੀ ਹੋਇਆ। ਲਾਲਚ ਤਕਨਾਲੋਜੀ ਤੇ ਵਿਗਿਆਨ ਨੂੰ ਬਦਨਾਮ ਕਰਦੈ।'' ਮੇਰੇ ਤੋਂ ਰਿਹਾ ਨਾ ਗਿਆ। ਸਗੋਂ ਮੈਂ ਹੋਰ ਵੀ ਕੁਝ ਕਿਹਾ -

''ਚੈਟ ਜੀ ਪੀ ਟੀ ਜਿਹੇ ਏ ਆਈ ਸੰਦ ਮਨੁੱਖ ਵਲੋਂ ਵਿਕਸਤ ਕੀਤੀ ਤਕਨੀਕ ਦੇ ਇਕ ਨਵੇਂ ਦੌਰ ਦੀ ਸ਼ੁਰੂਆਤ ਦੇ ਸੂਚਕ ਤਾਂ ਕਹੇ ਜਾ ਸਕਦੇ ਹਨ ਪਰ ਇਨ੍ਹਾਂ ਤੋਂ ਮਨੁੱਖ ਦਾ ਕੰਟਰੋਲ ਜਾਂਦਾ ਲੱਗੇਗਾ ਜਾਂ ਬੰਦੇ ਨੂੰ ਅਧੀਨ ਕਰ ਲੈਣਗੇ। ਇਹ ਬਹੁਤ ਔਖਾ ਲਗਦਾ। ਇਹ ਮਨੁੱਖੀ ਕਿਰਤ ਦੀ ਲੋੜ ਨੂੰ ਖਤਮ ਕਰ ਸਕਦਾ ਹੈ ਪਰ ਇਹ ਪੈਦਾਵਾਰ ਵਿਚ ਕਿਰਤ ਦੀ ਲੋੜ ਨੂੰ ਅੱਖੋਂ ਪਰੋਖੇ ਨਹੀਂ ਕਰ ਸਕਦਾ।''

ਮੈਂ ਕਹਿ ਤਾਂ ਕਈ ਕੁਝ ਦਿੱਤਾ ਸੀ ਪਰ ਹਲਾਤ ਸਾਹਮਣੇ ਹੀ ਸਨ। ਸੁਪਰ ਕੰਪਿਊਟਰ ਦਾ ਪਾਰਦਰਸ਼ਤਾ ਵਾਲਾ ਕੰਮ ਵੀ ਦਿਸਦਾ ਸੀ ਤੇ ਤੇਜ਼ੀ ਵੀ। ਮਸ਼ੀਨਾਂ ਤਾਂ ਬੰਦਿਆਂ ਨੂੰ ਮਾਤ ਪਾ ਰਹੀਆਂ ਸਨ। ਰੋਬੋਟਾਂ ਤੋਂ ਜਿੰਨਾ ਮਰਜ਼ੀ ਕੰਮ ਕਰਾਈ ਜਾਵੋ। ਇਨ੍ਹਾਂ ਕਿਹੜਾ ਥੱਕਣਾ ਸੀ। ਅਪਡੇਸ਼ਨ ਮੰਗਦੇ ਤਾਂ ਕੰਪਨੀ ਦੇ ਇੰਜੀਨੀਅਰ ਝੱਟ ਕਰ ਜਾਂਦੇ। ਖਬਰ ਆਈ ਸੀ, ਹੋਰ ਨਿਊਜ਼ ਗਰੁੱਪ ਵੀ ਇਸੇ ਰਾਹ ਪੈਣ ਲਈ ਕਾਹਲੇ ਸਨ। ਇਵੇਂ ਲੱਗਣ ਲੱਗ ਪਿਆ ਸੀ ਜਿਵੇਂ ਪੂਰੇ ਮੁਲਕ ਵਿਚ ਏ ਆਈ ਦੀ ਹਨ੍ਹੇਰੀ ਆਉਣ ਵਾਲੀ ਏ।

*****

ਹਨ੍ਹੇਰੀ ਝੱਖੜ ਤਾਂ ਪੂਰੇ ਸੂਬੇ ਵਿਚ ਝੁੱਲ ਰਿਹਾ ਹੈ। ਐਨੀ ਜ਼ੋਰ ਦੀ ਤੂਫ਼ਾਨ ਆਇਆ ਹੋਇਆ ਹੈ, ਸਭ ਕੁਝ ਉਪਰ ਥੱਲੇ ਕਰੀ ਜਾ ਰਿਹਾ। ਸੜਕਾਂ 'ਤੇ ਦਰੱਖਤ-ਖੰਬੇ ਡਿੱਗੇ ਪਏ ਹਨ। ਚਾਰੇ ਪਾਸੇ ਮਿੱਟੀ ਘੱਟਾ ਹੋਇਆ ਪਿਆ। ਕੁਝ ਦਿਖ ਨਹੀਂ ਰਿਹਾ। ...ਬਸ ਦੋ ਤਿੰਨ ਘੰਟੇ ਵਿਚ ਸਭ ਕੁਝ ਮਲੀਆਮੇਟ ਕਰ ਗਿਆ ਹੈ। ਫੇਰ ਇਕ ਦਮ ਕਾਲੇ-ਕਾਲੇ ਬੱਦਲ ਛਾ ਗਏ ਹਨ। ਧਰਤੀ 'ਤੇ ਘੁੱਪ ਹਨ੍ਹੇਰਾ ਛਾ ਗਿਆ ਹੈ। ਮਿੰਟਾਂ ਵਿਚ ਹੀ ਮੋਟੇ-ਮੋਟੇ ਕਿਣੇ ਡਿੱਗਣ ਲੱਗ ਪਏ ਹਨ। ਘਨਘੋਰ ਬੱਦਲ ਫਟਣ ਲੱਗੇ ਹਨ। ਜ਼ੋਰ ਦਾ ਮੀਂਹ ਆ ਗਿਆ ਹੈ।..ਚਾਰ ਦਿਨ ਹੋ ਗਏ ਹਨ, ਲਗਾਤਾਰ ਭਰਵਾਂ ਮੀਂਹ ਪੈਂਦੇ ਨੂੰ। ਇਸ ਕਮਬਖ਼ਤ ਨੇ ਇਕ ਮਿੰਟ ਵੀ ਰੁਕਣ ਦਾ ਨਾਂਅ ਨਹੀਂ ਲਿਆ। ਰਚਵੇਂ ਮੀਂਹ ਕਾਰਨ ਸੂਬੇ ਦੇ ਬਰਸਾਤੀ ਨਾਲੇ, ਚੋਅ ਤੇ ਦਰਿਆਵਾਂ ਵਿਚ ਪਾਣੀ ਚੜ੍ਹਨ ਦੀਆਂ ਰੋਜ਼ ਖਬਰਾਂ ਛਾਪਦੇ ਹਾਂ। ਸੜਕਾਂ, ਗਲੀਆਂ, ਨਾਲੀਆਂ, ਮੁਹੱਲੇ, ਪਿੰਡ ਅਤੇ ਛੱਪੜ ਪਾਣੀ ਵਿਚ ਡੁੱਬ ਗਏ ਹਨ। ਲੋਕਾਂ ਦੀਆਂ ਦੁਕਾਨਾਂ ਅਤੇ ਘਰਾਂ ਵਿਚ ਪਾਣੀ ਦਾਖ਼ਲ ਹੋ ਗਿਆ ਹੈ। ਪਹਾੜਾਂ ਵਿਚ ਪੈ ਰਹੇ ਮੀਂਹ ਕਾਰਨ ਸਭ ਹੱਦਾਂ ਬੰਨ੍ਹੇ ਤੋੜ ਕੇ ਪਾਣੀ ਮੈਦਾਨਾਂ ਵੱਲ ਨੂੰ ਭੱਜਾ ਆ ਰਿਹਾ ਹੈ। ਇਸ ਨਾਲ ਹਾਈਵੇ ਦਾ ਵੱਡਾ ਹਿੱਸਾ ਪਾਣੀ ਵਿਚ ਰੁੜ੍ਹ ਗਿਆ ਹੈ। ਨੈਸ਼ਨਲ ਹਾਈਵੇ ਦੇ ਪਹਾੜ ਵਾਲੇ ਪਾਸੇ ਦਾ ਸਾਰਾ ਪਾਣੀ ਮਾਰੋ ਮਾਰ ਕਰਦਾ ਸ਼ਹਿਰ ਵਿਚ ਆ ਵੜਿਆ ਹੈ। ਨੈਸ਼ਨਲ ਹਾਈਵੇ 'ਤੇ ਦੋ ਸੁਰੰਗਾਂ ਨੂੰ ਜੋੜਦੀ ਸੜਕ ਢਿੱਗਾਂ ਡਿਗਣ ਕਾਰਨ ਧੱਸ ਗਈ ਹੈ। ਪ੍ਰਸ਼ਾਸਨ ਨੇ ਇਸ ਮਾਰਗ 'ਤੇ ਆਵਾਜਾਈ ਬੰਦ ਕਰ ਦਿੱਤੀ ਹੈ।

ਅਸੀਂ ਪਲ ਦੀ ਪਲ ਖਬਰ ਵੈੱਬ ਟੀ.ਵੀ. ਰਾਹੀਂ ਵੀ ਦਰਸ਼ਕਾਂ ਤੱਕ ਪੁੱਜਦੀ ਕਰ ਰਹੇ ਹਾਂ। ਪੱਤਰ ਪ੍ਰੇਰਕਾਂ ਦੀਆਂ ਭੇਜੀਆਂ ਖਬਰਾਂ ਵਿਸਥਾਰ ਨਾਲ ਅਖ਼ਬਾਰ ਵਿਚ ਛਾਪਦੇ ਹਾਂ। ਸਾਡੇ ਅਦਾਰੇ ਦੀ ਖ਼ਬਰ ਸਭ ਤੋਂ ਪਹਿਲਾਂ ਫਲੈਸ਼ ਹੁੰਦੀ ਹੈ। ਭਾਰੀ ਮੀਂਹ ਕਾਰਨ ਸੂਬੇ ਦੇ ਕਈ ਖੇਤਰਾਂ ਦਾ ਸੰਪਰਕ ਆਪਸ ਵਿਚ ਟੁੱਟ ਗਿਆ ਹੈ। ਬਾਕੀ ਸ਼ਹਿਰਾਂ ਵਾਂਗ ਸਾਡੇ ਸ਼ਹਿਰਾਂ ਵਿਚ ਵੀ ਜਲਥਲ ਹੋ ਗਈ ਹੈ। ਪਾਣੀ ਦੀ ਨਿਕਾਸੀ ਦਾ ਢੁੱਕਵਾਂ ਪ੍ਰਬੰਧ ਨਾ ਹੋਣ ਕਰਕੇ ਸ਼ਹਿਰਾਂ ਦੀਆਂ ਗਲੀਆਂ ਅਤੇ ਬਾਜ਼ਾਰਾਂ ਵਿਚ ਪਾਣੀ ਭਰ ਗਿਆ ਹੈ। ਸਾਡੀ ਪਾਰਕਿੰਗ ਅਤੇ ਗਰਾਊਂਡ ਫਲੋਰ ਇਮਾਰਤ ਦੇ ਅੰਦਰ ਪਾਣੀ ਵੜ ਗਿਆ ਹੈ।

ਨਹਿਰ ਵਿਚ ਪਾੜ ਪੈਣ ਨਾਲ ਹੋਰ ਪਾਣੀ ਖੇਤਾਂ, ਘਰਾਂ, ਦੁਕਾਨਾਂ ਅਤੇ ਦਫਤਰਾਂ ਵਿਚ ਆ ਵੜਿਆ ਹੈ। ਨਦੀਆਂ ਨਾਲੇ ਖਤਰੇ ਦੇ ਨਿਸ਼ਾਨ ਤੋਂ ਉਪਰ ਚੱਲ ਰਹੇ ਹਨ। ਪਿਛਲੇ ਅਠਤਾਲੀ ਘੰਟਿਆਂ ਤੋਂ ਤਾਂ ਪੰਜਾਬ ਸਣੇ ਉੱਤਰੀ ਭਾਰਤ 'ਚ ਪੈ ਰਹੇ ਮੋਹਲੇਧਾਰ ਮੀਂਹ ਨੇ ਭਾਰੀ ਤਬਾਹੀ ਮਚਾਈ ਹੈ। ਭਾਰੀ ਮੀਂਹਾਂ ਅਤੇ ਢਿੱਗਾਂ ਡਿੱਗਣ ਕਾਰਨ ਸੰਤਾਲੀ ਵਿਅਕਤੀਆਂ ਦੀ ਮੌਤ ਹੋ ਗਈ ਹੈ। ਕਈ ਸੈਂਕੜੇ ਪਸ਼ੂ ਮਰ ਗਏ ਹਨ। ਪੰਛੀਆਂ ਦੇ ਮਰਨ ਦੀ ਗਿਣਤੀ ਦਾ ਕੋਈ ਅੰਦਾਜ਼ਾ ਨਹੀਂ। ਪਾਣੀ ਕਮਰਿਆਂ ਅੰਦਰ ਛੇ-ਛੇ, ਸੱਤ-ਸੱਤ ਫੁੱਟ ਤੱਕ ਵੜ ਗਿਆ ਹੈ। ਜ਼ਿਲ੍ਹਾ ਪ੍ਰਸ਼ਾਸਨ ਨੇ ਲੋਕਾਂ ਦੀ ਹਿਫ਼ਾਜ਼ਤ ਲਈ ਫ਼ੌਜ ਸੱਦ ਲਈ ਹੈ।

'ਪਹਾੜੀ ਇਲਾਕੇ ਵਿਚ ਚਲਦੇ ਨਜਾਇਜ਼ ਖਣਨ ਨੇ ਖੱਡਾਂ ਅਤੇ ਚੋਆਂ ਦੇ ਕੁਦਰਤੀ ਰਸਤੇ ਬਦਲ ਦਿੱਤੇ ਹਨ। ਜਿਸ ਨਾਲ ਖੱਡਾਂ ਦੇ ਪਾਣੀਆਂ ਨੇ ਤਬਾਹੀ ਦੇ ਮੰਜ਼ਰ ਪੈਦਾ ਕਰ ਦਿੱਤੇ ਹਨ।' ਜਿਉਂ ਹੀ ਅਸੀਂ ਇਹ ਖੋਜੀ ਸਟੋਰੀ ਪ੍ਰਸਾਰਤ ਕੀਤੀ ਹੈ। ਚੀਫ ਐਡੀਟਰ ਵਰਿੰਦਰ ਭਾਟੀਆ ਜੀ ਦਾ ਵਟਸਐਪ ਮੈਸਜ਼ ਫੋਨ ਦੀ ਸਕਰੀਨ 'ਤੇ ਚਮਕਣ ਲੱਗ ਪਿਆ ਹੈ।

''ਇਸ ਵੇਲੇ ਪੰਜਾਬ ਜੋ ਹੜ੍ਹਾਂ ਦੀ ਮਾਰ ਝੱਲ ਰਿਹਾ ਹੈ, ਇਹ ਕੁਦਰਤੀ ਆਫ਼ਤ ਘੱਟ, ਮਨੁੱਖ ਸਿਰਜਤ ਵੱਧ ਹੈ। ਇਹ ਖਿੱਤਾ

ਕਦੇ ਤਾਕਤਵਰ ਤੇ ਸ਼ੁੱਧ ਪਾਣੀ ਨਾਲ ਲਬਾ-ਲਬ ਹੁੰਦਾ ਸੀ। ਪਰ ਹਾਕਮ ਜਮਾਤਾਂ ਦੇ ਨੁਮਾਇੰਦਿਆਂ ਅਤੇ ਧਨ ਕੁਬੇਰਾਂ ਨੇ ਕੁਦਰਤ ਦੀ ਇਸ ਦਾਤ ਨੂੰ ਟਿੱਚ ਜਾਣਿਆ ਅਤੇ ਇਸ ਦੀ ਬੇਕਿਰਕ ਲੁੱਟ ਖਸੁੱਟ ਕੀਤੀ।''

...ਹੈਂਅ! ਆਹ ਕੀ ਹੋਇਆ? ਬੱਤੀ ਵੀ ਗਈ? ਉਂਝ ਤਾਂ ਬਿਜਲੀ ਗੁੱਲ ਹੋਈ ਨੂੰ ਅਠਤਾਲੀ ਘੰਟੇ ਹੋ ਚੱਲੇ ਹਨ। ਪਾਣੀ ਲਈ ਤਰਸ ਰਹੇ ਹਾਂ। ਸਾਡੇ ਜਨਰੇਟਰ ਪਾਣੀ ਵਿਚ ਡੁੱਬੇ ਪਏ ਹਨ। ਲੱਗਦੈ ਇਨਵਰਟਰ ਵੀ ਜਵਾਬ ਦੇ ਗਏ ਹਨ। ਹੁਣ ਘੁੱਪ ਹਨ੍ਹੇਰੇ ਵਿਚ ਬੈਠਣਾ ਪੈ ਗਿਆ। ਸਟਾਫ ਦਾ ਕੀ ਕਰੀਏ? ਕੁਝ ਸੁਝ ਨਹੀਂ ਰਿਹਾ। ਆਲੇ-ਦੁਆਲਿਓਂ ਖਬਰਾਂ ਆਉਣੀਆਂ ਵੀ ਬੰਦ ਹੋ ਗਈਆਂ ਹਨ। ਅੱਜ ਤਾਂ ਅਖ਼ਬਾਰਾਂ ਵੀ ਪ੍ਰਿੰਟ ਨਹੀਂ ਹੋ ਸਕਣੀਆਂ। ਟੈਲੀਵੀਜ਼ਨ ਚੱਲ ਨਹੀਂ ਰਹੇ। ਫੋਨ ਚਾਰਜ ਕਰਨ ਜੋਗੀ ਵੀ ਬਿਜਲੀ ਨਹੀਂ ਬਚੀ। ਤੇਜ਼ ਮੀਂਹ ਅਤੇ ਪਾਣੀ ਦਾ ਵਹਾਅ ਵਧੀ ਜਾ ਰਿਹਾ ਹੈ। ਪਾਣੀ ਮਾਰੋ ਮਾਰ ਕਰਦਾ ਸ਼ਹਿਰ ਵੱਲ ਵੱਧ ਰਿਹਾ ਹੈ। ਅਸੀਂ ਭੱਜੇ ਆਉਂਦੇ ਪਾਣੀ ਨੂੰ ਸ਼ੀਸ਼ਿਆਂ ਵਿਚ ਦੀ ਦੇਖ-ਦੇਖ ਤ੍ਰਭਕ ਰਹੇ ਹਾਂ।

''ਦਾਤਿਆ, ਹੁਣ ਤੇ ਤੂੰ ਹੀ ਬਚਾਵਣਹਾਰ ਏ।'' ਵਿਵੇਕ ਜੋਸ਼ੀ ਜੀ ਬੁਰੀ ਤਰ੍ਹਾਂ ਸਹਿਮ ਗਏ ਹਨ।

ਸਾਰਿਆਂ ਦੀਆਂ ਕਾਰਾਂ ਪਾਣੀ ਵਿਚ ਡੁੱਬ ਗਈਆਂ ਹਨ। ਹਾਏ ਮੇਰੀ ਕਾਰ? ...ਮੇਰਾ ਹਾਉਂਕਾ ਨਿਕਲਿਆ ਹੈ। ਚਾਲੀ-ਪੰਜਾਹ ਸਟਾਫ ਮੈਂਬਰ ਅੰਦਰ ਹਨ। ਸਾਨੂੰ ਇਨ੍ਹਾਂ ਦੀ ਚਿੰਤਾ ਸਤਾਈ ਜਾ ਰਹੀ ਹੈ। ਜੇ ਜਾਹ ਜਾਂਦੀ ਹੋ ਗਈ..। ਜਨਰਲ ਮੈਨੇਜਰ ਮਿਸ਼ਰਾ ਜੀ ਫੋਨ 'ਤੇ ਪਾਠ ਲਾ ਦੇਵੀ ਦੇਵਤਿਆਂ ਦੀ ਅਰਾਧਨਾ ਕਰਨ ਲੱਗ ਪਏ ਹਨ। ਕਿਸੇ ਨੂੰ ਵੀ ਕੁਝ ਸੁੱਝ ਨਹੀਂ ਰਿਹਾ। ਅੱਜ ਦੋ ਦਿਨ ਹੋ ਗਏ, ਕਿਸੇ ਨੇ ਮੂੰਹ ਨੂੰ ਅੰਨ ਲਾ ਕੇ ਨਹੀਂ ਦੇਖਿਆ। ਹੁਣ ਤਾਂ ਪੀਣ ਲਈ ਪਾਣੀ ਦਾ ਤੁਪਕਾ ਵੀ ਨਹੀਂ ਬਚਿਆ। ਜੇ ਸਾਡਾ ਮੀਡੀਏ ਵਾਲਿਆਂ ਦਾ ਇਹ ਹਾਲ ਹੈ, ਆਮ ਲੋਕਾਈ ਦਾ ਕੀ ਹੋਏਗਾ? ਹੇਠਲੀ ਬਿਲਡਿੰਗ ਪੂਰੀ ਤਰ੍ਹਾਂ ਪਾਣੀ ਵਿਚ ਡੁੱਬ ਚੁੱਕੀ ਹੈ। ਅਸੀਂ ਕੁਝ ਬੰਦੇ ਦੂਜੀ ਮੰਜ਼ਿਲ 'ਤੇ ਹਾਂ ਤੇ ਕੁਝ ਤੀਜੀ 'ਤੇ। ਸਾਡੇ ਨਾਲੋਂ ਵੀ ਮਾੜਾ ਹਾਲ ਵੱਡੇ ਮੌਲ ਦਾ ਹੋਇਆ ਹੈ। ਇਹ ਸਾਡੇ ਤੋਂ ਡੇਢ ਕੁ ਕਿਲੋਮੀਟਰ ਦੀ ਦੂਰੀ 'ਤੇ ਸ਼ਹਿਰ ਤੋਂ ਬਾਹਰ ਹੈ। ਸਾਡੇ ਪੱਤਰਕਾਰ ਨੇ ਇਸ ਨੂੰ ਦੂਜੇ ਦਿਨ ਹੀ ਡੁੱਬਦੇ ਦਿਖਾ ਦਿੱਤਾ ਸੀ। ਪਹਿਲੀ ਤੇ ਦੂਜੀ ਮੰਜ਼ਿਲ ਦਾ ਸਾਰਾ ਸਮਾਨ ਪਾਣੀ ਵਿਚ ਰੁੜ੍ਹ ਗਿਆ ਸੀ। ਮਸਾਂ ਹੀ ਫੌਜ ਨੇ ਤੀਜੀ ਮੰਜ਼ਿਲ 'ਤੇ ਫਸੇ ਮੁਲਾਜ਼ਮਾਂ ਨੂੰ ਬਾਹਰ ਕੱਢਿਆ ਸੀ। ਚੰਦ ਮਿੰਟਾਂ ਬਾਅਦ ਇਹ ਇਮਾਰਤ ਰੁੜ੍ਹ ਗਈ ਸੀ। ਦਰਅਸਲ ਇਸ ਸਮਾਰਟ ਬਾਜ਼ਾਰ ਕੋਲੋਂ ਲੰਘਦੀ ਵੇਈਂ ਤਾਂ ਸਭ ਨੂੰ ਦਿਖਦੀ ਹੈ। ਜੋ ਨਹੀਂਦਿਖਦਾ, ਉਹ ਇਥੇ ਚੋਅ ਹੁੰਦਾ ਸੀ। ਇਸ ਚੋਅ ਨੂੰ ਪੂਰ ਕੇ ਇਹ ਵੱਡੀਆਂ-ਵੱਡੀਆਂ ਇਮਾਰਤਾਂ ਖੜ੍ਹੀਆਂ ਕਰ ਲਈਆਂ ਸਨ।

''ਤੁਸੀਂ ਲੱਖ ਇਮਾਰਤਾਂ ਖੜ੍ਹੀਆਂ ਕਰ ਲਵੋ। ਪਾਣੀ ਆਪਣਾ ਰਾਹ ਤਲਾਸ਼ ਲੈਂਦਾ ਹੈ। ਇਸ ਖਵਾਜੇ ਤੋਂ ਕੋਈ ਨ੍ਹੀਂ ਬਚਿਆ। ਇਹਨੇ ਸਭ ਇਮਾਰਤਾਂ ਢਾਹੁਣੀਆਂ।'' ਇਕ ਹੱਥ ਜੋੜੀ ਖੜ੍ਹਾ ਬਜ਼ੁਰਗ ਸਾਡੇ ਪੱਤਰਕਾਰ ਨੂੰ ਦੱਸ ਰਿਹਾ ਹੈ।

ਕੀ ਪਤਾ ਸੀ, ਦੋ ਦਿਨ ਬਾਅਦ ਸਮਾਰਟ ਬਾਜ਼ਾਰ ਵਾਲਾ ਹਸ਼ਰ ਸਾਡਾ ਵੀ ਹੋ ਸਕਦੈ। ਅੱਜ ਚਾਰ ਦਿਨ ਹੋ ਗਏ, ਨਾ ਕੋਈ ਮੁਲਾਜ਼ਮ ਡਿਊਟੀ ਆ ਸਕਿਆ। ਜਿਹੜੇ ਆਏ ਹੋਏ ਹਨ, ਉਹ ਘਰਾਂ ਨੂੰ ਨਹੀਂ ਜਾ ਸਕੇ। ਭੁੱਖ ਨਾਲ ਢਿੱਡ ਵਿਚ ਚੂਹੇ ਨੱਚ ਰਹੇ ਹਨ। ਹੁਣ ਤਾਂ ਅਸੀਂ ਪ੍ਰਾਹੁਣੇ ਈ ਆਂ। ਪਤਾ ਨਹੀਂ ਕਦੋਂ ਬਿਲਡਿੰਗ ਡਿੱਗ ਪਵੇ ਤੇ ਅਸੀਂ ਮਲਬੇ ਹੇਠ ਦੱਬੇ ਜਾਈਏ। ਪਾਣੀ ਦੀ ਕੰਧ ਦੀ ਕੰਧ ਤਾਂ ਆਉਂਦੀ ਆ। ਇਹਦੇ ਮੋਹਰੇ ਕਿੰਨਾ ਚਿਰ ਇਮਾਰਤ ਟਿਕੀ ਰਹਿ ਜਾਊ।

ਬਹੁਤ ਜ਼ੋਰ ਦੀ ਬੱਦਲ ਗਰਜੇ ਹਨ। ...ਲੈ ਬਈ, ਆਹ ਤਾਂ ਧਮਾਕਾ ਸਾਡੀ ਬਿਲਡਿੰਗ ਕੋਲ ਹੋਇਆ ਲਗਦਾ। ਮੈਂ ਕਾਲਜਾ ਫੜ ਕੇ ਬੈਠ ਗਿਆ ਹਾਂ। ਮਿਸ਼ਰਾ ਜੀ ਤੇ ਜੋਸ਼ੀ ਜੀ ਕੰਬਦੇ-ਕੰਬਦੇ ਤੀਜੀ ਮੰਜ਼ਿਲ ਲਈ ਪੌੜੀ ਚੜ੍ਹਨ ਲੱਗੇ ਹਨ। ਇਨ੍ਹਾਂ ਨਾਲੋਂ ਤਾਂ ਆਹ ਸੰਗੀਤਾ ਹੁਰੀਂ ਬਹਾਦਰ ਹਨ। ਇਹ ਸੱਤ-ਅੱਠ ਕੁੜੀਆਂ ਹੌਂਸਲੇ ਵਿਚ ਦਿਖਾਈ ਦੇ ਰਹੀਆਂ।

''ਸਰ, ਕੁਝ ਨ੍ਹੀਂ ਹੁੰਦਾ। ਇਹ ਕੁਦਰਤੀ ਆਫਤ ਆਈ ਆ। ਇਹਨੇ ਟਲ ਜਾਣਾ।''

''ਸਰ ਜੀ, ਮੇਰਾ ਦਾਦਾ ਦਸਦਾ ਸੀ। ਇਕ ਵਾਰ ਲਗਾਤਾਰ ਤਿੰਨ ਸਾਲ ਬਾਰਸ਼ਾਂ ਹੋਈਆਂ ਸਨ। ਉਦੋਂ ਵੀ ਲੋਕ ਬਚੇ ਸਨ। ਆਪਾਂ ਵੀ ਬਚ ਜਾਣਾ ਆ।'' ਸਾਡਾ ਚਪੜਾਸੀ ਗਿਆਨ ਬੋਲਿਆ ਏ।

ਇਹ ਹਮੇਸ਼ਾ ਚੜ੍ਹਦੀ ਕਲਾ ਵਿਚ ਹੀ ਰਹਿੰਦਾ ਆ। ਇਹ ਦੋ ਦਿਨ ਪਾਣੀ ਵਿਚੋਂ ਲੰਘ ਕੇ ਢਾਬੇ ਤੋਂ ਸਾਡੇ ਲਈ ਖਾਣਾ ਲਿਆਉਂਦਾ ਰਿਹਾ। ਪਹਿਲੇ ਦਿਨ ਤਾਂ ਪਾਣੀ ਇਹਦੇ ਲੱਕ ਤੱਕ ਸੀ। ਦੂਜੇ ਦਿਨ ਗਰਦਨ ਤੱਕ ਸੀ। ਮੈਂ ਇਹਨੂੰ ਭੇਜ ਕੇ ਰਾਜ਼ੀ ਨਹੀਂ ਸੀ ਪਰ ਇਹ ਮੰਨਣ ਵਾਲੀ ਜਿਣਸ ਆ? ਇਹ ਤਾਂ ਹੁਣ ਵੀ ਜਾਣ ਨੂੰ ਤਿਆਰ ਬੈਠਾ।

''ਸਰ ਜੀ, ਮੈਂ ਤਰ ਕੇ ਚਲਾ ਜਾਣਾ। ਤੁਹਾਡੇ ਲਈ ਗੁਰਦੁਆਰਾ ਸਾਹਬ ਤੋਂ ਲੰਗਰ ਲੈ ਆਉਨਾ। ਅਸੀਂ ਲੋਕ ਤਾਂ ਭੁੱਖ ਕੱਟ ਲੈਨੇ ਆਂ। ਤੁਹਾਡੇ ਮੂੰਹਾਂ ਵੱਲ ਦੇਖਿਆ ਨ੍ਹੀਂ ਜਾਂਦਾ।''

''ਗਿਆਨ, ਬੰਦਾ ਬਣ। ਜੇ ਮਰ ਗਿਆ। ਤੇਰਾ ਕਤਲ ਸਾਡੇ ਸਿਰ ਪੈ ਜਾਣਾ। ਸਾਰੀ ਉਮਰ ਤੇਰੇ ਟੱਬਰ ਨੂੰ ਰੋਟੀ ਮਾਲਕਾਂ ਨੂੰ

ਦੇਣੀ ਪੈ ਜਾਣੀ ਆ।'' ਇਹ ਤੁਰਨ ਲੱਗਾ ਤਾਂ ਮੈਨੇਜਰ ਸਾਹਿਬ ਇਹਨੂੰ ਪੈ ਨਿਕਲੇ।

ਗਿਆਨ ਨੂੰ ਸਾਰਿਆਂ ਦਾ ਫ਼ਿਕਰ ਆ। ਇਹ ਸਾਰਿਆਂ ਦੇ ਛੋਟੇ ਮੋਟੇ ਕੰਮ ਵੀ ਕਰੀ ਜਾ ਰਿਹਾ। ਥੋੜ੍ਹੇ-ਥੋੜ੍ਹੇ ਚਿਰ ਬਾਅਦ ਪੌੜੀਆਂ ਵੱਲ ਜਾਂਦਾ ਹੈ ਤੇ ਮੂੰਹ ਬਾਹਰ ਕੱਢ ਕੇ ਪਾਣੀ ਦਾ ਪੱਧਰ ਦੇਖ ਕੇ ਆਉਂਦਾ ਹੈ। ਮਿੰਟ-ਮਿੰਟ ਦੀ ਖਬਰ ਦੇਈ ਜਾਂਦਾ। ਅੱਜ ਸਾਡੇ ਲਈ ਇਹ ਅਖ਼ਬਾਰ ਆ। ਇਹਦੇ ਉਲਟ ਸੇਠ ਜੀ ਸਾਡੀ ਖਬਰ ਹੀ ਨਹੀਂ ਲੈ ਰਹੇ। ਅੱਜ ਉਨ੍ਹਾਂ ਦਾ ਫੋਨ ਨਹੀਂ ਆਇਆ। ਦਰਅਸਲ ਜਦੋਂ ਮੈਨੇਜਰ ਸਾਹਿਬ ਨੇ ਉਨ੍ਹਾਂ ਨੂੰ ਇਹ ਖ਼ਬਰ ਸੁਣਾਈ।

''ਸਰ, ਸਾਰੀ ਮਸ਼ੀਨਰੀ ਪਾਣੀ ਵਿਚ ਡੁੱਬ ਗਈ ਹੈ।''

ਉਦੋਂ ਹੀ ਉਨ੍ਹਾਂ ਦੀ ਆਵਾਜ਼ ਡੁੱਬ ਗਈ ਸੀ। ਪਤਾ ਨਹੀਂ, ਕਿਹੜੇ ਹਾਲ ਵਿਚ ਹੋਣ ਵਿਚਾਰੇ। ਇਹਨਾਂ ਧਨਾਢ ਲੋਕਾਂ ਕੋਲ ਜਦ ਧਨ ਦੇ ਅੰਬਾਰ ਲਗਦੈ ਆ ਤਾਂ ਇਹ ਬਹੁਤ ਫ਼ੈਲਦੇ ਆ। ਜਦੋਂ ਇਨ੍ਹਾਂ ਦੇ ਘਰੋਂ ਧਨ ਜਾਂਦੈ, ਇਹ ਢਹਿੰਦੇ ਵੀ ਬਹੁਤ ਜਲਦੀ ਆ। ਇਹਨਾਂ ਨਾਲੋਂ ਤਾਂ ਗਿਆਨ ਵਰਗੇ ਗਰੀਬ ਬੰਦੇ ਹੌਂਸਲੇ ਵਿਚ ਹਨ। ਇਹ ਹੁਣੇ ਸਾਨੂੰ ਹਸਾ ਕੇ ਹਟਿਆ।

''ਸਰ ਜੀ ਘਬਰਾਓ ਨਾ। ਸਾਡੇ ਕੋਲ ਸੁਪਰ ਕੰਪਿਊਟਰ ਤੇ ਏ ਆਈ ਨਾਲ ਚੱਲਣ ਵਾਲੇ ਰੋਬੋਟ ਹਨ। ਇਹ ਕੰਪਿਊਟਰ ਤਾਂ ਦਾਲ ਰੋਟੀ ਵੀ ਬਣਾ ਸਕਦੇ ਆ। ਸਾਨੂੰ ਕਿਸੇ ਨੂੰ ਕਮਾਂਡ ਨ੍ਹੀਂ ਦੇਣੀ ਆਉਂਦੀ। ....ਹਾਂ ਸੱਚ, ਮੈਨੇਜਰ ਸਾਹਿਬ ਨੇ ਰੋਬੋਟਾਂ ਨੂੰ ਕਮਾਂਡ ਦਿੱਤੀ ਆ। ਉਹ ਬਾਹਰ ਗਏ ਆ, ਖਾਣਾ ਲੈਣ।''

ਸਾਡੇ ਸਾਰਿਆਂ ਦੇ ਕੰਨ ਬਾਹਰ ਵੱਲ ਨੂੰ ਹੋ ਗਏ ਹਨ। ਸਾਨੂੰ ਲੱਗਾ ਸੱਚੀਂ ਗਏ ਹੋਣਗੇ। ਉਂਝ ਵੀ ਸਾਰੇ ਕੰਮ ਤਾਂ ਏਹੀ ਕਰਦੇ ਹਨ। ਹੁਣ ਰੋਟੀ ਲਿਆਉਣਾ ਇਨ੍ਹਾਂ ਲਈ ਕਿੱਡਾ ਕੁ ਕੰਮ ਆ?

''ਸਰ, ਇਹ ਮਰ ਜਾਣਾ ਗਿਆਨ ਟਿੱਚਰਾਂ ਕਰਦੈ।'' ਸੰਗੀਤਾ ਦੀ ਗੱਲ ਸੁਣ ਕੇ ਸਾਰੇ ਹੱਸ ਪਏ ਹਨ।

''ਜੀ, ਮੈਂ ਕਾਹਨੂੰ ਟਿੱਚਰਾਂ ਕਰਦਾ। ਮੈਨੂੰ ਸਹੁੰ ਲੱਗੇ ਸੇਠ ਜੀ ਦੇ ਭਾਪੇ ਦੀ। ਮੈਂ ਆਪ ਛੜੱਪ-ਛੜੱਪ ਕਰਕੇ ਜਾਂਦੇ ਦੇਖੇ ਆ। ਉਹ ਦੇਖੋ ਤਾਂ ਭਾਂਡੇ ਖੜਕਾਉਂਦੇ ਆ ਰਹੇ ਆ।'' ਗਿਆਨ ਦੀ ਗੱਲ ਸੁਣ ਕੇ ਅਸੀਂ ਸਾਰੇ ਹੱਸ ਪਏ ਹਾਂ।

''ਜਿਹੜੀ ਪਾਰਟੀ ਮੋਨੀਟਰ ਕਰਦੀ ਹੈ। ਉਹ ਹੜ੍ਹ ਵਿਚ ਫਸੇ ਲੋਕਾਂ ਲਈ ਦਵਾਈਆਂ, ਖਾਣਾ ਤੇ ਕੱਪੜੇ ਡਰੋਨ ਰਾਹੀਂ ਪਹੁੰਚਾਉਂਦੀ ਹੈ। ਪਰ ਡਰੋਨ ਹਵਾ ਵਿਚ ਉੱਡਦੇ ਹਨ, ਮੀਂਹ ਵਿਚ ਨਹੀਂ। ਮੀਂਹ ਵਿਚ ਇਨ੍ਹਾਂ ਦਾ ਸਰਕਟ ਸ਼ਾਟ ਹੋ ਜਾਂਦਾ ਹੈ। ਜਾਂ ਫੇਰ ਹੈਲੀਕਾਪਟਰ ਵਸਤਾਂ ਪਹੁੰਚਾ ਸਕਦਾ ਹੈ। ਸਮੁੰਦਰ ਵਿਚ ਸੋਨਾਰ ਜਾਂਦੇ ਹਨ।'' ਸਾਡਾ ਕੰਪਿਊਟਰ ਇੰਜੀਨੀਅਰ ਸੀਰੀਅਸ ਗੱਲਾਂ ਕਰਨ ਲੱਗ ਪਿਆ ਹੈ।

''ਤੇ ਜਿਹੜੇ ਸਾਡੇ ਆਹ ਰੋਬੋਟ ਮਹਾਰਾਜ ਆ? ਜਿਨ੍ਹਾਂ ਦੀ ਸਾਡੇ ਵੱਡੇ-ਵੱਡੇ ਰੱਜੇ ਰੱਜੇ ਲੋਕ ਪੂਜਾ ਕਰਦੇ ਹਨ।'' ਗਿਆਨ ਦੀ ਗੱਲ ਸੁਣ ਕੇ ਫੇਰ ਹਾਸਾ ਮੱਚ ਗਿਆ ਹੈ।

''ਅਜੇ ਵਿਗਿਆਨੀ ਪਾਣੀ ਵਿਚ ਚਲਣ ਵਾਲੇ ਰੋਬੋਟ ਨਹੀਂ ਬਣਾ ਸਕੇ। ਉਂਝ ਉਹ ਲੱਗੇ ਹੋਏ ਆ। ਬਹੁਤ ਸਾਲ ਲੱਗ ਜਾਣਗੇ। ਜੇ ਤੁਸੀਂ ਆਪਣੇ ਵਾਲੇ ਰੋਬੋਟਾਂ ਨੂੰ ਬਾਹਰ ਭੇਜ ਦਿੱਤਾ। ਇਨ੍ਹਾਂ ਦੇ ਸਰਕਟ ਸ਼ਾਟ ਹੋ ਜਾਣਗੇ ਤੇ ਇਹ ਲਾਸ਼ਾਂ ਬਣ ਜਾਣਗੇ। ਇਹ ਲੱਖਾਂ ਦੇ ਰੋਬੋਟ ਕੱਖਾਂ ਜੋਗੇ ਵੀ ਨ੍ਹੀਂ ਰਹਿਣਗੇ।''

ਕੰਪਿਊਟਰ ਇੰਜੀਨੀਅਰ ਦੀ ਗੱਲ ਸੁਣ ਕੇ ਮੈਂ ਕਹਿਣਾ ਚਾਹਿਆ, ਇਹ ਲਾਸ਼ਾਂ ਬਣਨ ਜਾਂ ਨਾ। ਅਸੀਂ ਜਲਦੀ ਹੀ ਬਣ ਜਾਵਾਂਗੇ ਪਰ ਮੈਂ ਕਿਹਾ ਨਹੀਂ। ਅੱਜ ਤਾਂ ਪਤਨੀ, ਬੇਟੀ ਤੇ ਬੇਟੇ ਦਾ ਵੀ ਫੋਨ ਨਹੀਂ ਆਇਆ। ਉਹ ਵੀ ਸਾਡੇ ਵਾਂਗ...। ਲਗਦੈ, ਉਹਨਾਂ ਦੀ ਵੀ ਬਿਜਲੀ, ਪਾਣੀ ਤੇ ਫੋਨ ਬੰਦ ਗਏ ਹੋਣਗੇ। ਉਂਝ ਵੀ ਮੈਂ ਸਵੇਰੇ ਫੇਸਬੁੱਕ 'ਤੇ ਪੋਸਟ ਪਾਈ ਸੀ।

''ਦੋਸਤੋ, ਹੜ੍ਹ ਵਿਚ ਬੁਰੀ ਤਰ੍ਹਾਂ ਘਿਰ ਗਏ ਹਾਂ। ਨਾ ਬਿਜਲੀ ਹੈ ਨਾ ਪਾਣੀ। ਕੋਈ ਫੋਨ ਨਾ ਕਰਿਓ। ਫੋਨ ਚਾਰਜ ਨ੍ਹੀਂ ਹੋਣਾ। ਐਮਰਜੈਂਸੀ ਲਈ ਦੋ ਚਾਰ ਡੰਡੇ ਰਹਿ ਗਏ ਹਨ। ਜੇ ਜਿਉਂਦੇ ਰਹੇ ਤਾਂ ਮਿਲਾਂਗੇ।''

...ਅਸੀਂ ਔਖੇ ਸੌਖੇ ਰਾਤ ਕੱਟ ਲਈ ਹੈ ਪਰ ਪਤੰਦਰ ਮੀਂਹ ਨੇ ਇਕ ਮਿੰਟ ਸਾਹ ਨਹੀਂ ਲਿਆ। ਬੱਸ ਡਿਗੀ ਜਾ ਰਿਹਾ। ਪਿਛਲੇ ਦੋ ਸਾਲਾਂ ਵਿਚ ਪੰਜਾਬ ਦੀ ਧਰਤੀ 'ਤੇ ਮੀਂਹ ਦੀ ਇਕ ਬੂੰਦ ਵੀ ਨਹੀਂ ਪਈ। ਅਸੀਂ ਧੁੱਪਾਂ ਤੇ ਲੂਆਂ ਵਿਚ ਸੜ ਭੁੱਜ ਗਏ। ਖੇਤਾਂ ਵਿਚ ਸੋਕਾ ਪੈ ਗਿਆ ਸੀ। ਹਾਲ ਤਾਂ ਹੁਣ ਵੀ ਦੋ ਮਹੀਨੇ ਤੋਂ ਏਹੀ ਸੀ। ਪਰ ਕੀ ਪਤਾ ਸੀ, ਇਹ ਕਹਿਰ ਸਾਡੇ 'ਤੇ ਟੁੱਟ ਪੈਣਾ ਸੀ। ਦੇਖ ਲਓ, ਅੱਜ ਪੰਜਵਾਂ ਦਿਨ ਚੱਲ ਪਿਆ। ਉਂਝ ਹੁਣ ਸਵੇਰ ਦਾ ਭਾਰਾ ਮੀਂਹ ਨਹੀਂ ਪੈ ਰਿਹਾ। ਥੋੜ੍ਹਾ ਘੱਟ ਗਿਆ ਹੈ। ਜਿਹੜੀ ਪਾਣੀ ਦੀ ਕੰਧ ਦੀ ਕੰਧ ਛੱਲ ਆਉਂਦੀ ਸੀ, ਉਹ ਵੀ ਹਟ ਗਈ ਹੈ ਸਗੋਂ ਭਾਰਾ ਮੀਂਹ ਬੂੰਦਾ ਬਾਂਦੀ ਵਿਚ ਬਦਲ ਗਿਆ ਹੈ। ਦੁਪਹਿਰ ਦੇ ਬਾਰਾਂ ਵੱਜ ਗਏ ਹਨ। ਰਾਤ ਪਾਣੀ ਗਰਾਉਂਡ ਫਲੋਰ ਦੀ ਛੱਤ ਤੋਂ ਥੋੜ੍ਹਾ ਥੱਲੇ ਸੀ। ਹੁਣ ਲੱਗਦੈ, ਘੱਟ ਕੇ ਸੱਤ-ਅੱਠ ਫੁੱਟ ਰਹਿ ਗਿਆ ਹੋਵੇ। ਮੈਨੇਜਰ ਸਾਹਿਬ ਤੇ ਜੋਸ਼ੀ ਸਰ ਵੀ ਤੀਜੀ ਮੰਜ਼ਿਲ ਤੋਂ ਸਾਡੇ ਕੋਲ ਆ ਗਏ ਹਨ। ਉਨ੍ਹਾਂ ਨੂੰ ਵੀ ਥੋੜ੍ਹਾ ਸੁੱਖ ਦਾ ਸਾਹ ਆਇਆ ਲਗਦਾ। ਕੁੜੀਆਂ ਦੇ ਚਿਹਰਿਆਂ ਦਾ ਤਣਾਅ ਵੀ ਘਟਿਆ ਹੈ।

''...ਹਾਂ ਬਈ ਸ਼ਹਿਰੀਓ, ਡਰਿਓ ਨਾ। ਅਸੀਂ ਆ ਗਏ ਪਿੰਡਾਂ ਵਾਲੇ। ਨਾਲੇ ਪਾਣੀ ਤੇਜ਼ੀ ਨਾਲ ਘੱਟ ਰਿਹਾ ਹੈ। ਸ਼ਹਿਰ ਦੇ ਬਾਹਰ ਦੀਆਂ ਸੜਕਾਂ ਤਾਂ ਸਾਫ ਹੋ ਗਈਆਂ। ਉਧਰ ਦੁਕਾਨਾਂ ਵੀ ਖੁੱਲ੍ਹ ਗਈਆਂ ਹਨ। ਤੁਹਾਡੇ ਵੱਲ ਵੀ ਘੱਟ ਜਾਣਾ ਇਕ ਦੋ ਦਿਨਾਂ 'ਚੋਂ ਪਾਣੀ। ਤੁਹਾਡੀ ਵਾਲੀ ਮਾਰਕੀਟ ਵੀ ਖੁੱਲ੍ਹ ਜਾਣੀ ਆ। ਜਲਦੀ ਹੀ ਬਿਜਲੀ ਪਾਣੀ ਵੀ ਆ ਜਾਣਾ।'' ਸਪੀਕਰ 'ਚੋਂ ਕਿਸੇ ਦੀ ਆਵਾਜ਼ ਆਈ ਹੈ। ਬੰਦੇ ਬਦਲ ਬਦਲ ਕੇ ਬੋਲ ਰਹੇ ਹਨ।

''ਇਹ ਸਾਲੇ ਕਿਹੜੇ ਭੂਠੇ ਆ ਗਏ।'' ਮੇਰੇ ਮੂੰਹੋਂ ਹੋਰ ਗਾਲ੍ਹ ਨਿਕਲਣ ਲੱਗੀ ਸੀ।

ਬੂੰਦਾ ਬਾਂਦੀ ਵੀ ਹਟ ਗਈ ਹੈ। ਅਸੀਂ ਕਮਰਿਆਂ 'ਚੋਂ ਨਿਕਲ ਕੇ ਬਾਹਰ ਜੰਗਲੇ ਕੋਲ ਆ ਖੜ੍ਹੇ ਹੋਏ ਹਾਂ। ਲੋਕ ਚੁਬਾਰਿਆਂ, ਮੰਮਟੀਆਂ ਅਤੇ ਛੱਤਾਂ 'ਤੇ ਖੜ੍ਹੇ ਹਨ। ਹੌਂਸਲੇ ਭਰੀਆਂ ਸਪੀਕਰ ਦੀਆਂ ਆਵਾਜ਼ਾਂ ਨੇੜੇ ਤੋਂ ਆਉਣ ਲੱਗ ਪਈਆਂ ਹਨ। ਇਨ੍ਹਾਂ ਬੋਲਾਂ ਨਾਲ ਸਾਡੇ ਲੋਕਾਂ ਵਿਚ ਜਾਨ ਪੈ ਗਈ ਹੈ। ਅਜੇ ਵੀ ਲੋਕਾਂ ਦੇ ਚਿਹਰਿਆਂ ਤੋਂ ਡਰ ਅਤੇ ਸਹਿਮ ਪੜ੍ਹਿਆ ਜਾ ਸਕਦਾ ਹੈ। ਕੋਈ ਪਹਿਲੀ ਮੰਜ਼ਿਲ 'ਤੇ ਖੜ੍ਹਾ ਤੇ ਕੋਈ ਦੂਜੀ 'ਤੇ। ਮੋਹਰੇ-ਮੋਹਰੇ ਜੇ ਸੀ ਬੀ ਮਸ਼ੀਨ ਤੁਰੀਂ ਹੋਈ ਹੈ। ਡਰਾਈਵਰ ਨਾਲ ਚੀਫ ਐਡੀਟਰ ਵਰਿੰਦਰ ਭਾਟੀਆ ਬੈਠੇ ਹੋਏ ਹਨ। ਪਿੱਛੇ ਟਰੈਕਟਰ ਟਰਾਲੀਆਂ 'ਤੇ ਪਿੰਡਾਂ ਦੇ ਲੋਕ ਲੰਗਰ ਲਈ ਆ ਰਹੇ ਹਨ। ਇਹ ਨੌਜਵਾਨ ਗੱਭਰੂ ਪਾਣੀ ਦੀ ਪ੍ਰਵਾਹ ਨਹੀਂ ਕਰ ਰਹੇ। ਉਹ ਲੋਕਾਂ ਨੂੰ ਲੰਗਰ ਵਰਤਾ ਰਹੇ ਹਨ। ਪਾਣੀ ਦੀਆਂ ਬੋਤਲਾਂ ਦੇ ਰਹੇ ਹਨ। ਸਾਡੇ ਵਾਲੇ ਪਾਸੇ ਪਾਣੀ ਜ਼ਿਆਦਾ ਹੈ। ਭਾਟੀਆ ਸਰ ਨੇ ਇਕ ਲੜਕੇ ਨੂੰ ਲੰਗਰ ਦੇ ਕੇ ਜੇ ਸੀ ਬੀ ਦੇ ਮੂੰਹ 'ਤੇ ਬਿਠਾਇਆ ਆ। ਡਰਾਈਵਰ ਮੂੰਹ ਨੂੰ ਉਪਰ ਤੱਕ ਲੈ ਆਇਆ ਹੈ। ਮੈਨੂੰ ਡਰ ਲੱਗ ਰਿਹਾ ਪਰ ਨੌਜਵਾਨ ਮਾੜਾ ਵੀ ਘਾਬਰਿਆ ਨਹੀਂ। ਉਪਰ ਬੰਦੇ ਜ਼ਿਆਦਾ ਹਨ। ਨੌਜਵਾਨਾਂ ਨੇ ਬਾਲਟੀਆਂ ਵਿਚ ਸਬਜ਼ੀਆਂ, ਪਾਣੀ ਅਤੇ ਰੋਟੀਆਂ ਰੱਖ ਲਈਆਂ ਹਨ। ਆਪਣੀਆਂ ਪੱਗਾਂ ਨਾਲ ਬਾਲਟੀਆਂ ਬੰਨ੍ਹ ਦਿੱਤੀਆਂ ਹਨ। ਪੱਗਾਂ ਦਾ ਦੂਜਾ ਪਾਸਾ ਸਾਡੇ ਵੱਲ ਵਗਾਹ ਮਾਰਿਆ ਹੈ। ਕੁਝ ਮਿੰਟਾਂ ਵਿਚ ਹੀ ਅਸੀਂ ਬਾਲਟੀਆਂ ਉਪਰ ਨੂੰ ਖਿੱਚ ਲਈਆਂ ਹਨ। ਜੇ ਸੀ ਬੀ ਦੇ ਮੂੰਹ ਦੀ ਮਦਦ ਨਾਲ ਵਰਿੰਦਰ ਸਰ ਅਤੇ ਕੁਝ ਨੌਜਵਾਨ ਵੀ ਉਪਰ ਆ ਗਏ ਹਨ। ਉਹ ਖਾਣਾ ਵਰਤਾਉਣ ਲੱਗ ਪਏ ਹਨ। ਮੈਂ ਪਾਣੀ ਦੀਆਂ ਤਿੰਨ-ਚਾਰ ਬੋਤਲਾਂ ਡੀਕ ਗਿਆ ਹਾਂ। ਜਿਵੇਂ ਸਦੀਆਂ ਤੋਂ ਪਿਆਸਾ ਹੋਵਾਂ। ਏਹੀ ਹਾਲ ਬਾਕੀਆਂ ਦਾ ਆ। ਇਨ੍ਹਾਂ ਸਾਡੇ ਹੱਥਾਂ ਉੱਤੇ ਫੁਲਕੇ ਰੱਖੇ ਹਨ ਤੇ ਫੁਲਕਿਆਂ ਉੱਤੇ ਸਬਜ਼ੀ। ਅਸੀਂ ਸੁਆਦ-ਸੁਆਦ ਵਿਚ ਕਈ-ਕਈ ਫੁਲਕੇ ਛੱਕ ਗਏ ਹਾਂ।

''ਯਾਰ, ਐਨਾ ਸੁਆਦੀ ਖਾਣਾ! ਐਨਾ ਸੁਆਦੀ ਖਾਣਾ ਤਾਂ ਮੇਰੀ ਮਾਂ ਬਣਾਉਂਦੀ ਹੁੰਦੀ ਸੀ। ਅੱਜ ਤੁਸੀਂ ਉਹਦੇ ਵਰਗਾ ਖਾਣਾ..।'' ਅਚਾਨਕ ਮੇਰੇ ਮੂੰਹੋਂ ਇਹ ਸ਼ਬਦ ਨਿਕਲੇ ਹਨ।

ਸਭਨਾਂ ਦੀਆਂ ਅੱਖਾਂ ਵਿਚ ਅੱਥਰੂ ਆ ਗਏ ਹਨ। ਮੋਈਆਂ ਮਾਵਾਂ ਯਾਦ ਆ ਗਈਆਂ ਹਨ। ਮੈਂ ਅੱਥਰੂ ਪੂੰਝੇ ਨਹੀਂ, ਵਗਣ ਦੇ ਰਿਹਾਂ। ਮੈਂ ਕਦੇ ਵਰਿੰਦਰ ਸਰ ਵੱਲ, ਕਦੇ ਨੌਜਵਾਨਾਂ ਵੱਲ ਦੇਖ ਰਿਹਾਂ ਤੇ ਕਦੇ ਏ ਆਈ ਮਸ਼ੀਨਾਂ ਵੱਲ। ਮੇਰੀ ਨਿਗ੍ਹਾ ਟਿਕ ਨਹੀਂ ਰਹੀ। ਵਰਿੰਦਰ ਸਰ ਨੇ ਮੇਰੇ ਮੋਢੇ 'ਤੇ ਹੱਥ ਰੱਖਿਆ ਹੈ। ਪਰਨੇ ਨਾਲ ਮੇਰੀਆਂ ਅੱਖਾਂ ਪੂੰਝੀਆਂ ਹਨ। ਇਹ ਬੜੇ ਠਰੰਮੇ ਨਾਲ ਬੋਲੇ ਹਨ।

''ਸੂਰੀ ਸਾਹਿਬ, ਕੁਦਰਤੀ ਆਫ਼ਤਾਂ ਸਾਨੂੰ ਵਾਰ-ਵਾਰ ਖਬਰਦਾਰ ਕਰ ਰਹੀਆਂ ਹਨ ਕਿ ਆਰਟੀਫੀਸ਼ੀਅਲ ਇੰਟੈਲੀਜੈਂਸ ਤੇ ਸੁਪਰ ਕੰਪਿਊਟਰਜ਼ ਵਰਗੀਆਂ ਤਕਨੀਕਾਂ ਸਿਰਫ ਕਾਰਪੋਰੇਟਾਂ ਦੇ ਮੁਨਾਫ਼ੇ ਲਈ ਵਰਤੀਆਂ ਜਾ ਰਹੀਆਂ ਹਨ।.. ਅਜਿਹੇ ਸੰਕਟਾਂ ਵੇਲੇ ਆਮ ਬੰਦੇ ਦਾ ਹੱਥ ਆਮ ਬੰਦਾ ਹੀ ਫੜਦਾ ਹੈ।''

ਉਨ੍ਹਾਂ ਦੀ ਇਸ ਗੱਲ ਦਾ ਜਵਾਬ ਨਾ ਮੇਰੇ ਕੋਲ ਹੈ, ਨਾ ਵਿਜੈ ਸ਼ੇਖ਼ਰ ਮਿਸ਼ਰਾ ਕੋਲ ਤੇ ਨਾ ਵਿਵੇਕ ਜੋਸ਼ੀ ਕੋਲ। ਦਿੱਲੀ ਬੈਠੇ ਸੇਠਾਂ ਕੋਲ ਤਾਂ ਕੀ ਹੋਣਾ।... ਹਾਂ, ਗਿਆਨ ਕੋਲ ਹੋਏਗਾ। ਇਹ ਜ਼ਰੂਰ ਸਿਰ ਹਿਲਾ ਰਿਹਾ। ਉਹ ਹੀ ਰੋਬੋਟ ਕੋਲ ਖੜ੍ਹਾ ਭਾਟੀਆ ਸਰ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਤੱਕ ਰਿਹਾ ਹੈ। ਭਾਟੀਆ ਸਰ, ਨੌਜਵਾਨ ਤੇ ਗਿਆਨ ਅਗਲੀ ਬਿਲਡਿੰਗ 'ਤੇ ਫਸੇ ਲੋਕਾਂ ਨੂੰ ਲੰਗਰ ਖੁਆਉਣ ਲਈ ਤੁਰ ਪਏ ਹਨ।

ਅਜਮੇਰ ਸਿੱਧੂ ਦੀਆਂ ਕਹਾਣੀਆਂ ਦਾ ਵਿਸ਼ਾ ਵਸਤੂ ਪੰਜਾਬ ਦੇ ਸਮਾਜਕ ਯਥਾਰਥ ਤੋਂ ਲੈ ਕੇ ਬ੍ਰਹਿਮੰਡੀ ਵਿਗਿਆਨ ਤੱਕ ਫੈਲਿਆ ਹੋਇਆ ਹੈ। ਉਨ੍ਹਾਂ ਨੇ ਹਾਸ਼ੀਏ ਤੇ ਧੱਕੇ ਦਲਿਤਾਂ ਅਤੇ ਦਮਿਤਾਂ ਦੀ ਬਾਤ ਪਾਈ ਹੈ। ਉਨ੍ਹਾਂ ਦੀਆਂ ਕਹਾਣੀਆਂ ਵਿੱਚ ਵਿਗਿਆਨਕ ਸੋਚ, ਯਥਾਰਥਵਾਦੀ ਸੋਝੀ, ਮਾਨਵੀ ਸੰਵੇਦਨਾ, ਬੌਧਿਕ ਕਲਪਨਾ ਅਤੇ ਕ੍ਰਾਂਤੀਕਾਰੀ ਚੇਤਨਾ ਇਕੋ ਵੇਲੇ ਨਾਲੋ ਨਾਲ ਮੌਜੂਦ ਰਹਿੰਦੀਆਂ ਹਨ। ਉਨ੍ਹਾਂ ਨਾ ਕੇਵਲ ਪੰਜਾਬੀ ਦੀ ਪ੍ਰਗਤੀਵਾਦੀ ਯਥਾਰਥਵਾਦੀ ਸ਼ੈਲੀ ਦੀ ਕਹਾਣੀ ਵਿੱਚ ਹੀ ਨਵੇਂ ਪ੍ਰਯੋਗ ਕੀਤੇ ਸਗੋਂ ਅਸਲੋ ਨਵੀਂ ਸ਼ੈਲੀ ਦੀ ਵਿਗਿਆਨਕ ਗਲਪ ਵੀ ਲਿਖੀ। ਉਨ੍ਹਾਂ ਦੀ ਵਾਰਤਕ ਸ਼ੈਲੀ ਕਮਾਲ ਹੈ, ਜਿਸ ਵਿੱਚ ਤੱਥਗਰੱਤ ਜਾਣਕਾਰੀ, ਇਤਿਹਾਸਕ ਬੋਧ ਅਤੇ ਸੁੰਦਰ ਸ਼ਬਦ ਚੋਣ ਹੁੰਦੀ ਹੈ।





# ਰੈਲੇਟਿਵਟੀ (ਸਾਪੇਖਤਾ)

ਡਾ. ਦੇਵਿੰਦਰ ਪਾਲ ਸਿੰਘ

ਬਚਪਨ ਵਿਚ 'ਮਿਸਟਰ ਇੰਡੀਆ' ਫਿਲਮ ਦੇਖੀ ਤਾਂ ਵਿਗਿਆਨ ਗਲਪ ਰਚਨਾਵਾਂ ਪੜ੍ਹਣ ਦਾ ਸ਼ੌਂਕ ਜਾਗ ਪਿਆ। 'ਕੋਈ ਮਿਲ ਗਿਆ' ਫਿਲਮ ਨੇ ਬ੍ਰਹਿਮੰਡ ਵਿਚ ਮੌਜੂਦ ਹੋਰ ਸਭਿਅਤਾਵਾਂ ਦੀ ਹੋਂਦ ਦੀ ਦੱਸ ਪਾਈ। ਕਾਲਜ਼ ਦੀ ਪੜ੍ਹਾਈ ਦੇ ਦਿਨ੍ਹਾਂ ਵਿਚ ਐੱਚ ਜੀ ਵੈੱਲਜ਼, ਜੂਲਜ ਵਰਨੇ, ਆਈਸਕ ਐਸੀਮੋਵ, ਅਰਥਰ ਸੀ ਕਲਾਰਕ ਤੇ ਡਗਲਸ ਐਡਮਜ਼ ਦੀਆਂ ਰਚਨਾਵਾਂ ਨੇ ਅਜਿਹਾ ਮੋਹ ਲਿਆ ਕਿ ਵਿਗਿਆਨ ਗਲਪ ਦੀ ਦੁਨੀਆਂ ਦਾ ਹੀ ਹੋ ਕੇ ਰਹਿ ਗਿਆ ਸਾਂ।

ਅੰਗਰੇਜ਼ੀ ਫਿਲਮਾਂ 'ਈ. ਟੀ.' 'ਏਲੀਅਨਜ਼,' 'ਮੈਂਨ ਇੰਨ ਬਲੈਕ,' 'ਇੰਡੀਪੈਂਡੈਂਸ ਡੇ,' 'ਮਾਰਸ ਅਟੈਕਸ,' 'ਟਰਮੀਨੇਟਰ,' 'ਪਲੇਨੈੱਟ ਆਫ ਐਪਸ,' '2012' ਤੇ 'ਐਵੀਟਾਰ'ਨੇ ਇਸ ਸ਼ੌਂਕ ਨੂੰ ਹੋਰ ਹਵਾ ਦਿੱਤੀ। 'ਸਟਾਰ ਟਰੈਕ'ਤੇ 'ਸਟਾਰ ਵਾਰਜ਼' ਟੀ. ਵੀ. ਸੀਰੀਅਲਾਂ ਨੇ ਤਾਂ ਇਸ ਸ਼ੌਂਕ ਨੂੰ ਜਨੂੰਨ ਦੀ ਹੱਦ ਤਕ ਪਹੁੰਚਾ ਦਿੱਤਾ ਸੀ।

ਪਿਛਲੇ ਢਾਈ ਸਾਲਾਂ ਤੋਂ ਮੈਂ ਅਜਿਹੀਆ ਫਿਲਮਾਂ ਤੇ ਟੀ.ਵੀ. ਪ੍ਰੋਗਰਾਮ ਦੇਖ ਕੇ ਹੀ ਸਮਾਂ ਗੁਜ਼ਾਰਿਆ ਹੈ। ਕਾਰਣ ਸੀ - ਮੇਰੀ ਗਲੀਏਜ਼ ਗ੍ਰਹਿ ਵੱਲ ਦੀ ਲੰਮੀ ਯਾਤਰਾ ਤੇ ਉਸ ਵੈਂਗਣੀ ਧਰਤੀ ਉੱਤੇ ਮੇਰੀ ਰਿਹਾਇਸ਼ ਦਾ ਸਮਾਂ। ਨਾ ਤਾਂ ਉਸ ਗ੍ਰਹਿ ਉੱਤੇ ਕੋਈ ਜੀਵ-ਜੰਤੂ ਹੀ ਨਜ਼ਰ ਆਇਆ ਤੇ ਨਾ ਹੀ ਕੋਈ ਮਨੁੱਖ ਜਾਂ ਉਸ ਦਾ ਹਮਸ਼ਕਲ। ਹਾਂ, ਅਜੀਬੋ ਗਰੀਬ ਸ਼ਕਲਾਂ ਵਾਲੇ ਪੌਦੇ ਤੇ ਰੁੱਖ ਜ਼ਰੂਰ ਸਨ ਉੱਥੇ। ਮੈਨੂੰ ਯਕੀਨ ਹੈ ਕਿ ਮੈਂ ਇਸ ਗ੍ਰਹਿ ਬਾਰੇ ਬਹੁਤ ਹੀ ਦਿਲਚਸਪ ਖੋਜਾਂ ਕਰ ਕੇ ਪਰਤ ਰਿਹਾ ਹਾਂ ਤੇ ਇਹ ਵੀ ਬਿਲਕੁਲ ਸਹੀ ਹੀ ਹੈ ਕਿ ਮੈਂ ਬਾਕੀ ਦੀ ਜ਼ਿੰਦਗੀ ਧਰਤੀ ਵਾਸੀਆਂ ਨੂੰ ਇਸ ਗ੍ਰਹਿ ਦੀਆਂ ਕਹਾਣੀਆ ਸੁਣਾ ਸੁਣਾ ਗੁਜ਼ਾਰ ਸਕਦਾ ਹਾਂ।

ਹੁਣ ਤਾਂ ਘਰ ਵੱਲ ਦੀ ਵਾਪਸੀ ਯਾਤਰਾ ਲਗਭਗ ਅੰਤਲੇ ਪੜ੍ਹਾਅ ਉੱਤੇ ਹੀ ਹੈ। ਬੇਸ਼ਕ ਗਲੀਏਜ਼ ਗ੍ਰਹਿ ਤੋਂ ਵਾਪਸੀ ਲਈ ਢਾਈ ਸਾਲ ਦਾ ਸਮਾਂ ਲੱਗਦਾ ਹੈ।

ਪੁਲਾੜ ਯਾਤਰੀ ਹੋਣਾ ਵੀ ਅਜਬ ਗੱਲ ਹੈ। ਮੇਰੇ ਡੈਡ ਦਾ ਕਹਿਣਾ ਸੀ ਕਿ ਲੰਮੇ ਪੁਲਾੜੀ ਸਫ਼ਰ ਦੌਰਾਨ ਯਾਤਰੀਆਂ ਦਾ ਦਿਮਾਗੀ ਸੰਤੁਲਨ ਅਕਸਰ ਗੜਬੜਾ ਜਾਂਦਾ ਹੈ ਤੇ ਉਹ ਅਕਸਰ ਇਕ ਦੂਜੇ ਨੂੰ ਮਾਰ ਮੁਕਾਉਂਦੇ ਹਨ। ਇਸੇ ਕਾਰਣ ਟਾਇਟਨ ਵੱਲ ਭੇਜੇ ਪਹਿਲੇ ਪੁਲਾੜੀ ਮਿਸ਼ਨ ਦੇ ਯਾਤਰੀ ਖੂਨੀ ਲੜਾਈ ਦਾ ਸ਼ਿਕਾਰ ਹੋ ਗਏ। ਤਾਂ ਹੀ ਤਾਂ 'ਟਾਈਟਨ-ਇਕ ਖੂਨੀ ਸਾਕਾ'ਨਾਮੀ ਇਲੈੱਕਟ੍ਰਾਨਿਕ-ਬੁੱਕ ਬਹੁਤ ਹੀ ਚਰਚਿਤ ਹੋਈ ਸੀ ਤੇ ਸਾਲ ਭਰ ਸੱਭ ਤੋਂ ਵਧੇਰੇ ਪੜ੍ਹੀ ਜਾਣ ਵਾਲੀ ਕਿਤਾਬ ਰਹੀ।

ਮਨੁੱਖੀ ਮਨੋਵਿਗਿਆਨ ਸੰਬੰਧਤ ਇਸ ਤਜਰਬੇ ਨੇ ਵਿਸ਼ਵ ਪੁਲਾੜੀ ਸੰਸਥਾ (WSO) ਨੂੰ ਇਹ ਦੱਸ ਪਾਈ ਕਿ ਗੰਭੀਰ ਤਣਾਉ ਵਾਲੇ ਹਾਲਤਾਂ ਵਿਚ ਮਰਦਾਂ ਤੇ ਔਰਤਾਂ ਦੇ ਸਾਂਝੇ ਇੱਕਠ ਲਈ ਸਹਿਜ ਵਿਵਹਾਰ ਕਰਣਾ ਸੰਭਵ ਨਹੀਂ ਹੁੰਦਾ। ਤਦ ਪੁਲਾੜੀ ਮਿਸ਼ਨਾਂ ਵਿਚ ਰੋਬੋਟਿਕ ਕਾਰਜਾਂ ਦੇ ਕੰਟ੍ਰੋਲ ਤੇ ਅਣਕਿਆਸੀਆਂ ਮੁਸ਼ਕਲਾਂ ਦੇ ਹੱਲ ਲਈ ਇੱਕਲੇ ਮਰਦ ਜਾਂ ਔਰਤ ਨੂੰ ਭੇਜਣ ਦਾ ਚਲਣ ਸ਼ੁਰੂ ਹੋ ਗਿਆ ਸੀ।

ਉਸ ਸਮੇਂ ਮਾਹਿਰਾਂ ਦਾ ਖਿਆਲ ਸੀ ਕਿ ਕਿਸੇ ਅਣਵਿਆਹੇ, ਤਲਾਕਸ਼ੁਦਾ ਜਾਂ ਛੁੱਟੜ ਨੂੰ ਅਜਿਹੇ ਕਾਰਜ ਲਈ ਭੇਜਣਾ ਵਧੇਰੇ ਸਹੀ ਹੋਵੇਗਾ। ਪਰ ਇਹ ਸੋਚ ਵੀ ਸਹੀ ਸਿੱਧ ਨਾ ਹੋਈ ਕਿਉਂ ਕਿ ਅਜਿਹੇ ਮਨੁੱਖ, ਪੁਲਾੜੀ ਇੱਕਲਤਾ ਵਿਚ ਗੰਭੀਰ ਨਿਰਾਸ਼ਤਾ ਦਾ ਸ਼ਿਕਾਰ ਹੋ ਸੰਤੁਲਨ ਗੁਆ ਬੈਠੇ। ਧਰਤੀ ਉੱਤੇ ਤਾਂ ਉਹ ਸ਼ਾਦੀ-ਸ਼ੁਦਾ ਹੋਣ ਦੇ ਸੁਪਨੇ ਤਾਂ ਲੈ ਸਕਦੇ ਸਨ ਤੇ ਅਜਿਹੇ ਸੁਪਨਿਆਂ ਦੇ ਸੱਚ ਹੋਣ ਦੀ ਸੰਭਾਵਨਾ ਵੀ ਨੇੜੇ ਹੀ ਲੱਗਦੀ ਸੀ। ਪਰ ਪੁਲਾੜ ਦੀ ਅਸੀਮ ਇੱਕਲਤਾ ਵਿਚ ਤਾਂ ਕਈ ਰੌਸ਼ਨੀ ਸਾਲਾਂ ਦੀ ਦੂਰੀ ਤੱਕ ਕਿਸੇ ਹੋਰ ਮਨੁੱਖ ਦੀ ਭਿਣਕ ਵੀ ਨਹੀਂ ਸੀ ਪੈਂਦੀ। ਅਜਿਹੀ ਤਲਖ਼ ਹਕੀਕਤ ਨੇ ਤਾਂ ਉਨ੍ਹਾਂ ਦੇ ਦਿਲੋ ਦਿਮਾਗ ਦਾ ਤਵਾਜ਼ਨ ਹੀ ਹਿਲਾ ਕੇ ਰੱਖ ਦਿੱਤਾ। ਇਸੇ ਲਈ ਵਿਸ਼ਵ ਪੁਲਾੜੀ ਸੰਸਥਾ ਨੇ ਸ਼ਾਦੀ-ਸ਼ੁਦਾ ਮਨੁੱਖਾਂ ਨੂੰ ਹੀ ਪੁਲਾੜੀ ਮਿਸ਼ਨ ਉੱਤੇ ਭੇਜਣ ਦਾ ਨਿਰਣਾ ਕੀਤਾ। ਹਾਂ......ਮੈਂ ਸ਼ਾਦੀ-ਸ਼ੁਦਾ ਹਾਂ। ਮੇਰੀ ਪਤਨੀ ਹੈ ਤੇ ਬੱਚੇ ਵੀ। ਤੇ ਮੈਂ ਹਾਂ ਆਪਣੇ ਪਰਿਵਾਰ ਲਈ ਪੂਰੀ ਤਰ੍ਹਾਂ ਸਮਰਪਿਤ ਮਨੁੱਖ। ਹਾਂ......ਮੇਰੇ ਬੱਚੇ ਵੱਡੇ ਹੋ ਚੁੱਕੇ ਸਨ। ਜਦ ਮੈਂ ਧਰਤੀ ਤੋਂ, ਗਲੀਏਜ਼ ਗ੍ਰਹਿ ਵੱਲ ਚਲਿਆ ਸਾਂ ਤਾਂ ਮੇਰਾ ਬੇਟਾ ਜਿੰਮੀ 20 ਸਾਲਾਂ ਦਾ ਸੀ ਤੇ ਬੇਟੀ ਸਿੰਮੀ 18 ਸਾਲਾਂ ਦੀ।

ਤੇ ਮੇਰੀ ਪਤਨੀ ਤਾਨੀਆ ਮੇਰੇ ਵਾਂਗ 40 ਸਾਲਾਂ ਦੀ ਸੀ। ਪਰ ਅਸੀਂ ਪਹਿਲਾਂ ਵੀ ਕਾਫ਼ੀ ਸਮਾਂ ਅਲੱਗ ਅਲੱਗ ਗੁਜ਼ਾਰਿਆ ਸੀ। ਉਹ ਕਲਾਤਮਕ ਰੁਚੀਆਂ ਦੀ ਮਾਲਕ ਸੀ - ਇਕ ਪ੍ਰੋਫ਼ੈਸ਼ਨਲ ਆਰਟਿਸਟ। ਹਰ ਸਾਲ ਤਿੰਨ ਜਾਂ ਚਾਰ ਮਹੀਨੇ ਉਹ ਆਪਣੇ ਟਰੁੱਪ ਨਾਲ ਦੇਸ਼-ਵਿਦੇਸ਼ ਵਿਚ ਪ੍ਰੋਗਰਾਮ ਕਰਨ ਜਾਂਦੀ ਸੀ। ਮੈਂ ਵੀ ਇਕ ਵਾਰ ਉਸ ਦੇ ਨਾਲ ਅਜਿਹੇ ਦੌਰੇ 'ਤੇ ਗਿਆ ਸਾਂ। ਪਰ ਇਹ ਸ਼ਾਦੀ ਦੇ ਮੁੱਢਲੇ ਦਿਨ੍ਹਾਂ ਦੀ ਗੱਲ ਸੀ।

ਧਰਤੀ ਤੋਂ ਨਿਕਾਸੀ ਬਿਜਲ-ਚੁੰਬਕੀ ਪ੍ਰਦੂਸ਼ਣ ਨੇ ਵਿਸ਼ਵ ਪੁਲਾੜ ਸੰਸਥਾ ਨਾਲ ਮੇਰਾ ਸੰਪਰਕ ਗੜਬੜਾ ਦਿੱਤਾ ਹੈ। ਮੈਂ ਸੋਚ ਰਿਹਾ ਹਾਂ ਕਿ ਆਖਰਕਾਰ ਜਦ ਮੈਂ ਧਰਤੀ 'ਤੇ ਪੁੱਜਾਂਗਾ ਤਾਂ ਮੇਰਾ ਕਿਹੋ ਜਿਹਾ ਸਵਾਗਤ ਹੋਵੇਗਾ?

*****

ਉਸ ਸਵੇਰ, ਮੈਂ ਸੂਟਕੇਸ ਪੈਕ ਕਰ ਰਿਹਾ ਸਾਂ। ਇਹ ਦੇਖ ਤਾਨੀਆ ਨੇ ਹਮੇਸ਼ਾਂ ਵਾਂਗ ਹੀ ਨਾਟਕੀ ਅੰਦਾਜ਼ ਵਿਚ ਪੁੱਛਿਆ, 'ਹੁਣ ਕਿਧਰ ਦੀਆਂ ਤਿਆਰੀਆਂ ਨੇ?'

'ਗਲੀਏਜ਼-C ਗ੍ਰਹਿ।......ਇਹ ਗਲੀਏਜ਼ ਤਾਰਾ ਸਿਸਟਮ ਦਾ ਤੀਜਾ ਗ੍ਰਹਿ ਹੈ।'

'ਹਾਂ ਜਾਣਦੀ ਹਾਂ। ਪਰ ਇਸ ਯਾਤਰਾ ਨੂੰ ਕਿੰਨ੍ਹਾਂ ਕੁ ਸਮਾਂ ਲੱਗੇਗਾ?'

'ਕੁੱਲ, ਉਸ ਗ੍ਰਹਿ ਉੱਤੇ ਰਿਹਾਇਸ਼ ਦੇ ਸਮੇਂ ਸਮੇਤ?......ਛੇ ਸਾਲ। ਢਾਈ ਸਾਲ ਜਾਣ ਲਈ, ਇਕ ਸਾਲ ਖੋਜ ਕਰਨ ਲਈ ਤੇ ਢਾਈ ਸਾਲ ਵਾਪਸੀ ਲਈ।'

'ਛੇ ਸਾਲ?'

'ਹਾਂ! ਮੇਰੇ ਨਜ਼ਰੀਏ ਤੋਂ!' ਮੈਂ ਅੱਖਾਂ ਚੁਰਾਂਦਿਆਂ ਕਿਹਾ।

'ਕੀ ਮਤਲਬ? ਤੇਰੇ ਨਜ਼ਰੀਏ ਤੋਂ?.....ਓਹ!......ਓਹ!.....ਤੇ ਮੇਰੇ ਨਜ਼ਰੀਏ ਤੋਂ ਕਿੰਨ੍ਹਾਂ ਸਮਾਂ ਹੋਵੇਗਾ ਇਹ?'

'ਸਤਾਈ ਸਾਲ।'

'ਸਤਾਈ ਸਾਲ?'

'ਡਾਰਲਿੰਗ! ਜ਼ਰਾ ਸੋਚੋ!' ਮੈਂ ਸੋਫੇ ਤੋਂ ਉਠਦਿਆਂ ਕਿਹਾ, 'ਜਦੋਂ ਮੈਂ ਵਾਪਸ ਆਵਾਂਗਾ ਤਾਂ ਤੇਰਾ ਪਤੀ ਤੇਰੇ ਨਾਲੋਂ 21 ਸਾਲ ਛੋਟਾ ਹੋਵੇਗਾ ਤੇ ਤੂੰ ਹੋਵੇਗੀ ਇਕ ਗਭਰੂ ਪਤੀ ਦੀ ਪਤਨੀ।'

ਮੇਰਾ ਖਿਆਲ ਸੀ ਕਿ ਉਹ ਮੇਰੇ ਇਸ ਮਜ਼ਾਕ ਉੱਤੇ ਹੱਸ ਪਵੇਗੀ ਪਰ ਅਜਿਹਾ ਨਹੀਂ ਸੀ ਹੋਇਆ। ਨਾ ਹੀ ਉਸ ਨੇ ਮਸਲੇ ਦੀ ਘੁੰਡੀ ਫੜਣ ਵਿਚ ਹੀ ਸਮਾਂ ਗੁਆਇਆ।

'ਕੀ ਤੂੰ ਚਾਹੁੰਦਾ ਹੈ ਕਿ ਮੈਂ ਤਦ ਤਕ ਤੇਰਾ ਇੰਤਜ਼ਾਰ ਕਰਾਂ?'

ਮੈਂ ਗਹਿਰਾ ਸਾਹ ਲਿਆ। 'ਮੈਂ ਕੁਝ ਨਹੀਂ ਚਾਹੁੰਦਾ। ਮੈਂ ਤਾਂ ਸਿਰਫ਼ ਇੰਨ੍ਹਾਂ ਹੀ ਜਾਣਦਾ ਹਾਂ ਕਿ ਮੈਂ ਇਸ ਮੌਕੇ ਨੂੰ ਹੱਥੋਂ ਗੁਆਣਾ ਨਹੀਂ ਚਾਹੁੰਦਾ।'

'ਤੇਰਾ ਪਰਿਵਾਰ ਹੈ! ਬੱਚੇ ਨੇ!'

'ਕਈ ਲੋਕ, ਕਈ ਕਈ ਸਾਲ ਬੱਚਿਆਂ ਨੂੰ ਮਿਲਿਆਂ ਬਿਨ੍ਹਾਂ ਹੀ ਜੀਂਦੇ ਨੇ। ਜਿੰਮੀ ਤੇ ਸਿੰਮੀ ਸਿਆਣੇ ਨੇ। ਜੁਦਾਈ ਸਹਿ ਲੈਣਗੇ।'

'ਤੇ ਮੈਂ ਕੀ ਕਰਾਂਗੀ?'

ਮੈਂ ਉਸ ਨੂੰ ਗਲਵਕੜੀ ਪਾ ਆਪਣੇ ਨਾਲ ਘੁੱਟ ਲਿਆ ਪਰ ਉਹ ਇਕ ਸ਼ਤੀਰ ਵਾਂਗ ਸਿੱਧੀ ਤੇ ਸਖ਼ਤ ਸੀ।

'ਤੂੰ ਵੀ ਜੁਦਾਈ ਸਹਿ ਲਵੇਗੀ।'ਮੈਂ ਕਿਹਾ।

*****

ਕੀ ਮੈਂ ਬੁਰਾ ਪਿਤਾ ਹਾਂ? ਨਹੀਂ, ਅਜਿਹਾ ਤਾਂ ਨਹੀਂ। ਜਦੋਂ ਮੈਂ ਧਰਤੀ 'ਤੇ ਸਾਂ, ਮੈਂ ਬੱਚਿਆਂ ਦੇ ਹਰ ਪ੍ਰੋਗਰਾਮ ਵਿਚ ਜਾਂਦਾ ਸਾਂ। ਜਿੰਮੀ ਤੇ ਸਿੰਮੀ ਨੂੰ ਕਹਾਣੀਆਂ ਸੁਣਾਂਦਾ ਸਾਂ ਤੇ ਤਾਨੀਆ ਨੂੰ ਮੈਂ ਚਿੱਤਰਕਾਰੀ ਸਿਖਾਈ। ਉਸ ਨੂੰ ਅਜਿਹੀ ਲੋੜ ਤਾਂ ਨਹੀਂ ਸੀ ਪਰ ਉਸ ਨੂੰ ਚਿੱਤਰਕਾਰੀ ਦਾ ਸ਼ੌਂਕ ਸੀ ਤੇ ਮੈਨੂੰ ਵੀ। ਵਿਸ਼ਵ ਪੁਲਾੜੀ ਸੰਸਥਾ ਦੇ ਮਾਹਿਰ ਵਧੀਆ ਮਨੋਵਿਗਿਆਨਕ ਵੀ ਸਨ। ਜਦੋਂ ਮੈਂ ਧਰਤੀ ਤੋਂ ਚੱਲਣਾ ਸੀ, ਉਨ੍ਹਾਂ ਨੇ ਕੰਪਿਊਟਰ ਦੀ ਮਦਦ ਨਾਲ, ਸਤਾਈ ਸਾਲਾਂ ਬਾਅਦ ਜਿੰਮੀ ਤੇ ਸਿੰਮੀ ਕਿਦਾਂ ਦੇ ਲੱਗਣਗੇ, ਦੇ ਹਾਲੋਗ੍ਰਾਮ ਬਣਾ ਲਏ ਤਾਂ ਜੋ ਮੇਰੀ ਵਾਪਸੀ ਸਮੇਂ, ਉਨ੍ਹਾਂ ਨਾਲ ਮੇਰੀ ਮੁਲਾਕਾਤ ਸਮੇਂ ਮੈਨੂੰ ਅਚੰਭਾ ਨਾ ਹੋਵੇ।

ਇਨ੍ਹਾਂ ਹਾਲੋਗ੍ਰਾਮਾਂ ਵਿਚ, ਜਿੰਮੀ ਮੇਰੀ ਉਮਰ ਦਾ ਲੱਗਦਾ ਸੀ। ਉਸ ਦੇ ਵਾਲ ਚਿੱਟੇ-ਸਲੇਟੀ ਰੰਗੇ ਸਨ ਤੇ ਚਿਹਰਾ ਹਲਕੀਆਂ ਝੁਰੜੀਆਂ ਵਾਲਾ। ਇਨ੍ਹਾਂ ਹਾਲੋਗ੍ਰਾਮਾਂ ਨੇ ਮੈਨੂੰ ਚਿੰਤਤ ਕਰ ਦਿੱਤਾ ਸੀ ਕਿ ਮੇਰੀ ਗੈਰਹਾਜ਼ਰੀ ਵਿਚ ਮੇਰੇ ਬੱਚਿਆਂ ਨਾਲ ਪਤਾ ਨਹੀਂ ਕੀ ਕੁਝ ਵਾਪਰ ਸਕਦਾ ਸੀ। ਲਾਜ਼ਮੀ ਫੌਜੀ ਸਿਖਲਾਈ ਕਾਰਣ ਪਤਾ ਨਹੀਂ ਜਿੰਮੀ ਨੂੰ ਕਿਧਰੇ ਕਿਹੜੀ ਜੰਗ ਵਿਚ ਜਾਣਾ ਪਵੇ। ਕਈ ਵਾਰ ਤਾਂ ਉਹ ਔਰਤਾਂ ਨੂੰ ਵੀ ਅਜਿਹੇ ਕੰਮਾਂ ਵਿਚ ਭੇਜ ਦਿੰਦੇ ਨੇ ਤੇ ਸਿੰਮੀ ਤਾਂ ਛੋਟੀ ਹੈ। ਤੇ ਹਾਂ, ਹਮੇਸ਼ਾਂ ਛੋਟੇ ਬੱਚਿਆਂ ਨੂੰ ਪਹਿਲਾਂ ਮਰਨ ਲਈ ਭੇਜਿਆ ਜਾਂਦਾ ਹੈ। ....... ਹੁਣ ਤਾਂ ਜਿੰਮੀ ਦੇ ਵੀ ਬੱਚੇ ਹੋ ਗਏ ਹੋਣਗੇ। ਤਦ ਅਜੇ ਉਹ ਯੂਨੀਵਰਸਿਟੀ ਵਿਚ ਪੜ੍ਹਦਾ ਸੀ। ਮੇਰੇ ਪੋਤੇ-ਪੋਤੀਆਂ ਤਾਂ ਹੁਣ ਮੇਰੇ ਬੱਚਿਆਂ ਜਿੱਡੇ ਹੋ ਗਏ ਹੋਣਗੇ, ਜਦ ਮੈਂ ਉਨ੍ਹਾਂ ਨੂੰ ਪਿੱਛੇ ਛੱਡ ਆਇਆ ਸਾਂ।

ਮੈਂ ਤਾਂ ਸੱਭ ਕੁਝ ਚਾਹੁੰਦਾ ਸਾਂ, ਪਤਨੀ, ਬੱਚੇ, ਪ੍ਰੋਫ਼ੈਸ਼ਨਲ ਤਰੱਕੀ ਤੇ ਤਾਰਿਆਂ ਦਾ ਸਾਥ। ਹਾਂ, ਮੈਂ ਲਗਭਗ ਸਭ ਕੁਝ ਹੀ ਪਾ ਲਿਆ।....... ਪਰ ਮੈਂ ਜ਼ਿੰਦਗੀ ਦੇ ਖੂਬਸੂਰਤ ਪਲਾਂ ਵਿਚੋਂ ਕੁਝ ਕੁ ਨੂੰ ਤਾਂ ਯਕੀਨਨ ਪ੍ਰਾਪਤ ਨਹੀਂ ਕਰ ਸਕਿਆ ਤੇ ਉਹ ਨੇ ਆਪਣੇ ਪਿਆਰੇ ਪੋਤੇ-ਪੋਤੀਆਂ ਨਾਲ ਚੁਹਲਬਾਜ਼ੀਆਂ ਦੇ ਪਲ।

ਹਾਂ, ਸ਼ਾਇਦ ਜਿੰਮੀ ਤੇ ਸਿੰਮੀ ਦੇ ਬੱਚਿਆਂ ਦੇ ਬੱਚੇ ਵੀ ਤਾਂ ਹੋਣਗੇ। ਤਦ ਮੈਂ ......ਮੈਂ ਉਨ੍ਹਾਂ ਦਾ ਕੀ ਲੱਗਾਂਗਾ? 'ਓਹ.....ਓਹ!.....ਉਨ੍ਹਾਂ ਦਾ ਪੜ੍ਹਦਾਦਾ।'

ਉਮਰ ਦੇ 46 ਸਾਲਾਂ ਦੇ ਪੜ੍ਹਾਅ ਉੱਤੇ ਜਦੋਂ ਮੈਂ ਧਰਤੀ 'ਤੇ ਪੁੱਜਾਂਗਾ, ਤਦ ਸ਼ਾਇਦ ਮੇਰਾ ਨਾਮ 'ਗਿੰਨੀਜ਼ ਬੁੱਕ ਆਫ਼ ਸਪੇਸ ਰਿਕਾਰਡਜ਼'ਵਿਚ ਦਰਜ਼ ਕਰ ਲਿਆ ਜਾਵੇਗਾ।

ਤੇ ਇਹੋ ਹੀ ਤਾਂ ਮੈਂ ਚਾਹੁੰਦਾ ਸਾਂ।

*****

ਸੂਰਜ ਮੰਡਲ ਦਾ ਕੋਈ ਬਾਹਰੀ ਕਿਨਾਰਾ ਨਹੀਂ ਹੈ। ਸੂਰਜ ਦਾ ਪ੍ਰਭਾਵ ਤਾਂ, ਲਗਭਗ ਇਕ ਰੌਸ਼ਨੀ ਸਾਲ ਦੀ ਦੂਰੀ ਤੱਕ, ਹੌਲੇ ਹੌਲੇ ਖਤਮ ਹੋ ਜਾਂਦਾ ਹੈ। ਕਿਉਂ ਕਿ ਇਸ ਦੂਰੀ ਤੱਕ ਹੀ ਸੂਰਜ ਦੀ ਗੁਰੂਤਵੀ ਖਿੱਚ ਵਿਚ ਬੱਝੇ ਧੂਮਕੇਤੂ (ਕਾਮੇਂਟ) ਹੋਂਦ ਰੱਖਦੇ ਨੇ। ਇਸੇ ਲਈ ਸੂਰਜ ਮੰਡਲ ਦਾ ਘੇਰਾ, ਬੌਣੇ ਗ੍ਰਹਿ ਪਲੂਟੋ ਦੇ ਪਰਕਰਮਾ ਪੱਥ ਦੀ ਅਧਿਕਤਮ ਦੂਰੀ ਨੂੰ ਹੀ ਮੰਨਿਆ ਜਾਂਦਾ ਹੈ।

ਜਦੋਂ ਹੀ ਮੇਰੇ ਪੁਲਾੜੀ ਵਾਹਣ ਨੇ ਪਲੂਟੋ ਗ੍ਰਹਿ ਦੇ ਪ੍ਰਕਰਮਾ ਪੱਥ ਨੂੰ ਪਾਰ ਕੀਤਾ, ਵਾਹਣ ਦੇ ਮੁੱਖ ਕੰਪਿਊਟਰ ਨੇ ਦੱਸ ਪਾਈ ਕਿ ਮੈਂ ਸੂਰਜ ਮੰਡਲ ਵਿਚ ਦਾਖ਼ਿਲ ਹੋ ਚੁੱਕਾ ਹਾਂ। ਤੇ ਮੈਂ ਜਾਣ ਗਿਆ ਸਾਂ ਕਿ ਮੈਂ ਹੁਣ ਜਾਣੇ-ਪਛਾਣੇ ਖੇਤਰ ਵਿਚ ਆ ਪੁੱਜਿਆ ਹਾਂ।

ਯਕੀਨਨ......ਮੈਂ ਹੀਰੋ ਹਾਂ।......ਮੈਂ ਵਿਸ਼ੇਸ਼ ਹਾਂ। ਮੈਂ ਟੀ.ਵੀ. ਉੱਤੇ ਜਾਂ ਜੋ ਵੀ ਇਸ ਦਾ ਬਦਲ ਹੋਵੇਗਾ, ਉਸ ਉੱਤੇ ਨਜ਼ਰ ਆਵਾਂਗਾ। ਪਰ ਕੀ ਮੈਂ ਅਜੇ ਵੀ ਪਤੀ ਹੋਵਾਂਗਾ?......ਬਾਪ ਹੋਵਾਂਗਾ?

ਮੈਂ ਕੰਪਿਊਟਰ ਦੁਆਰਾ ਦਰਸਾਏ ਜਾ ਰਹੇ ਨਕਸ਼ੇ 'ਤੇ ਨਜ਼ਰ ਮਾਰੀ। ਹਰ ਪਲ ਮੈਂ ਘਰ ਦੇ ਨੇੜੇ ਪਹੁੰਚ ਰਿਹਾ ਸਾਂ।

*****

ਤੁਸੀਂ ਸੋਚਦੇ ਹੋਵੋਗੇ ਕਿ ਪੁਰਾਣੇ ਖਿਆਲਾਂ ਵਾਲਾ ਪੁਲਾੜ ਯਾਤਰੀ ਹੋਣਾ ਅਜੋਕੇ ਸਮੇਂ ਵਿਚ ਬੇਮਤਲਬ ਹੈ। ਪਰ ਜ਼ਰਾ ਇਤਹਾਸ ਉੱਤੇ ਨਜ਼ਰ ਮਾਰੋ। ਮੋਢੀ ਪੁਲਾੜ ਯਾਤਰੀ ਯੂਰੀ ਗਾਗਰਿਨ ਸੀ, ਜੋ ਕਈ ਵਾਰ ਪੁਲਾੜ ਵਿਚ ਗਿਆ। ਉਹ ਆਮ

ਲੋਕਾਂ ਵਾਂਗ ਹੀ ਸਥਾਪਿਤ ਰੀਤੀ ਰਿਵਾਜਾਂ ਦਾ ਧਾਰਨੀ ਸੀ ਤੇ ਆਪਣੇ ਪਰਿਵਾਰ ਪ੍ਰਤਿ ਪੂਰੀ ਤਰ੍ਹਾਂ ਸਮਰਪਿਤ।

ਤੇ ਮੇਰਾ ਖਿਆਲ ਹੈ ਕਿ ਮੈਂ ਵੀ ਪੁਰਾਣੇ ਖਿਆਲਾਂ ਵਾਲਾ ਪੁਲਾੜ ਯਾਤਰੀ ਹਾਂ। ਯਕੀਨਨ ਇਹ ਸਹੀ ਹੈ। ਤਾਨੀਆ, ਆਪਣੇ ਪ੍ਰੋਗਰਾਮਾਂ ਕਾਰਣ, ਘਰ ਤੋਂ ਕਈ ਕਈ ਮਹੀਨੇ ਗੈਰਹਾਜ਼ਿਰ ਹੁੰਦੀ ਸੀ ਤਾਂ ਬੱਚਿਆਂ ਦੀ ਦੇਖ-ਰੇਖ ਦਾ ਜ਼ੁੰਮਾ ਮੇਰਾ ਹੀ ਹੁੰਦਾ ਸੀ। ਇਸ ਜ਼ੁੰਮੇਵਾਰੀ ਦੇ ਨਾਲ ਨਾਲ ਮੈਂ ਵਿਸ਼ਵ ਪੁਲਾੜ ਸੰਸਥਾ ਵਿਖੇ ਵੀ ਕੰਮ ਕਰਦਾ ਸਾਂ। ਇਸ ਤੋਂ ਪਹਿਲਾਂ ਮੈਂ ਪੈਟਰੋ ਕੇਨੈਡਾ ਗੈਸ ਸਟੇਸ਼ਨ ਉੱਤੇ ਤੇ ਫਿਰ ਯੂਨੀਵਰਸਿਟੀ ਕੈਂਪਸ ਦੇ ਰੈਸਟੋਰੇਂਟ ਵਿਖੇ ਵੀ ਤਾਂ ਕੰਮ ਕਰਦਾ ਰਿਹਾ ਸਾਂ। ਕਸਟਮਰ ਸੇਲਜ਼ ਸਰਵਿਸ ਤੋਂ ਪੁਲਾੜ ਯਾਤਰੀ ਤਕ ਦਾ ਸਫ਼ਰ ......ਸੱਚ ਹੀ ਇਕ ਵੱਡੀ ਪੁਲਾਂਘ ਸੀ.......ਖਾਸਕਰ ਉਸ ਲਈ, ਜਿਸ ਨੇ ਇਹ ਸਫ਼ਰ ਜੀਵਿਆ ਸੀ।

ਜਦੋਂ ਤਾਨੀਆ ਨੇ ਨਿਊਯਾਰਕ ਵਿਖੇ ਆਪਣਾ ਪ੍ਰੋਗਰਾਮ ਪੇਸ਼ ਕਰਨਾ ਸੀ ਤਾ ਉਸ ਨਾਲ ਕਈ ਨੌਜੁਆਨ ਕਲਾਕਾਰ ਵੀ ਗਏ ਸਨ। ......ਪਤਾ ਨਹੀਂ ਉਹ ਇਨ੍ਹਾਂ ਵਿਚੋਂ ਕਿੰਨ੍ਹਿਆਂ ਨਾਲ ਹਮ-ਬਿਸਤਰ ਹੋਈ ਸੀ। ਬੇਸ਼ਕ ਅਜਿਹੀ ਗੱਲ ਉਸ ਨੇ ਕਦੇ ਮੰਨੀ ਨਹੀਂ ਸੀ ਪਰ ਅਜਿਹੀ ਸੰਭਾਵਨਾ ਤਾਂ ਹਮੇਸ਼ਾਂ ਹੀ ਬਣੀ ਰਹਿੰਦੀ ਸੀ। ਜੇ ਕਿਧਰੇ ਅਜਿਹੀ ਸੰਭਾਵਨਾ ਦਾ ਜ਼ਿਕਰ ਹੋ ਵੀ ਜਾਂਦਾ ਤਾਂ ਤਾਨੀਆ ਨੇ ਤਾਂ ਇਹੋ ਹੀ ਕਹਿਣਾ ਸੀ ਕਿ ਅਜਿਹਾ ਸੁਭਾਵਿਕ ਮਨੁੱਖੀ ਵਿਵਹਾਰ ਹੀ ਹੈ ਜਾਂ ਸ਼ਾਇਦ ਉਸ ਦੇ ਜੀਨਾਂ ਵਿਚ ਹੀ ਅਜਿਹਾ ਹੈ।

ਮੈਂ, ਮੈਂ ਅਜਿਹਾ ਕਦੇ ਨਹੀਂ ਕੀਤਾ। ਬੇਸ਼ਕ ਵਿਸ਼ਵ ਪੁਲਾੜੀ ਸੰਸਥਾ ਵਿਖੇ ਕਈ ਖੂਬਸੂਰਤ ਔਰਤਾਂ ਕੰਮ ਕਰਦੀਆਂ ਸਨ। ਪਰ ਮੈਂ ਸਦਾ ਤਾਨੀਆ ਪ੍ਰਤਿ ਸਮਰਪਿਤ ਸਾਂ, ਪੂਰੀ ਤਰ੍ਹਾਂ ਵਫਾਦਾਰ। ਤੇ ਉਸ ਨੂੰ ਇਹ ਵੀ ਪਤਾ ਸੀ ਕਿ ਮੈਂ ਪਿਛਲੇ ਛੇ ਸਾਲਾਂ ਤੋਂ ਬਿਲਕੁਲ ਇਕੱਲਾ ਹਾਂ। ......ਨਹੀਂ ......ਨਹੀਂ......ਪਿਛਲੇ ਸਤਾਈ ਸਾਲਾਂ ਤੋਂ। ਹਾਂ! ਮੈਨੂੰ ਉਸ ਦੀ ਯਾਦ ਬਹੁਤ ਆਉਂਦੀ ਹੈ। ਮੈਨੂੰ ਉਸ ਦੀ ਹਰ ਯਾਦ ਹੀ ਤੜਪਾਉਂਦੀ ਹੈ......ਉਸ ਦੀ ਹਲਕੀ ਹਲਕੀ ਮਹਿਕ ਦੀ....... ਉਸ ਦੀ ਸ਼ਰਮਾਕਲ ਤੱਕਣੀ ਦੀ.......ਉਸ ਦੀ ਪਿਆਰ ਗਲਵਕੜੀ ਦੀ...... ਪਰ ਕੀ ਉਸ ਨੂੰ ਵੀ ਮੇਰੀ ਯਾਦ ਤੜਪਾਉਂਦੀ ਹੋਵੇਗੀ? ਕੀ ਉਹ ਵੀ ਮੇਰੇ ਇੰਤਜ਼ਾਰ ਵਿਚ ਹੋਵੇਗੀ?

*****

ਪੁਲਾੜੀ ਜਹਾਜ਼ ਹੁਣ ਤੇਜ਼ੀ ਨਾਲ ਧਰਤੀ ਵੱਲ ਵੱਧ ਰਿਹਾ ਸੀ। ਉਹ ਫ਼ਰਸ਼ ਜੋ ਯਾਤਰਾ ਦੇ ਅੱਧ ਤੱਕ ਮੇਰੇ ਪੈਰਾਂ ਹੇਠ ਸੀ, ਹੁਣ ਮੇਰੇ ਕੈਬਿਨ ਦੀ ਛੱਤ ਵਾਂਗ ਨਜ਼ਰ ਆ ਰਿਹਾ ਸੀ। ਮੇਰੀ ਤਾਂ ਪੂਰੀ ਦੁਨੀਆ ਹੀ ਉਲਟੀ ਹੋ ਗਈ ਲੱਗ ਰਹੀ ਸੀ। ਪੁਲਾੜੀ ਜਹਾਜ਼ ਦੀ ਵਿਊ-ਵਿੰਡੋਂ ਸਾਹਮਣੇ ਧਰਤੀ ਦਾ ਵਿਸ਼ਾਲ ਗੋਲਾ ਦਿਖਾਈ ਦੇ ਰਿਹਾ ਸੀ।

ਮੇਰਾ ਪੁਲਾੜੀ ਜਹਾਜ਼, ਅੰਤਰ-ਰਾਸ਼ਟਰੀ ਸਪੇਸ ਸਟੇਸ਼ਨ ਨਾਲ ਡੌਕ (dock) ਨਹੀਂ ਕਰੇਗਾ। ਕਿਉਂ ਕਿ ਅਜੋਕੇ ਸਮੇਂ ਦੀ ਉੱਨਤ ਟੈਕਨਾਲੋਜੀ ਸਾਹਮਣੇ ਸਤਾਈ ਸਾਲ ਪੁਰਾਣੇ ਪੁਲਾੜੀ ਜਹਾਜ਼ ਦੀ ਕੀ ਵੁੱਕਤ ਹੈ? ਮੇਰਾ ਪੁਲਾੜੀ ਜਹਾਜ਼ – ਐਕਸਪਲੋਰਰ (Explorer) , ਜਿਸ ਨੂੰ ਤਾਨੀਆ ਮਜ਼ਾਕੀਆ ਲਹਿਜੇ ਵਿਚ ਹਮੇਸ਼ਾਂ ਐਕਸਪੋ-ਐਰਰ (Expo-error) ਹੀ ਕਹਿੰਦੀ ਸੀ, ਤੋਂ ਪੁਲਾੜੀ ਲੈਂਡਰ ਠੀਕ ਉਵੇਂ ਹੀ ਧਰਤੀ ਦੀ ਸਤਹਿ ਉੱਤੇ ਉਤਰੇਗਾ ਜਿਵੇਂ ਇਹ, ਮੇਰੇ ਕਲੈਂਡਰ ਅਨੁਸਾਰ, ਸਾਢੇ ਤਿੰਨ ਸਾਲ ਪਹਿਲਾਂ ਗਲੀਏਜ਼-ਸੀ ਗ੍ਰਹਿ ਦੀ ਸਤਹਿ ਉੱਤੇ ਉਤਰਿਆ ਸੀ।

ਮੈਂ ਸੰਚਾਰ ਯੰਤਰ ਨੂੰ ਸੁਰ ਕੀਤਾ ਤੇ ਵਿਸ਼ਵ ਪੁਲਾੜੀ ਸੰਸਥਾ ਦੇ ਬੁੰਬਾ ਵਿਖੇ ਮੁੱਖ ਦਫ਼ਤਰ ਨਾਲ ਸਪੰਰਕ ਸਥਾਪਿਤ ਕਰ ਲਿਆ। ਪਰ ਉੱਥੇ ਮੈਨੂੰ ਜਾਨਣ ਵਾਲਾ ਕੋਈ ਵੀ ਨਹੀਂ ਸੀ। ਮੇਰੇ ਸਮਕਾਲੀ ਜਾਂ ਤਾਂ ਰਿਟਾਇਰ ਹੋ ਚੁੱਕੇ ਸਨ ਤੇ ਜਾਂ ਫਿਰ ਕਿਧਰੇ ਹੋਰ ਤਬਦੀਲ ਹੋ ਚੁੱਕੇ ਸਨ। ਖਿਆਲ ਸੀ ਕਿ ਕੋਈ ਤਾਂ ਇਸ ਮੌਕੇ ਜਾਣੂ ਹੁੰਦਾ। ਵਿਸ਼ਵ ਪੁਲਾੜੀ ਸੰਸਥਾ ਹਮੇਸ਼ਾਂ ਹੀ ਸਮੇਂ ਤੇ ਨਿਯਮਾਂ ਦੀ ਪਾਬੰਦ ਰਹੀ ਹੈ। ਇਸ ਸਮੇਂ ਮੈਂ ਆਪਣੀ ਪਤਨੀ ਦੇ ਹਾਜ਼ਿਰ ਹੋਣ ਦਾ ਕਿਹਾ ਹੁੰਦਾ ਜਾਂ ਫਿਰ ਆਪਣੇ ਬੇਟੇ ਜਾਂ ਬੇਟੀ ਦੇ। ਪਰ ਮੈਂ ਅਜਿਹਾ ਨਹੀਂ ਸੀ ਕਿਹਾ।

ਧਰਤੀ ਉੱਤੇ ਉਤਰਨ ਲਈ ਮੈਨੂੰ ਪੂਰੀ ਇਕਾਗਰਤਾ ਤੇ ਮੁਹਾਰਤ ਦੀ ਲੋੜ ਸੀ। ਜੇ ਉਹ ਮੇਰੀ ਬੁੰਬਾ ਵਿਖੇ ਉਡੀਕ ਨਹੀਂ ਕਰ ਰਹੇ ਤਾਂ ਮੈਂ ਅਜਿਹਾ ਜਾਨਣਾ ਵੀ ਨਹੀਂ ਸਾਂ ਚਾਹੁੰਦਾ, ਜਦ ਤਕ ਮੈਂ ਧਰਤੀ ਉੱਤੇ ਸਹੀ ਸਲਾਮਤ ਉੱਤਰ ਨਾ ਜਾਵਾਂ। ਮੈਂ ਰੈਟਰੋ-ਰਾਕਟ ਦਾਗ ਦਿੱਤੇ। ਪਰਕਰਮਾ ਪੱਥ ਘੱਟ ਕਰ ਲਿਆ ਤੇ ਪੁਲਾੜੀ ਜਹਾਜ਼ ਦੀ ਵਿਊ-ਵਿੰਡੋਂ ਰਾਹੀਂ ਅੱਗ ਦੀਆਂ ਲਾਟਾਂ ਨੂੰ ਪਿੱਛੇ ਵੱਲ ਉੱਛਲਦੇ ਦੇਖਿਆ। ਅੰਡੇਮਾਨ-ਨਿਕੋਬਾਰ ਦੇ ਟਾਪੂ ਅਜੇ ਵੀ ਠੀਕ-ਠਾਕ ਸਨ। ਮੇਰਾ ਖਿਆਲ ਸੀ ਕਿ ਮੇਰੀ ਗੈਰਹਾਜ਼ਰੀ ਵਿਚ ਇੱਨ੍ਹਾ ਦਾ ਵੱਡਾ ਹਿੱਸਾ ਹਿੰਦ-ਮਹਾਂਸਾਗਰ ਨੇ ਹੜੱਪ ਲਿਆ ਹੋਵੇਗਾ। ਠੀਕ, ਜਿਵੇਂ ਮੇਰੀ ਜ਼ਿੰਦਗੀ ਦਾ ਵੱਡਾ ਹਿੱਸਾ ਵਕਤ ਨੇ ਹੜੱਪ ਲਿਆ ਸੀ। ਨਹੀਂ! ਧਿਆਨ ਕਰ ਡੇਵ! ਧਿਆਨ ਕਰ! ਇਸ ਸੱਭ ਕਾਸੇ ਬਾਰੇ ਬਾਅਦ ਵਿਚ ਸੋਚ ਲਈ। ਅਤੇ ਆਖਰ ਮੈਂ ਸਪੇਸ-ਪੋਰਟ ਦੇ ਰਨ-ਵੇ ਦੇ ਠੀਕ ਵਿਚਕਾਰ ਉੱਤਰ ਗਿਆ।

ਮੈਂ ਵਾਪਸ ਪਰਤ ਆਇਆ ਸਾਂ।

ਪਰ ਕੀ ਮੈਂ ਘਰ ਪਹੁੰਚ ਗਿਆ ਹਾਂ?

*****

ਤਾਨੀਆ ਬੁੱਢੀ ਲੱਗ ਰਹੀ ਸੀ।

ਮੈਨੂੰ ਯਕੀਨ ਨਹੀਂ ਸੀ ਆ ਰਿਹਾ। ਉਸ ਨੇ ਕਈ ਵਾਰ ਬੁੱਢੀ ਔਰਤ ਦਾ ਕਿਰਦਾਰ ਨਿਭਾਇਆ ਸੀ, ਤੇ ਹੁਣ ਉਹ ਖੁਦ ਬੁੱਢੀ ਹੋ ਗਈ ਸੀ।

ਸਤਾਨ੍ਹ ਸਾਲ!

ਕਈ ਔਰਤਾਂ ਉਮਰ ਦੇ ਇਸ ਪੜ੍ਹਾਅ ਉੱਤੇ ਅਜੇ ਵੀ ਚੁਸਤ ਫੁਰਤ ਤੇ ਸਿਹਤਮੰਦ ਲੱਗਦੀਆਂ ਨੇ। ਪਰ ਕਈ, ਅਜੋਕੇ ਸਮੇਂ ਦੀਆਂ ਉੱਤਮ ਇਲਾਜ ਸੁਵਿਧਾਵਾਂ ਦੇ ਬਾਵਜੂਦ, ਜ਼ਿੰਦਗੀ ਦੇ ਆਖਰੀ ਕੰਗਾਰ ਉੱਤੇ ਖੜੀਆਂ ਜਾਪਦੀਆਂ ਨੇ।

ਤਾਨੀਆ ਮੇਰੇ ਵੱਲ ਝਾਕ ਰਹੀ ਸੀ। ਪਰ......ਓਹ ਰੱਬਾ! ......ਮੈਂ ਉਸ ਦੇ ਅੱਖਾਂ ਦੀ ਤਾਬ ਨਹੀਂ ਸਾਂ ਝੱਲ ਸਕਦਾ।

'ਵੈੱਲਕਮ ਡੇਵ!' ਉਹ ਬੋਲੀ।

ਡੇਵ! ਉਹ ਸਦਾ ਮੈਨੂੰ ਇੰਝ ਹੀ ਬੁਲਾਂਦੀ ਸੀ। ਮੇਰੇ ਪੁਲਾੜੀ ਜਹਾਜ਼ ਦਾ ਕੰਪਿਊਟਰ ਤੇ ਰੋਬੋਟ ਮੈਨੂੰ ਹਮੇਸ਼ਾਂ ਡੇਵਿਡ ਹੀ ਬੁਲਾਂਦੇ ਸਨ। ਮੈਂ ਆਪਣੇ ਨਾਮ ਦੇ ਸੰਖੇਪ ਰੂਪ ਨੂੰ ਜਾਨਣ ਲਈ ਲੰਮਾ ਸਮਾਂ ਤਰਸਿਆ ਸਾਂ।

ਤਾਨੀਆ ਬੁੱਧੂ ਨਹੀਂ ਸੀ। ਉਹ ਜਾਣਦੀ ਸੀ ਕਿ ਉਮਰ ਦੇ ਇਸ ਪੜ੍ਹਾਅ ਉੱਤੇ ਉਹ ਚੰਗੀ ਸਿਹਤ ਵਾਲੀ ਨਹੀਂ ਸੀ ਤੇ ਉਹ ਮੇਰੇ ਇਜ਼ਹਾਰ ਦੇ ਇੰਤਜ਼ਾਰ ਵਿਚ ਸੀ। ਪਰ ਉਹ ਫਿਰ ਵੀ ਤਾਨੀਆ ਸੀ। ਉਹ ਸਾਰੀਆ ਗੱਲਾਂ ਦੱਸਣ ਵਾਲੀ ਜਿਨ੍ਹਾਂ ਨੂੰ ਅਸੀਂ ਭਵਿੱਖ ਵਿਚ ਨਜਿੱਠਣਾ ਸੀ।

'ਤੂੰ ਬਿਲਕੁਲ ਨਹੀਂ ਬਦਲਿਆ।'ਉਹ ਬੋਲੀ।

'ਇਹ ਤਾਂ ਸੱਚ ਨਹੀਂ ਸੀ। ਪਰ ਫਿਰ ਵੀ, ਹਰ ਚੀਜ਼ ਹੀ ਰੈਲੇਟਿਵ (Relative, ਸਾਪੇਖ) ਹੁੰਦੀ ਹੈ।'

ਐਲਬਰਟ ਆਈਨਸਟਾਇਨ ਪ੍ਰਸਿੱਧ ਭੌਤਿਕ ਵਿਗਿਆਨੀ ਸੀ। ਕਾਲਜ਼ੀ ਪੜ੍ਹਾਈ ਦੇ ਦਿਨ੍ਹਾਂ ਵਿਚ ਉਸ ਦੀ 'ਸਪੈਸ਼ਲ ਥਿਊਰੀ ਆਫ਼ ਰੈਲੇਟਿਵਟੀ'ਪੜ੍ਹੀ ਸੀ। ਇਸ ਥਿਊਰੀ ਅਨੁਸਾਰ ਵਿਸ਼ੇਸ਼ ਹਵਾਲਾ-ਢਾਂਚਾ (Special frame of reference) ਨਹੀਂ ਹੁੰਦਾ। ਇਸ ਲਈ ਇਹ ਕਹਿਣਾ ਉਨ੍ਹਾਂ ਹੀ ਸੱਚ ਹੈ, ਕਿ ਪੁਲਾੜੀ ਜਹਾਜ਼ ਵਿਰਾਮ (rest) ਹਾਲਤ ਵਿਚ ਸੀ ਤੇ ਧਰਤੀ ਇਸ ਤੋਂ ਦੂਰ ਜਾ ਰਹੀ ਸੀ ਜਿਨ੍ਹਾਂ ਕਿ ਇਸ ਦੇ ਉਲਟ। ਪਰ ਪਤਾ ਨਹੀਂ ਕਿਉਂ ਧਰਤੀ ਦੀ ਤੁਲਨਾ ਵਿਚ ਪੁਲਾੜੀ ਜਹਾਜ਼ ਉੱਤੇ ਸਮਾਂ ਹਮੇਸ਼ਾਂ ਹੀ ਹੌਲੇ (slow) ਗੁਜ਼ਰਿਆ ਸੀ। ਤੇ ਮੇਰੀ ਪਤਨੀ.....ਜੇ ਅਜੇ ਵੀ ਉਹ ਮੇਰੀ ਪਤਨੀ ਹੈ ਤਾਂ । ਦਰਅਸਲ ਜਦ ਮੈਂ ਪੁਲਾੜੀ ਯਾਤਰਾ 'ਤੇ ਸਾਂ ਤਾਂ ਇਸ ਲੰਮੇ ਵਿਛੋੜੇ ਕਾਰਣ ਉਸ ਨੂੰ ਸਹਿਜੇ ਹੀ ਤਲਾਕ ਮਿਲ ਸਕਦਾ ਸੀ।.......ਹੁਣ ਉਹ ਇਕ ਬੁੱਢੀ ਔਰਤ ਸੀ।

'ਜਿੰਮੀ ਤੇ ਸਿੰਮੀ ਕਿਵੇਂ ਨੇ?' ਮੈਂ ਪੁੱਛਿਆ।

'ਠੀਕ ਨੇ।'ਉਸ ਦੀ ਆਵਾਜ਼ ਵਿਚੋਂ ਪਹਿਲਾਂ ਵਰਗੀ ਲਚਕਤਾ ਗਾਇਬ ਸੀ। 'ਡੇਵ! ਬਹੁਤ ਕੁਝ ਦੱਸਣ ਵਾਲਾ ਹੈ ਤੈਨੂੰ। ਜਿੰਮੀ, ਦਿੱਲੀ ਯੂਨੀਵਰਸਿਟੀ ਵਿਖੇ ਐਸਟਰੋਬਾਇਓਲੋਜੀ ਦਾ ਪ੍ਰੋਫ਼ੈਸਰ ਹੈ। ਉਹ ਕਹਿੰਦਾ  ਹੁੰਦਾ ਸੀ ਕਿ ਉਹ ਜਾਂ ਤਾਂ ਅੰਬਰ ਵੱਲ ਦੇਖਦੇ ਹੋਏ ਡੈਡ ਦੇ ਰਾਹ ਉੱਤੇ ਚੱਲੇਗਾ ਜਾਂ ਫਿਰ ਧਰਤੀ ਵੱਲ ਦੇਖਦੇ ਹੋਏ ਮੰਮੀ ਦੇ ਨਕਸ਼ੇ ਕਦਮ 'ਤੇ ।'ਤਾਨੀਆ ਨੇ ਮੋਢੇ ਹਿਲਾਉਂਦੇ ਹੋਏ ਕਿਹਾ। 'ਉਸ ਨੇ ਡੈਡ ਵਾਲਾ ਰਾਹ ਚੁਣਿਆ। ਹੁਣ ਉਹ ਸ਼ਾਦੀ-ਸ਼ੁਦਾ ਹੈ ਤੇ ਦੋ ਬੇਟੀਆਂ ਨੇ ਉਸ ਕੋਲ।'

'ਤੇ ਸਿੰਮੀ?'

'ਸਿੰਮੀ ਤਾਂ ਅਸਟ੍ਰੇਲੀਆ ਚਲੀ ਗਈ। ਜਿਥੇ ਉਹ ਟੈਲਸ ਕੰਪਨੀ ਦੀ ਕੰਸਲਟੈਂਟ ਇੰਜੀਨੀਅਰ ਹੈ। ਉਸ ਦੀ ਸ਼ਾਦੀ ਹੋ ਚੁੱਕੀ ਹੈ ਤੇ ਉਸ ਦੇ ਦੋ ਬੱਚੇ ਨੇ, ਇਕ ਬੇਟਾ ਤੇ ਇਕ ਬੇਟੀ।.... ਤੇ ਇਕ ਪੋਤੀ ਵੀ।

ਹੂੰ ਤੇ ਹੁਣ ਤਾਂ ਮੈਂ ਪੜਦਾਦਾ ਬਣ ਚੁੱਕਾ ਹਾਂ।

'ਕਾਸ਼ ਉਹ ਸਾਰੇ ਇਥੇ ਹੁੰਦੇ।'ਮੈਂ ਕਿਹਾ।

'ਮੈਂ ਹੀ ਉਨ੍ਹਾਂ ਨੂੰ ਰੋਕਿਆ ਸੀ ਇਥੇ ਆਉਣ ਤੋਂ। ਮੈਂ ਪਹਿਲਾਂ ਤੈਨੂੰ ਇਕੱਲਿਆਂ ਮਿਲਣਾ ਚਾਹੁੰਦੀ ਸਾਂ। ਉਹ ਸਾਰੇ ਕੱਲ ਨੂੰ ਇਥੇ ਪਹੁੰਚਣਗੇ।'

ਉਸ ਨੇ ਆਪਣਾ ਹੱਥ ਅੱਗੇ ਵਧਾਇਆ, ਜਿਵੇਂ ਉਹ ਪਹਿਲਾਂ ਵਾਂਗ ਮੇਰਾ ਹੱਥ ਫੜਣਾ ਚਾਹੁੰਦੀ ਸੀ। ਪਰ ਮੈਂ ਤੁਰੰਤ ਹੀ ਆਪਣਾ ਹੱਥ ਅੱਗੇ ਨਾ ਕਰ ਸਕਿਆ ਤੇ ਉਸ ਦਾ ਝੁਰੜੀਆਂ ਵਾਲਾ ਹੱਥ ਆਪਣੇ ਆਪ ਪਿੱਛੇ ਹੱਟ ਗਿਆ।

'ਆਉ! ਕਿਧਰੇ ਬੈਠ ਕੇ ਗੱਲਾਂ ਕਰਦੇ ਹਾਂ।'ਉਸ ਕਿਹਾ।

*****

ਵਿਸ਼ਵ ਪੁਲਾੜੀ ਸੰਸਥਾ ਦੇ ਵਿਹੜੇ ਵਿਚ ਟਿੰਮ-ਹਾਰਟਨ ਵਿਖੇ ਮੇਰੇ ਸਾਹਮਣੇ ਬੈਠਦੀ ਉਹ ਬੋਲੀ:

'ਤੈਨੂੰ ਸੱਭ ਕੁਝ ਚਾਹੀਦਾ ਸੀ। ਸੱਭ ਕੁਝ ਇਕੱਠਾ ਹੀ।'

'ਤੈਨੂੰ ਵੀ ਤਾਂ।'ਮੈਂ ਕਿਹਾ। 'ਤੈਨੂੰ ਤੇਰੇ ਕਲਾਕਾਰ ਲੋੜੀਂਦੇ ਸਨ ਤੇ ਤੇਰਾ ਪਰਿਵਾਰ।......ਤੇ ਹੋਰ ਵੀ......।'ਮੈਂ ਅੱਗੇ ਬੋਲਦਾ ਬੋਲਦਾ ਚੁੱਪ ਕਰ ਗਿਆ।

'ਹੁਣ ਕੀ ਕਰਨਾ ਹੈ?' ਤਾਨੀਆ ਨੇ ਪੁੱਛਿਆ।

'ਜਦ ਮੈਂ ਇਥੇ ਨਹੀਂ ਸਾਂ, ਤੇਰਾ ਵਕਤ ਕਿਵੇਂ ਗੁਜ਼ਰਿਆ?' ਮੈਂ ਪੁੱਛਿਆ।

ਤਾਨੀਆ ਨੇ ਅੱਖਾਂ ਨੀਵੀਆਂ ਕਰ ਲਈਆਂ। ਜਿਵੇਂ ਉਹ ਆਪਣੇ ਜੀਵਨ ਦੇ ਪਿਛਲੇ ਸਾਲਾਂ ਨੂੰ ਯਾਦ ਕਰ ਰਹੀ ਹੋਵੇ।

'ਮੈਂ ਦੁਬਾਰਾ ਸ਼ਾਦੀ ਕਰ ਲਈ।....... ਤੂੰ ਉਸ ਨੂੰ ਨਹੀਂ ਸੀ ਜਾਣਦਾ। ਅਗਲੇ ਬੀਹ ਸਾਲ ਅਸੀਂ ਇਕੱਠੇ ਰਹੇ। ਤੇ ਤਦ......।' ਉਸ ਨੂੰ ਕੰਬਣੀ ਜਿਹੀ ਆਈ। 'ਤਦ ਉਸ ਦੀ ਮੌਤ ਹੋ ਗਈ। ਉਹ ਵੀ ਮੈਥੋਂ ਖੋਹ ਲਿਆ ਗਿਆ।'

ਤਾਨੀਆ ਨਾ ਸਿਰਫ਼ ਦਿੱਖ ਪੱਖੋਂ ਹੀ ਬੁੱਢੀ ਹੋ ਗਈ ਸੀ ਸਗੋਂ ਪਹਿਲਾਂ ਵਰਗਾ, ਉਸ ਦਾ ਸਵੈ-ਕੰਟ੍ਰੋਲ ਵੀ ਮੌਜੂਦ ਨਹੀਂ ਸੀ। ਉਸ ਨੂੰ ਚਾਹੀਦਾ ਸੀ ਕਿ ਇਹ ਆਖ਼ਰੀ ਗੱਲ ਉਹ ਆਪਣੇ ਤਕ ਹੀ ਰੱਖਦੀ।

'ਬਹੁਤ ਅਫਸੋਸ ਹੈ।'ਮੈਂ ਕਿਹਾ। ਇਹ ਸੋਚ ਕਿ ਕਿਧਰੇ ਉਹ ਇਸ ਗੱਲ ਦਾ ਕੋਈ ਹੋਰ ਅਰਥ ਨਾ ਕੱਢ ਲਵੇ, ਮੈਂ ਤੁਰੰਤ ਬੋਲਿਆ, 'ਮੇਰਾ ਮਤਲਬ ਹੈ ਤੇਰੇ ਉਸ ਪਤੀ ਦੀ ਮੌਤ ਦਾ।'

ਉਸ ਨੇ ਮੇਰੇ ਬੋਲਾਂ ਦੀ ਪ੍ਰਵਾਨਗੀ ਵਿਚ ਹਲਕਾ ਜਿਹਾ ਸਿਰ ਹਿਲਾਇਆ ਜਾਂ ਫਿਰ ਬੁਢਾਪੇ ਕਾਰਣ ਉਸ ਦਾ ਸਿਰ ਆਪੇ ਹੀ ਹਿਲ ਗਿਆ।

'ਮੈਂ ਹੁਣ ਇਕੱਲੀ ਹਾਂ।'ਉਸ ਕਿਹਾ।

ਮੈਂ ਉਸ ਤੋਂ ਉਸ ਦੇ ਦੂਸਰੇ ਪਤੀ ਬਾਰੇ ਪੁੱਛਣਾ ਚਾਹੁੰਦਾ ਸਾਂ, ਕਿ ਕੀ ਉਹ ਉਸ ਨਾਲੋਂ ਛੋਟੀ ਉਮਰ ਦਾ ਸੀ? ਜਾਂ ਕੀ ਉਹ ਉਸ ਦੇ ਕਲਾਕਾਰਾਂ ਦੀ ਟੀਮ ਦਾ ਮੈਂਬਰ ਸੀ? ਤਾਂ ਸ਼ਾਇਦ ਉਨ੍ਹਾ ਦੀਆਂ ਉਮਰਾਂ ਵਿਚ ਉਨ੍ਹਾ ਕੁ ਫ਼ਰਕ ਹੀ ਹੋਣਾ ਸੀ ਜਿਨ੍ਹਾਂ ਹੁਣ ਉਸ ਦੀ ਤੇ ਮੇਰੀ ਉਮਰ ਵਿਚ ਹੈ। ਪਰ ਮੈਂ ਚੁੱਪ ਹੀ ਰਿਹਾ।

'ਥੋੜ੍ਹੇ ਵਕਤ ਦੀ ਲੋੜ ਹੈ......ਤਦ ਹੀ ਪਤਾ ਲੱਗ ਸਕੇਗਾ ਕਿ ਅਸੀਂ ਕੀ ਕਰਨਾ ਹੈ ਅੱਗੇ।'ਮੈਂ ਕਿਹਾ।

'ਸਮਾਂ!' ਤਾਨੀਆ ਦੇ ਬੋਲ ਸਨ। ਜਿਵੇਂ ਮੈਂ ਕਿਸੇ ਅਸੰਭਵ ਚੀਜ਼ ਦੀ ਮੰਗ ਕਰ ਲਈ ਹੋਵੇ। ਅਜਿਹੀ ਚੀਜ਼ ਜੋ ਉਸ ਕੋਲ ਦੇਣ ਲਈ ਹੈ ਹੀ ਨਹੀਂ ਸੀ।

*****

ਤੇ ਹੁਣ ਮੈਂ ਵਾਪਸ ਆ ਗਿਆ ਹਾਂ। ਧਰਤੀ ਉੱਤੇ।......ਮੇਰੀ ਸਾਬਕਾ ਪਤਨੀ......ਜੋ ਮੈਨੂੰ ਤਲਾਕ ਦੇ ਚੁੱਕੀ ਹੈ।......ਇੰਨੀ ਬੁੱਢੀ ਹੈ ਕਿ ਉਹ ਮੇਰੀ ਮਾਂ ਲੱਗਦੀ ਹੈ। ਪਰ ਅਸੀਂ ਜੀਵਨ ਦਾ ਹਰ ਦਿਨ ਇਕ ਇਕ ਕਰ ਕੇ ਜੀ ਰਹੇ ਹਾਂ।

ਮੇਰੇ ਬੱਚੇ ਉਮਰ ਵਿਚ ਮੈਥੋਂ ਵੱਡੇ ਨੇ ਤੇ ਮੇਰੀਆਂ ਪੋਤੀਆਂ ਤੇ ਦੋਹਤੇ-ਦੋਹਤੀਆਂ ਵੀ ਨੇ। ਹੋਰ ਤਾਂ ਹੋਰ ਪੜਦੋਤਾ ਵੀ ਹੈ। ਸਾਰੇ ਹੀ ਬਹੁਤ ਚੰਗੇ ਨੇ।

ਤੇ ਮੈਂ ਹੋਰ ਦੁਨੀਆਂ ਦੀ ਸੈਰ ਕਰ ਆਇਆ ਹਾਂ।....... ਭਾਵੇਂ ਮੇਰਾ ਖਿਆਲ ਹੈ ਕਿ ਮੈਨੂੰ ਇਹ ਦੁਨੀਆਂ ਚੰਗੀ ਲੱਗਦੀ ਹੈ।

ਹਾਂ! ਅਜਿਹਾ ਲੱਗਦਾ ਹੈ ਕਿ ਮੈਂ ਸੱਭ ਕੁਝ ਪਾ ਲਿਆ ਹੈ। ਹਾਂ! ਸੱਭ ਕੁਝ।.... ਪਰ ਸਾਰਾ ਕੁਝ ਇਕੱਠਾ ਨਹੀਂ।

ਅਜਿਹੇ ਹਾਲਾਤ ਵਿਚ ਆਇਨਸਟਾਇਨ ਨੇ ਵੀ ਤਾਂ ਇਹੋ ਹੀ ਕਹਿਣਾ ਸੀ, 'ਸਾਰਾ ਕੁਝ ਇਕੱਠਾ ਹੀ'ਵਰਗੀ ਕੋਈ ਸ਼ੈਅ ਨਹੀਂ ਹੁੰਦੀ। ਹਰ ਚੀਜ਼ ਹੀ ਰੈਲੇਟਿਵ (ਸਾਪੇਖ) ਹੈ। ਆਇਨਸਟਾਇਨ ਇਸ ਕਰੜੇ ਸੱਚ ਤੋਂ ਵਾਕਿਫ਼ ਸੀ ਪਰ ਮੈਂ, ਕੁਝ ਇਸ ਤੋਂ ਵੀ ਚੰਗੇਰਾ ਜਾਣਦਾ ਹਾਂ।

'ਰੈਲੇਟਿਵਜ਼ (ਸੰਬੰਧੀ) ਹੀ ਸੱਭ ਕੁਝ ਨੇ।'

ਤੇ ਮੈਂ ਘਰ ਵਾਪਸ ਆ ਚੁੱਕਾ ਹਾਂ, ਆਪਣੇ ਰੈਲੇਟਿਵਜ਼ (ਸੰਬੰਧੀਆਂ) ਕੋਲ।

*****



ਡਾ. ਦੇਵਿੰਦਰ ਪਾਲ ਸਿੰਘ ਅਧਿਆਪਕ ਅਤੇ ਲੇਖਕ ਹੈ, ਜਿਸ ਦੀਆਂ 24 ਕਿਤਾਬਾਂ ਤੇ ਲਗਭਗ 1200 ਰਚਨਾਵਾਂ ਵਿਗਿਆਨ, ਧਰਮ ਅਤੇ ਵਾਤਾਵਰਣ ਦੇ ਖੇਤਰਾਂ ਵਿਚ ਛੱਪ ਚੁੱਕੀਆਂ ਹਨ। ਉਸ ਦੇ 75 ਟੈਲੀਵਿਯਨ ਪ੍ਰੋਗਰਾਮ ਟੈਲੀਕਾਸਟ ਹੋ ਚੁੱਕੇ ਹਨ। ਜੋ ਯੂਟਿਊਬ ਪੇਸ਼ਕਾਰੀਆਂ ਵਜੋਂ ਇੰਟਰਨੈੱਟ ਉੱਤੇ ਵੀ ਉਪਲਬਧ ਹਨ। ਇੱਕ ਭੌਤਿਕ ਵਿਗਿਆਨੀ ਹੋਣ ਕਰਕੇ, ਉਹ ਆਪਣੇ ਪਾਠਕਾਂ ਦੀ ਉਤਸੁਕਤਾ ਨੂੰ ਵਧਾਉਣ ਲਈ ਵਿਗਿਆਨ ਅਤੇ ਵਾਤਾਵਰਣ ਬਾਰੇ ਕਹਾਣੀਆਂ ਲਿਖਣਾ ਪਸੰਦ ਕਰਦਾ ਹੈ। ਅਜ ਕਲ ਉਹ ਕੈਨੇਡਾ ਦੇ ਸ਼ਹਿਰ ਮਿਸੀਸਾਗਾ ਵਿਖੇ, ਕੈਨਬ੍ਰਿਜ ਲਰਨਿੰਗ ਸੰਸਥਾ ਦੇ ਡਾਇਰੈਕਟਰ ਵਜੋਂ ਸੇਵਾ ਨਿਭਾ ਰਹੇ ਹਨ।

**ਵੈਬਸਾਈਟ** : www.drdpsigauthor.wordpress.com

**ਈ-ਮੇਲ** : drdpsn@gmail.com



# ਸਟ੍ਰਿੰਗ ਥਿਊਰੀ ਅਤੇ ਕੁਆਂਟਮ ਗੁਰੂਤਾ: ਮਾਦੇ ਦੀ ਨਵੀਂ ਪਹਿਚਾਣ

ਪ੍ਰੋ. (ਡਾ.) ਸਤਬੀਰ ਸਿੰਘ

**ਸਟ੍ਰਿੰਗ ਥਿਊਰੀ ਅਤੇ ਕੁਆਂਟਮ ਮਕੈਨਿਕਸ:** ਕਣ ਭੌਤਿਕ ਵਿਗਿਆਨ ਵਿੱਚ ਇੱਕ ਥਿਊਰੀ ਜੋ ਕੁਆਂਟਮ ਮਕੈਨਿਕਸ ਨੂੰ ਆਈਨਸਟਾਈਨ ਦੇ ਸਾਪੇਖਤਾ ਦੇ ਸਿਧਾਂਤ ਨਾਲ ਮਿਲਾਉਣ ਦੀ ਕੋਸ਼ਿਸ਼ ਕਰਦੀ ਹੈ, ਉਹ ਸਟ੍ਰਿੰਗ ਥਿਊਰੀ ਹੀ ਹੈ। ਇਹ ਥਿਊਰੀ ਉਪ-ਪ੍ਰਮਾਣੂ ਕਣਾਂ ਦੀਆਂ ਛੋਟੀਆਂ ਇੱਕ ਆਯਾਮੀ ਤੰਦਾਂ ਵਰਗੀਆਂ ਇਕਾਈਆਂ ਦੇ ਰੂਪ ਵਿੱਚ ਆਉਂਦੀ ਹੈ ਨਾ ਕਿ ਵਧੇਰੇ ਪਰੰਪਰਾਗਤ ਪਹੁੰਚ ਰਾਹੀਂ, ਜਿਸ ਵਿੱਚ ਉਹਨਾਂ ਨੂੰ ਜ਼ੀਰੋ ਆਯਾਮੀ ਬਿੰਦੂ ਕਣਾਂ ਦੇ ਮਾਡਲ ਵਜੋਂ ਪੇਸ਼ ਕੀਤਾ ਜਾਂਦਾ ਹੈ। ਇਹ ਥਿਊਰੀ ਇਹ ਕਲਪਨਾ ਕਰਦੀ ਹੈ ਕਿ ਸਟ੍ਰਿੰਗ ਕੰਪਨ ਦੇ ਇੱਕ ਖਾਸ ਖੇਤਰ ਵਿੱਚੋਂ ਲੰਘ ਰਹੀ ਹੋਣ ਕਰਕੇ ਨਿਸ਼ਚਿਤ ਗੁਣਾਂ ਜਿਵੇਂ ਕਿ ਪੁੰਜ ਅਤੇ ਚਾਰਜ ਵਾਲੇ ਕਣਾਂ ਨਾਲ ਮੇਲ ਖਾਂਦੀ ਹੈ। 1980 ਦੇ ਦਹਾਕੇ ਵਿੱਚ ਭੌਤਿਕ ਵਿਗਿਆਨੀਆਂ ਨੇ ਮਹਿਸੂਸ ਕੀਤਾ ਕਿ ਸਟ੍ਰਿੰਗ ਥਿਊਰੀ ਵਿੱਚ ਕੁਦਰਤ ਦੀਆਂ ਸਾਰੀਆਂ ਚਾਰ ਸ਼ਕਤੀਆਂ (ਬਲਾਂ) ਨੂੰ ਸ਼ਾਮਲ ਕਰਨ ਦੀ ਸਮਰੱਥਾ ਹੈ। ਇਹਨਾਂ ਵਿੱਚ ਚਾਰ ਬਲਾਂ : ਗੁਰੂਤਾ ਬਲ, ਬਿਜਲ-ਚੰਬਕ ਬਲ, ਮਜ਼ਬੂਤ ਬਲ, ਅਤੇ ਕਮਜ਼ੋਰ ਬਲ ਦੇ ਨਾਲ ਨਾਲ ਸਾਰੇ ਪ੍ਰਕਾਰ ਦੇ ਪਦਾਰਥਾਂ ਨੂੰ ਇੱਕ ਕੁਆਂਟਮ ਮਕੈਨੀਕਲ ਢਾਂਚੇ ਵਿੱਚ ਸ਼ਾਮਲ ਕਰਨ ਦੀ ਸਮਰੱਥਾ ਹੈ। ਇਹ ਥਿਊਰੀ ਲੰਬੀ ਏਕੀਕ੍ਰਿਤ ਥਿਊਰੀ ਹੈ। 1905 ਵਿੱਚ ਆਈਨਸਟਾਈਨ ਨੇ ਆਪਣੇ ਵਿਸ਼ੇਸ਼ ਸਾਪੇਖਤਾ ਦੇ ਸਿਧਾਂਤ ਨਾਲ ਸਪੇਸ ਅਤੇ ਸਮੇਂ ਨੂੰ ਏਕੀਕ੍ਰਿਤ ਕੀਤਾ, ਜੋ ਕਿ ਇਹ ਦਰਸਾਉਂਦਾ ਹੈ ਕਿ ਸਪੇਸ ਦੁਆਰਾ ਗਤੀ ਸਮੇਂ ਦੇ ਬੀਤਣ ਨੂੰ ਪ੍ਰਭਾਵਿਤ ਕਰਦੀ ਹੈ। 1915 ਵਿੱਚ ਆਈਨਸਟਾਈਨ ਦੁਆਰਾ ਸਪੇਸ, ਸਮੇਂ ਅਤੇ ਗੁਰੂਤਾ-ਆਕਰਸ਼ਨ ਨੂੰ ਆਪਣੇ ਸਾਪੇਖਤਾ ਦੇ ਸਿਧਾਂਤ ਨਾਲ ਜੋੜਣਾ ਇਹ ਦਰਸਾਉਂਦਾ ਹੈ ਕਿ ਸਪੇਸ ਅਤੇ ਸਮੇਂ ਵਿੱਚ ਮੋੜ ਜਾਂ ਝੁਕਾਓ ਹੀ ਗੁਰੂਤਾ ਬਲਾਂ ਲਈ ਜ਼ਿੰਮੇਵਾਰ ਹਨ। ਇਹ ਆਈਨਸਟਾਈਨ ਦੀਆਂ ਮਹਾਨ ਅਤੇ ਯਾਦਗਾਰੀ ਪ੍ਰਾਪਤੀਆਂ ਹਨ, ਪਰ ਉਸ ਨੇ ਇਸ ਤੋਂ ਵੀ ਮਹਾਨ ਏਕੀਕਰਨ ਦਾ ਸੁਪਨਾ ਦੇਖਿਆ ਸੀ। ਉਸਨੇ ਇੱਕ ਸ਼ਕਤੀਸ਼ਾਲੀ ਢਾਂਚੇ ਦੀ ਕਲਪਨਾ ਕੀਤੀ ਜੋ ਸਪੇਸ, ਸਮੇਂ ਅਤੇ ਕੁਦਰਤ ਦੀਆਂ ਸਾਰੀਆਂ ਸ਼ਕਤੀਆਂ ਲਈ ਲੇਖਾ-ਜੋਖਾ ਕਰੇਗਾ, ਜਿਸਨੂੰ ਉਸਨੇ ਯੂਨੀਫਾਈਡ ਥਿਊਰੀ ਦਾ ਨਾਮ ਦਿੱਤਾ। ਇਸਦੇ ਉਲਟ, 1920 ਤੋਂ ਬਾਅਦ ਦੇ ਸਿਧਾਂਤਕ ਭੌਤਿਕ ਵਿਗਿਆਨੀਆਂ ਦੀ ਮੁੱਖ ਚਿੰਤਾ ਕੁਆਂਟਮ-ਮਕੈਨਿਕਸ ਸੀ, ਜੋ ਕਿ ਪ੍ਰਮਾਣੂ ਤੇ ਉਪ-ਪ੍ਰਮਾਣੂ ਪ੍ਰਕ੍ਰਿਆਵਾਂ ਦਾ ਵਰਣਨ ਕਰਨ ਲਈ ਇੱਕ ਉਭਰਦਾ ਢਾਂਚਾ ਸੀ। ਇਹਨਾਂ ਪੈਮਾਨਿਆਂ ਤੇ ਕਣਾਂ ਵਿੱਚ ਇੰਨੇ ਛੋਟੇ ਪੁੰਜ ਹੁੰਦੇ ਹਨ ਕਿ ਗੁਰੂਤਾ ਉਹਨਾਂ ਦੀਆਂ ਪਰਸਪਰ ਕ੍ਰਿਆਵਾਂ ਵਿੱਚ ਲਾਜ਼ਮੀ ਤੌਰ ਤੇ ਅਪ੍ਰਸੰਗਿਤ ਹੁੰਦੀ ਹੈ ਅਤੇ ਇਸ ਲਈ ਦਹਾਕਿਆਂ ਤੋਂ ਕੁਆਂਟਮ ਮਕੈਨੀਕਲ ਗਣਨਾਵਾਂ ਨੇ ਆਮ ਤੌਰ ਤੇ ਸਾਪੇਖਕ ਪ੍ਰਭਾਵਾਂ ਨੂੰ ਅਣਡਿੱਠ ਕੀਤਾ ਹੈ। 1960 ਤੋਂ ਬਾਅਦ ਵਿਗਿਆਨੀਆਂ ਦਾ ਧਿਆਨ ਇੱਕ ਅਲੱਗ ਬਲ ਤੇ ਗਿਆ-ਜ਼ਬਰਦਸਤ ਬਲ ਤੇ, ਜਿਹੜਾ ਪ੍ਰੋਟਾਨਾਂ ਅਤੇ ਨਿਊਟ੍ਰਾਨਾਂ ਨੂੰ ਪ੍ਰਮਾਣੂ ਦੇ ਨਿਊਕਲੀਅਸ ਵਿੱਚ ਬੰਨ ਕੇ ਰੱਖਦਾ ਹੈ।

**ਸਟ੍ਰਿੰਗ ਥਿਊਰੀ ਸੰਬੰਧੀ ਖੋਜ-ਕਾਰਜ:** ਕੁੱਝ ਸਾਲਾਂ ਬਾਅਦ ਤਿੰਨ ਭੌਤਿਕ ਵਿਗਿਆਨੀਆਂ ਲਿਓਨਾਰਡ ਸਸਕਾਂਈਡ (ਸਟੈਨਫੋਰਡ ਯੂਨੀਵਰਸਿਟੀ), ਹੋਲਗਰ ਨੀਲਸਨ (ਨੀਲ ਬੋਹਰ ਸੰਸਥਾਨ) ਅਤੇ ਯੋਈਚੇਰੋ ਨਾਂਬੂ (ਸ਼ਿਕਾਗੋ ਯੂਨੀਵਰਸਿਟੀ) ਨੇ ਇਹ ਦਰਸਾ ਕੇ ਵੈਨਜ਼ੀਆਨੋ ਦੀ ਸੂਝ ਨੂੰ ਮਹੱਤਵਪੂਰਨ ਰੂਪ ਵਿੱਚ ਵਧਾਇਆ ਕਿ ਉਸਦੇ ਪ੍ਰਸਤਾਵ ਦੇ ਅੰਤਰਗਤ ਗਣਿਤ ਵਿੱਚ ਊਰਜਾ ਦੇ ਮਾਮੂਲੀ ਤੰਤੂਆਂ ਦੀ ਕੰਪਨ ਗਤੀ ਦਾ ਵਰਣਨ ਕੀਤਾ ਗਿਆ ਹੈ, ਜੋ ਕਿ ਤੰਦਾਂ ਦੀਆਂ ਛੋਟੀਆਂ ਤਾਰਾਂ ਦੇ ਸਾਮਾਨ ਹਨ, ਇਹੀ ਨਾਮ ਸਟ੍ਰਿੰਗ ਥਿਊਰੀ

ਨੂੰ ਮਹੱਤਵਪੂਰਨ ਤੌਰ ਤੇ ਪ੍ਰੇਰਿਤ ਕਰਦਾ ਹੈ। ਮੋਟੇ ਸ਼ਬਦਾਂ ਵਿੱਚ ਇਸ ਥਿਊਰੀ ਨੇ ਸੁਝਾਅ ਦਿੱਤਾ ਕਿ ਮਜ਼ਬੂਤ ਬਲ ਤੰਦਾਂ ਦੇ ਅੰਤਮ ਬਿੰਦੂਆਂ ਨਾਲ ਜੁੜੇ ਕਣਾਂ ਨੂੰ ਜੋੜਣ ਵਾਲੀਆਂ ਸਟ੍ਰਿੰਗਾਂ ਦੀ ਇੱਕ ਮਾਤਰਾ ਹੀ ਹੈ। ਹਾਲਾਂਕਿ ਕੋਈ ਵੀ ਸਧਾਰਨ ਸਾਪੇਖਤਾ ਸਿਧਾਂਤ ਅਤੇ ਕੁਆਂਟਮ ਮਕੈਨਿਕਸ ਨੂੰ ਮਿਲਾਉਣ ਵਿੱਚ ਸਫਲ ਨਹੀਂ ਹੋਇਆ ਸੀ, ਇਸ ਸੰਬੰਧੀ ਸ਼ੁਰੂਆਤੀ ਕੰਮ ਨੇ ਇਹ ਸਥਾਪਿਤ ਕੀਤਾ ਸੀ ਕਿ ਅਜਿਹੇ ਏਕੀਕ੍ਰਿਤ ਲਈ ਸਟ੍ਰਿੰਗ ਥਿਊਰੀ ਦੁਆਰਾ ਅਨੁਮਾਨਿਤ ਪੁੰਜ ਰਹਿਤ ਕਣ ਦੀ ਲੋੜ ਹੋਵੇਗੀ। ਅਨੁਭਵੀ ਤੌਰ ਤੇ ਸਟ੍ਰਿੰਗ ਥਿਊਰੀ ਇੱਕ ਆਕਰਸ਼ਕ ਪ੍ਰਸਤਾਵ ਸੀ, ਪਰ 1970 ਦੇ ਦਹਾਕੇ ਦੇ ਮੱਧ ਤੱਕ ਮਜ਼ਬੂਤ ਬਲ ਦੇ ਹੋਰ ਸ਼ੁੱਕੀ ਮਾਪ ਇਸਦੀਆਂ ਭਵਿੱਖਬਾਣੀਆਂ ਤੋਂ ਭਟਕ ਗਏ ਸਨ, ਜਿਸ ਨਾਲ ਜ਼ਿਆਦਾਤਾਰ ਖੋਜ ਕਰਤਾਵਾਂ ਨੇ ਇਹ ਸਿੱਟਾ ਕੱਢਿਆ ਕਿ ਸਟ੍ਰਿੰਗ ਥਿਊਰੀ ਦਾ ਭੌਤਿਕ ਬ੍ਰਹਿਮੰਡ ਨਾਲ ਕੋਈ ਸੰਬੰਧ ਨਹੀਂ ਸੀ, ਭਾਵੇਂ ਕਿ ਗਣਿਤਕ ਥਿਊਰੀ ਕਿੰਨੀ ਵੀ ਸ਼ਾਨਦਾਰ ਕਿਉਂ ਨਾ ਹੋਵੇ। ਕੁੱਝ ਵਿਗਿਆਨੀਆਂ ਨੇ ਇਹ ਦਲੀਲ ਦਿੱਤੀ ਕਿ ਸਟ੍ਰਿੰਗ ਥਿਊਰੀ (ਤੰਦਾਂ ਵਰਗੇ ਕਣਾਂ ਨੂੰ ਇਸਦੀ ਬੁਨਿਆਦੀ ਬਣਤਰ ਵਿੱਚ ਬਣਾ ਕੇ) ਵੱਡ-ਆਕਾਰੀ ਨਿਯਮਾਂ ਅਤੇ ਛੋਟੇ-ਆਕਾਰੀ ਨਿਯਮਾਂ ਨੂੰ ਇੱਕ ਕਰ ਦਿੰਦੀ ਹੈ। ਸਿਰਫ ਮਜ਼ਬੂਤ ਬਲ ਦਾ ਵਰਣਨ ਕਰਨ ਦੀ ਬਜਾਏ, ਇਹਨਾਂ ਭੌਤਿਕ ਵਿਗਿਆਨੀਆਂ ਨੇ ਇਹ ਦਲੀਲ ਦਿੱਤੀ ਕਿ ਸਟ੍ਰਿੰਗ ਥਿਊਰੀ ਨੂੰ ਆਈਨਸਟਾਈਨ ਦੀ ਯੂਨੀਫਾਈਡ ਥਿਊਰੀ ਵੱਲ ਜਾਣ ਲਈ ਇੱਕ ਮਹੱਤਵਪੂਰਨ ਕਦਮ ਵਜੋਂ ਪੁਨਰ ਵਿਆਖਿਆ ਦੀ ਲੋੜ ਸੀ। ਪਰ ਇਸ ਘੋਸ਼ਣਾ ਨੂੰ ਵਿਆਪਕ ਤੌਰ ਤੇ ਨਜ਼ਰ ਅੰਦਾਜ਼ ਕੀਤਾ ਗਿਆ ਸੀ। ਸਟ੍ਰਿੰਗ ਥਿਊਰੀ ਆਪਣੇ ਪਹਿਲੇ ਪੱਧਰ ਤੇ ਮਜ਼ਬੂਤ ਬਲ ਦੇ ਵਰਣਨ ਦੇ ਰੂਪ ਵਿੱਚ ਅਸਫਲ ਹੋ ਗਈ ਸੀ ਤੇ ਕਈਆਂ ਨੇ ਇਹ ਮਹਿਸੂਸ ਕੀਤਾ ਕਿ ਇਹ ਅਸੰਭਵ ਸੀ ਕਿ ਇਹ ਹੁਣ ਹੋਰ ਮੁਸ਼ਕਿਲ ਸਮੱਸਿਆਵਾਂ ਦੇ ਹੱਲ ਵਜੋਂ ਪ੍ਰਬਲ ਹੋਵੇਗੀ। ਸਟ੍ਰਿੰਗ ਥਿਊਰੀ ਦੇ ਬਹੁਤੇ ਸਮੀਕਰਨਾਂ ਨੇ ਅਸੰਗਤ ਹੋਣ ਦੇ ਸੰਕੇਤ ਦਿੱਤੇ ਹਨ। ਇਸ ਮੁਤਾਬਕ ਬ੍ਰਹਿਮੰਡ ਕੁੱਲ 9 ਅਲੱਗ ਅਲੱਗ ਆਯਾਮਾਂ ਵਿੱਚ ਵਿਚਰ ਰਿਹਾ ਹੈ। ਪਰ ਸਮੇਂ ਦਾ ਮਾਪ ਪਾ ਕੇ 10 ਆਯਾਮ ਬਣ ਜਾਂਦੇ ਹਨ।

ਕਈ ਰੁਕਾਵਟਾਂ ਹੋਣ ਦੇ ਬਾਵਜੂਦ 1980 ਵਿੱਚ ਸਟ੍ਰਿੰਗ ਥਿਊਰੀ ਤੇ ਕੰਮ ਕਰਨ ਵਾਲੇ ਭੌਤਿਕ ਵਿਗਿਆਨੀਆਂ ਦੀ ਗਿਣਤੀ ਘੱਟ ਕੇ ਦੋ ਰਹਿ ਗਈ। ਸ਼ਵਾਰਜ਼ ਅਤੇ ਮਾਈਕਲ ਗਰੀਨ (ਕੁਈਨ ਮੈਰੀ ਕਾਲਜ, ਲੰਡਨ) ਦੋਹਾਂ ਮਿਹਨਤੀ ਸਿਧਾਂਤਕਾਰਾਂ ਨੇ 1984 ਵਿੱਚ ਵੱਡੀ ਸਫਲਤਾ ਹਾਸਲ ਕੀਤੀ। ਇਹ ਇੱਕ ਕਮਾਲ ਦੀ ਗਣਿਤਕ ਗਣਨਾ ਸੀ, ਉਹਨਾਂ ਸਾਬਤ ਕੀਤਾ ਕਿ ਸਟ੍ਰਿੰਗ ਥਿਊਰੀ ਦੀਆਂ ਸਮੀਕਰਨਾਂ ਇੱਕਸਾਰ ਹਨ। ਇਸ ਤੋਂ ਬਾਅਦ ਵੱਡੀ ਪੱਧਰ ਤੇ ਭੌਤਿਕ ਵਿਗਿਆਨੀਆਂ ਨੇ ਇਸ ਵਿਸ਼ੇ ਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ। ਕੁੱਝ ਹੀ ਮਹੀਨਿਆਂ ਵਿੱਚ ਸਟ੍ਰਿੰਗ ਥਿਊਰੀ ਨੇ ਇੱਕ ਏਕੀਕ੍ਰਿਤ ਢਾਂਚੇ ਦਾ ਰੂਪ ਧਾਰਨ ਕਰ ਲਿਆ। ਜਿਵੇਂ ਕਿ ਸਿਤਾਰ (ਵਾਇਲਨ) ਦੇ ਵੱਖੋ-ਵੱਖਰੇ ਕੰਪਨ ਪੈਟਰਨ ਅਲੱਗ-ਅਲੱਗ ਸੰਗੀਤਕ ਧੁਨਾਂ ਨੂੰ ਵਜਾਉਂਦੇ ਹਨ, ਉਵੇਂ ਹੀ ਸਟ੍ਰਿੰਗ ਥਿਊਰੀ ਵਿੱਚ ਛੋਟੀਆਂ ਤਾਰਾਂ ਦੇ ਵੱਖ-ਵੱਖ ਕੰਪਨਾਂ ਦੀ ਕਲਪਨਾ ਕੁਦਰਤ ਵਿੱਚ ਕਣਾਂ ਅਤੇ ਮਾਦੇ ਨੂੰ ਪੈਦਾ ਕਰਨ ਲਈ ਕੀਤੀ ਗਈ ਸੀ। ਸਿਧਾਂਤ ਦੇ ਅਨੁਸਾਰ, ਤਾਰਾਂ ਇੰਨੀਆਂ ਛੋਟੀਆਂ ਹਨ ਕਿ ਉਹ ਬਿੰਦੂ ਜਾਪਦੀਆਂ ਹਨ-ਜਿਵੇਂ ਕਿ ਕਣਾਂ ਨੂੰ ਮੰਨਿਆ ਜਾਂਦਾ ਸੀ। ਪਰ ਅਸਲ ਵਿੱਚ ਇਹਨਾਂ ਛੋਟੇ ਕਣਾਂ ਦੀ ਲੰਬਾਈ 10-33 ਸੈਂਟੀਮੀਟਰ ਮਾਪੀ ਗਈ ਹੈ। ਹਰ ਇੱਕ ਕਣ ਦਾ ਪੁੰਜ ਅਤੇ ਪੈਦਾ ਹੋਣ ਵਾਲਾ ਚਾਰਜ ਇੱਕ ਸਤਰ ਦੇ ਕੰਪਨ ਕਰਨ ਦੇ ਤਰੀਕੇ ਦੁਆਰਾ ਨਿਰਧਾਰਤ ਕੀਤਾ ਜਾਂਦਾ ਹੈ। ਸਟ੍ਰਿੰਗ ਥਿਊਰੀ ਨੇ ਗਣਿਤ ਦੇ ਬਹੁਤ ਸਾਰੇ ਖੇਤਰਾਂ ਵਿੱਚ ਸਮੱਸਿਆਵਾਂ ਦੀ ਨਵੀਂ ਸਮਝ ਲਈ ਅਗਵਾਈ ਵੀ ਕੀਤੀ ਹੈ। ਉਦਾਹਰਨ ਲਈ ਇਹ ਥਿਊਰੀ ਦੱਸਦੀ ਹੈ ਕਿ ਇੱਕ ਇਲੈਕਟ੍ਰਾਨ ਇੱਕ ਛੋਟੀ ਤੰਦ ਦੀ ਤਰ੍ਹਾਂ ਹੈ, ਜੋ ਇੱਕ ਖਾਸ ਕੰਪਨ ਪੈਟਰਨ ਤੋਂ ਗੁਜ਼ਰਦੀ ਹੈ। ਇੱਕ ਕੁਆਰਕ ਦੀ ਕਲਪਨਾ ਇੱਕ ਸਟ੍ਰਿੰਗ ਦੇ ਰੂਪ ਵਿੱਚ ਕੀਤੀ ਜਾਂਦੀ ਹੈ ਜੋ ਕਿ ਇੱਕ ਵੱਖਰੇ ਕੰਪਨ ਪੈਟਰਨ ਵਿੱਚੋਂ ਗੁਜ਼ਰਦੀ ਹੈ। ਮਹੱਤਵਪੂਰਨ ਤੌਰ ਤੇ ਕੰਪਨ ਕਰਦੇ ਪੈਟਰਨਾਂ ਵਿੱਚੋਂ, ਭੌਤਿਕ ਵਿਗਿਆਨੀਆਂ ਨੇ ਇਹ ਦਲੀਲ ਦਿੱਤੀ ਕਿ ਕੁਦਰਤ ਦੇ ਬਲਾਂ ਦਾ ਸੰਚਾਰ ਕਰਨ ਲਈ ਪ੍ਰਯੋਗ ਦੁਆਰਾ ਲੱਭੇ ਗਏ ਕਣ ਹੀ ਜ਼ਿੰਮੇਵਾਰ ਹੋਣਗੇ। ਇਸ ਤਰ੍ਹਾਂ ਸਟ੍ਰਿੰਗ ਥਿਊਰੀ ਨੂੰ ਸਾਰੀਆਂ ਕੁਦਰਤੀ ਸ਼ਕਤੀਆਂ ਅਤੇ ਸਾਰੇ ਮਾਦੇ ਦੇ ਏਕੀਕਰਨ ਦੀ ਮੰਗ ਵਜੋਂ ਪ੍ਰਸਤਾਵਿਤ ਕੀਤਾ ਗਿਆ। ਸਟ੍ਰਿੰਗ ਥਿਊਰੀ ਦੁਆਰਾ ਲੋੜੀਂਦੇ ਛੇ ਵਾਧੂ ਸਥਾਨਿਕ ਆਯਾਮ/ਮਾਪ ਆਖਰ ਕੀ ਹਨ? ਇਸ ਸਿਧਾਂਤ ਅਨੁਸਾਰ ਤਿੰਨ ਮਾਪ ਵੱਡੇ ਤੌਰ ਤੇ ਪ੍ਰਗਟ ਹੁੰਦੇ ਹਨ ਪਰ ਅਗਲੇ ਛੇ ਮਾਪ ਇੰਨੇ ਛੋਟੇ ਹੁੰਦੇ ਹਨ ਕਿ ਉਹਨਾਂ ਤੱਕ ਅਜੇ ਖੋਜੀ ਵੀ ਪਹੁੰਚ ਨਹੀਂ ਸਕੇ। ਪਿਛਲੇ ਕਈ ਦਹਾਕਿਆਂ ਵਿੱਚ, ਇਸ ਦਿਸ਼ਾ ਵਿੱਚ ਕੀਤੇ ਯਤਨਾਂ ਨੇ ਨਵੇਂ ਭੌਤਿਕ ਵਿਚਾਰਾਂ ਅਤੇ ਗਣਿਤਕ ਸਾਧਨਾਂ ਦੀ ਇੱਕ ਵਿਸ਼ਾਲ ਸ਼੍ਰੇਣੀ ਦੀ ਅਗਵਾਈ ਕੀਤੀ ਹੈ। 1984-1994 ਦੇ ਦਹਾਕੇ ਵਿੱਚ ਬਹੁਤ ਸਾਰੇ ਸਿਧਾਂਤਕ ਭੌਤਿਕ ਵਿਗਿਆਨੀਆਂ ਨੇ ਇਸ ਅਮੂਰਤ, ਪੂਰੀ ਤਰ੍ਹਾਂ ਗਣਿਤਕ ਢਾਂਚੇ ਨੂੰ ਕੁਦਰਤ ਦੇ ਇੱਕ ਸੰਖੇਪ ਭਵਿੱਖਬਾਣੀ ਵਾਲੇ ਸਿਧਾਂਤ ਵਿੱਚ ਵਿਕਸਤ ਕਰਕੇ ਸਟ੍ਰਿੰਗ ਥਿਊਰੀ ਨੂੰ ਵਿਸ਼ਵ ਪੱਧਰ ਤੇ ਪ੍ਰਗਟ ਕੀਤਾ। ਕੁਆਂਟਮ ਭੌਤਿਕ ਵਿਗਿਆਨ ਅਤੇ ਆਈਨਸਟਾਈਨ ਦਾ ਸਾਪੇਖਤਾ ਦਾ ਸਿਧਾਂਤ ਆਧੁਨਿਕ ਭੌਤਿਕ ਵਿਗਿਆਨ ਦੇ ਦੋ ਠੋਸ ਥੰਮ ਹਨ। ਹਾਲ ਹੀ ਦੇ ਸਾਲਾਂ ਵਿੱਚ, ਸਟ੍ਰਿੰਗ ਥਿਊਰੀ ਅਤੇ ਕੁਆਂਟਮ

ਫੀਲਡ ਥਿਊਰੀ ਹੋਲੋਗ੍ਰਾਫੀ ਦੇ ਸੰਦਰਭ ਵਿੱਚ ਬਦਲ ਗਈ ਹੈ, ਜੋ ਕਿ ਨਿਸ਼ਚਿਤ ਸਪੇਸ ਸਮਿਆਂ ਵਿੱਚ ਕੁਆਂਟਮ ਗੁਰੂਤਾ ਪ੍ਰਭਾਵਾਂ ਨੂੰ ਹੇਠਲੇ ਸਪੇਸ ਸਮੇਂ ਉੱਤੇ ਸੰਬੰਧਿਤ ਫੀਲਡ ਥਿਊਰੀਆਂ ਨਾਲ ਜੋੜਦਾ ਹੈ। ਵਿਕਾਸ ਦੇ ਇਹਨਾਂ ਪੱਧਰਾਂ ਨੇ ਨਾ ਸਿਰਫ ਕੁਆਂਟਮ ਗੁਰੂਤਾ, ਬ੍ਰਹਿਮੰਡ ਵਿਗਿਆਨ ਅਤੇ ਕਣ ਭੌਤਿਕ ਵਿਗਿਆਨ ਬਾਰੇ ਸਾਡੀ ਸਮਝ ਨੂੰ ਡੂੰਘਾ ਕੀਤਾ ਹੈ, ਸਗੋਂ ਵਿਚਕਾਰਲੇ ਪੈਮਾਨੇ ਦੇ ਭੌਤਿਕ ਵਿਗਿਆਨ, ਜਿਵੇਂ ਕਿ ਸੰਘਣਿਤ ਪਦਾਰਥ ਪ੍ਰਣਾਲੀਆਂ, ਕੁਆਰਕ-ਗੁਲੂਕੋਨ ਪਲਾਜ਼ਮਾ ਅਤੇ ਹੋਰ ਵਿਕਾਰ ਪ੍ਰਣਾਲੀਆਂ ਬਾਰੇ ਸਾਡੀ ਸਮਝ ਨੂੰ ਵੀ ਡੂੰਘਾ ਕੀਤਾ ਹੈ।

**ਕੁਆਂਟਮ ਭੌਤਿਕ ਵਿਗਿਆਨ ਅਤੇ ਗੁਰੂਤਾ:** ਕੁਆਂਟਮ ਭੌਤਿਕ ਵਿਗਿਆਨ ਅਤੇ ਗੁਰੂਤਾ ਦਾ ਮਿਲਾਪ ਵਰਤਮਾਨ ਸਮੇਂ ਵਿਚ ਤਰੱਕੀ ਦੇ ਨਵੇਂ ਖੇਤਰਾਂ ਵਿੱਚ ਅਗਵਾਈ ਕਰ ਰਿਹਾ ਹੈ ਅਤੇ ਆਉਣ ਵਾਲੇ ਦਹਾਕੇ ਵਿੱਚ ਇਸਦੇ ਜੀਵੰਤ ਰਹਿਣ ਦੀ ਉਮੀਦ ਹੈ। ਸਿਧਾਂਤਕ ਭੌਤਿਕ ਵਿਗਿਆਨ ਦੇ ਕੇਂਦਰ (CTP) ਵਿੱਚ ਖੋਜ-ਕਰਤਾ ਵਿਕਾਸ ਦੀ ਦਿਸ਼ਾ ਵਿੱਚ ਸਭ ਤੋਂ ਅੱਗੇ ਚੱਲ ਰਹੇ ਹਨ। ਵਿਗਿਆਨੀ ਸਟ੍ਰਿੰਗ ਥਿਊਰੀ ਫਾਊਂਡੇਸ਼ਨਾਂ, ਉਹਨਾਂ ਦੇ ਹੱਲਾਂ ਦੇ ਪੱਧਰਾਂ, ਸਾਧਾਰਨ ਸਾਪੇਖਤਾ ਤੇ ਕੁਆਂਟਮ ਬ੍ਰਹਿਮੰਡ ਵਿਗਿਆਨ ਅਤੇ ਬਲੈਕ ਹੋਲਾਂ ਨਾਲ ਜੁੜੀਆਂ ਕੁਆਂਟਮ ਭੌਤਿਕ ਵਿਗਿਆਨ ਦੀਆਂ ਸਮੱਸਿਆਵਾਂ ਅਤੇ ਹੋਲੋਗ੍ਰਾਫਿਕ ਵਿਧੀਆਂ ਤੇ ਕੰਮ ਕਰ ਰਹੇ ਹਨ।

**ਕੁਆਂਟਮ ਗੁਰੂਤਾ:** ਇਹ ਸਿਧਾਂਤਕ ਭੌਤਿਕ ਵਿਗਿਆਨ ਦਾ ਇੱਕ ਖੇਤਰ ਹੈ ਜੋ ਕੁਆਂਟਮ ਮਕੈਨਿਕਸ ਦੇ ਸਿਧਾਂਤਾਂ ਅਨੁਸਾਰ ਗੁਰੂਤਾ ਦਾ ਵਰਣਨ ਕਰਦਾ ਹੈ। ਇਹ ਖੇਤਰ ਉਹਨਾਂ ਵਾਤਾਵਰਣਾਂ ਨਾਲ ਸੰਬੰਧਿਤ ਹੈ ਜਿਸ ਵਿੱਚ ਨਾ ਤਾਂ ਗੁਰੂਤਾ ਅਤੇ ਨਾ ਹੀ ਕੁਆਂਟਮ ਪ੍ਰਭਾਵਾਂ ਨੂੰ ਨਜ਼ਰ ਅੰਦਾਜ਼ ਕੀਤਾ ਜਾ ਸਕਦਾ ਹੈ, ਜਿਵੇਂ ਕਿ ਬਲੈਕ ਹੋਲ ਜਾਂ ਸਮਾਨ ਸੰਕੁਚਿਤ ਖਗੋਲੀ ਭੌਤਿਕ ਵਸਤੂਆਂ (ਨਿਊਟ੍ਰਾਨ ਤਾਰੇ) ਅਤੇ ਨਾਲ ਹੀ ਬਿੱਗ-ਬੈਂਗ ਧਮਾਕੇ ਤੋਂ ਬਾਅਦ ਦੇ ਬ੍ਰਹਿਮੰਡ ਦਾ ਸ਼ੁਰੂਆਤੀ ਪੜਾਅ। ਇੱਕ ਕੁਆਂਟਮ ਪੱਧਰ ਦਾ ਗੁਰੂਤਾ ਸਿਧਾਂਤ ਬਣਾਉਣ ਵਿੱਚ ਇੱਕ ਮੁਸ਼ਕਲ ਇਹ ਹੈ ਕਿ ਗੁਰੂਤਾ ਪ੍ਰਭਾਵਾਂ ਦਾ ਸਿੱਧਾ ਨਿਰੀਖਣ ਸਿਰਫ ਪਲੈਂਕ ਪੈਮਾਨੇ (10-35 ਮੀਟਰ) ਤੇ ਹੀ ਹੋ ਸਕਦਾ ਹੈ। ਇਹ ਪੈਮਾਨਾ ਬਹੁਤ ਹੀ ਛੋਟਾ ਹੈ ਅਤੇ ਇਸ ਪੱਧਰ ਤੇ ਉੱਚੀਆਂ ਊਰਜਾਵਾਂ ਨਾਲ ਹੀ ਪਹੁੰਚਿਆ ਜਾ ਸਕਦਾ ਹੈ। ਊਰਜਾ ਦੇ ਅਜਿਹੇ ਉੱਚੇ ਪੱਧਰ ਕਣ ਐਕਸਲੇਟਰਾਂ ਵਿੱਚ ਹੀ ਉਪਲਬਧ ਹੋ ਸਕਦੇ ਹਨ। 21ਵੀਂ ਸਦੀ ਦੇ ਆਰੰਭ ਵਿੱਚ, ਨਵੇਂ ਪ੍ਰਯੋਗ ਡਿਜ਼ਾਈਨ ਅਤੇ ਤਕਨਾਲੋਜੀਆਂ ਪੈਦਾ ਹੋਈਆਂ ਹਨ, ਜੋ ਇਹ ਸੁਝਾਅ ਦਿੰਦੀਆਂ ਹਨ ਕਿ ਕੁਆਂਟਮ ਗੁਰੂਤਾ ਨੂੰ ਪਰਖਣ ਲਈ ਅਸਿੱਧੀ ਵਿਗਿਆਨਕ ਪਹੁੰਚ ਅਗਲੇ ਕੁੱਝ ਦਹਾਕਿਆਂ ਵਿੱਚ ਹੀ ਸੰਭਵ ਹੋ ਸਕਦੀ ਹੈ। ਵਿਆਪਕ ਤੌਰ ਤੇ ਇਹ ਉਮੀਦ ਕੀਤੀ ਜਾ ਸਕਦੀ ਹੈ ਕਿ ਖੋਜ ਦੇ ਇਹ ਸ਼ਾਨਦਾਰ ਖੇਤਰ (ਕੁਆਂਟਮ ਗੁਰੂਤਾ ਅਤੇ ਸਟ੍ਰਿੰਗ ਥਿਊਰੀ) ਸਾਨੂੰ ਬਹੁਤ ਉੱਚ ਊਰਜਾ ਪੱਧਰਾਂ ਅਤੇ ਸਪੇਸ ਦੇ ਬਹੁਤ ਛੋਟੇ ਮਾਪਾਂ, ਜਿਵੇਂ ਬਲੈਕ ਹੋਲ ਦੇ ਵਿਹਾਰ ਅਤੇ ਬ੍ਰਹਿਮੰਡ ਦੀ ਉੱਤਪਤੀ ਸੰਬੰਧੀ ਸਮੱਸਿਆਵਾਂ ਨੂੰ ਸਮਝਣ ਦੀ ਇਜ਼ਾਜਤ ਦੇਣਗੇ।



ਡਾ. ਸਤਬੀਰ ਸਿੰਘ ਨੇ ਨੈਨੋਇਲੈਕਟ੍ਰਾਨਿਕਸ ਵਿੱਚ ਪੀ.ਐਚ.ਡੀ. ਕੀਤੀ ਹੋਈ ਹੈ। ਉਹ ਵਿਗਿਆਨ ਅਤੇ ਤਕਨਾਲੋਜੀ ਵਿੱਚ ਹੁਣ ਤੱਕ 4 ਕਿਤਾਬਾਂ ਅਤੇ 35 ਦੇ ਕਰੀਬ ਆਰਟੀਕਲ ਲਿਖ ਚੁੱਕੇ ਹਨ, ਜੋ ਕਿ ਦੇਸ਼ ਵਿਦੇਸ਼ ਦੀਆਂ ਅਖਬਾਰਾਂ ਤੇ ਮੈਗਜ਼ੀਨਾਂ ਵਿੱਚ ਛਪ ਚੁੱਕੇ ਹਨ। ਉਨ੍ਹਾਂ ਦਾ ਯੂਨੀਵਰਸਿਟੀ ਵਿੱਚ ਅਧਿਆਪਨ ਦਾ 23 ਸਾਲ ਦਾ ਤਜ਼ਰਬਾ ਹੈ। ਵਿਦੇਸ਼ ਦੀਆਂ ਤਕਨੀਕੀ ਸੰਸਥਾਵਾਂ ਦੇ ਉਹ ਮੈਂਬਰ ਵੀ ਹਨ। ਪੰਜਾਬੀ ਭਾਸ਼ਾ ਦੇ ਵਿਸ਼ਵ ਪੱਧਰੀ ਵਿਕਾਸ ਲਈ ਉਹ ਹਮੇਸ਼ਾਂ ਤਤਪਰ ਰਹਿੰਦੇ ਹਨ।

**ਮੁੱਖ ਪੰਨੇ ਦੀ ਤਸਵੀਰ ਬਾਰੇ** - ਪੁਲਾੜ ਸਟੇਸ਼ਨ 'ਤੇ ਰਹਿੰਦੇ ਹੋਏ, ਸੁਨੀਤਾ ਵਿਲੀਅਮਜ਼ ਨੇ ਦੋ ਪੁਲਾੜੀ ਸੈਰਾਂ (Spacewalks) ਕੀਤੀਆਂ, ਇੱਕ ਵਿਲਮੋਰ ਨਾਲ ਅਤੇ ਦੂਜੀ ਹੇਗ ਨਾਲ, ਜਿਸ ਵਿੱਚ ਉਨ੍ਹਾਂ ਨੇ ਸਪੇਸ ਸਟੇਸ਼ਨ ਦੇ ਟਰਸ (Truss - ਛੱਤ/ਮਸਤੂਲ ਆਦਿ ਨੂੰ ਟੇਕ ਦੇਣ ਵਾਲਾ ਢਾਂਚਾ) ਤੋਂ ਇੱਕ ਰੇਡੀਓ ਆਵ੍ਰਿਤੀ ਗਰੁੱਪ ਐਂਟੀਨਾ ਦੀ ਅਸੈਂਬਲੀ ਨੂੰ ਹਟਾਇਆ, ਵਿਸ਼ਲੇਸ਼ਣ ਲਈ ਸਟੇਸ਼ਨ ਦੀ ਬਾਹਰੀ ਸਤ੍ਹਾ ਤੋਂ ਨਮੂਨੇ ਇਕੱਠੇ ਕੀਤੇ, ਐਕਸ-ਰੇ ਟੈਲੀਸਕੋਪ 'ਤੇ ਰੌਸ਼ਨੀ ਦੇ ਫਿਲਟਰਾਂ ਨੂੰ ਠੀਕ ਕੀਤਾ, ਅਤੇ ਹੋਰ ਵੀ ਬਹੁਤ ਮਹਤਵਪੂਰਣ ਕੰਮ ਕੀਤੇ। ਵਿਲੀਅਮਜ਼ ਨੇ ਇੱਕ ਮਹਿਲਾ ਪੁਲਾੜ ਯਾਤਰੀ ਦੁਆਰਾ ਸਟੇਸ਼ਨ ਤੋਂ ਬਾਹਰ 62 ਘੰਟੇ ਅਤੇ 6 ਮਿੰਟ ਦਾ ਪੁਲਾੜੀ ਸੈਰ ਦਾ ਰਿਕਾਰਡ ਕਾਇਮ ਕੀਤਾ, ਅਤੇ ਉਹ ਸਾਰਿਆਂ ਵਿੱਚੋਂ ਹੁਣ ਚੌਥੇ ਸਥਾਨ 'ਤੇ ਹੈ। ਇਸ ਖੋਜ ਵਿੱਚ ਪੌਦਿਆਂ ਦੇ ਵਾਧੇ ਅਤੇ ਗੁਣਵੱਤਾ ਦੀ ਜਾਂਚ ਦੇ ਨਾਲ-ਨਾਲ ਖੂਨ ਦੀਆਂ ਬਿਮਾਰੀਆਂ ਅਤੇ ਕੈਂਸਰ ਆਦਿ ਦਾ ਇਲਾਜ ਕਰਨ ਲਈ ਸਟੈਮ ਸੈੱਲ ਤਕਨਾਲੋਜੀ ਦੀ ਸੰਭਾਵਨਾ ਵੀ ਸ਼ਾਮਲ ਸੀ। ਉਨ੍ਹਾਂ ਨੇ ਪੁਲਾੜ ਯਾਤਰੀਆਂ ਨੂੰ ਸਰਕੇਡੀਅਨ ਤਾਲ (Circadian Rhythms) ਬਣਾਈ ਰੱਖਣ ਵਿੱਚ ਮਦਦ ਕਰਨ ਲਈ ਰੋਸ਼ਨੀ ਪ੍ਰਣਾਲੀਆਂ ਦੀ ਵੀ ਜਾਂਚ ਕੀਤੀ, ਪਹਿਲੇ ਲੱਕੜ ਦੇ ਉਪਗ੍ਰਹਿ ਨੂੰ ਤੈਨਾਤ ਕਰਨ ਲਈ ਲੋਡ ਕੀਤਾ, ਅਤੇ ਪੁਲਾੜ ਸਟੇਸ਼ਨ ਦੇ ਬਾਹਰੀ ਹਿੱਸੇ ਤੋਂ ਨਮੂਨੇ ਲਏ ਤਾਂ ਜੋ ਇਹ ਅਧਿਐਨ ਕੀਤਾ ਜਾ ਸਕੇ ਕਿ ਕੀ ਸੂਖਮ ਜੀਵ ਪੁਲਾੜ ਵਿੱਚ ਬਚ ਸਕਦੇ ਹਨ ਕਿ ਨਹੀਂ।



# ਏ.ਆਈ ਦੇ ਯੁਗ 'ਚ ਜਿਉਣ ਦੀ ਕਲਾ

**ਇੰਜ. ਈਸ਼ਰ ਸਿੰਘ**

ਹਰ ਯੁਗ ਦੀਆਂ ਆਪਣੀਆਂ ਵਿਸ਼ੇਸ਼ਤਾਵਾਂ ਹੁੰਦੀਆਂ ਹਨ ਜਿਨ੍ਹਾਂ ਦੇ ਪ੍ਰਭਾਵ ਸਰਵ-ਵਿਆਪੀ ਹੁੰਦੇ ਹਨ। ਇੱਕ ਸਫਲ ਅਤੇ ਪ੍ਰਸੰਨ-ਚਿੱਤ ਜੀਵਨ ਜਿਉਣ ਲਈ ਸਾਨੂੰ ਆਪਣੇ-ਆਪ ਨੂੰ ਇਨ੍ਹਾਂ ਪ੍ਰਭਾਵਾਂ ਅਨੁਸਾਰ ਬਦਲ ਦੇ ਰਹਿਣਾ ਪੈਂਦਾ ਹੈ। ਇਸ ਲਈ ਸਾਨੂੰ ਇਨ੍ਹਾਂ ਵਿਸ਼ੇਸ਼ਤਾਵਾਂ ਅਤੇ ਇਨ੍ਹਾਂ ਦੇ ਪ੍ਰਭਾਵਾਂ ਦਾ ਸਹੀ ਗਿਆਨ ਹਾਸਿਲ ਕਰਨਾ ਅਤੇ ਨਾਲ਼ ਹੀ ਇਨ੍ਹਾਂ ਅਨੁਸਾਰ ਬਦਲਦੇ ਰਹਿਣ ਦੀ ਸਿਆਣਪ ਅਤੇ ਕਲਾ ਸਿੱਖਣਾ ਜ਼ਰੂਰੀ ਹੈ। ਪਹਿਲਾ ਗਿਆਨ 'ਸਮੂਹਕ' ਹੈ ਅਤੇ ਇਹ ਬਾਹਰੋਂ ਮਿਲਦਾ ਹੈ ਅਤੇ ਇਸ ਨੂੰ ਹਾਸਿਲ ਕਰਨ ਲਈ ਮੁੱਖ ਤੌਰ ਤੇ ਬਾਹਰਲੇ ਸਾਧਨਾਂ ਅਤੇ ਹੋਰਾਂ ਇਨਸਾਨਾਂ ਤੇ ਨਿਰਭਰ ਹੋਣਾ ਪੈਂਦਾ ਹੈ। ਦੂਜੀ ਗੱਲ ਸਿਆਣਪ ਅਤੇ ਕਲਾ ਹੈ ਜੋ ਵਿਅਕਤੀਗਤ ਹੁਨਰ ਹੈ ਅਤੇ ਇਸ ਨੂੰ ਨਿਜੀ ਅਭਿਆਸ ਰਾਹੀਂ ਸਿੱਖਣਾ ਪੈਂਦਾ ਹੈ। ਇਹ ਮੁੱਖ ਤੌਰ ਤੇ ਅੰਦਰੂਨੀ ਵਿਸ਼ਾ ਹੈ ਭਾਵੇਂ ਕਿ ਇਸ ਨੂੰ ਗ੍ਰਹਿਣ ਕਰਨ ਲਈ ਵੀ ਬਾਹਰੀ ਅਗਵਾਈ ਅਤੇ ਮਦਦ ਦੀ ਲੋੜ ਪੈਂਦੀ ਹੈ। ਕੋਈ ਵੀ ਇਨਸਾਨ ਬੁੱਧੀ ਅਤੇ ਸਾਧਨਾਂ ਪੱਖੋਂ ਇੰਨਾ ਸਮਰੱਥ ਨਹੀਂ ਹੋ ਸਕਦਾ ਕਿ ਓਹ ਇਨ੍ਹਾਂ ਦੋਹਾਂ ਨੂੰ ਸਿਰ-ਖੁਦ ਆਪ ਸਮਝ ਸਕੇ, ਇਸ ਲਈ ਉਸ ਨੂੰ 'ਸਮੂਹਕ' ਬੁੱਧੀ ਅਤੇ 'ਸਮੂਹਕ' ਸਾਧਨਾਂ ਤੇ ਨਿਰਭਰ ਹੋਣਾ ਪੈਂਦਾ ਹੈ। ਖੁਸ਼ਕਿਸਮਤੀ ਨਾਲ਼ ਅੱਜ ਦੇ ਯੁਗ 'ਚ ਇਹ ਦੋਨੋ ਭਰਪੂਰ ਮਾਤਰਾ 'ਚ ਹਾਸਿਲ ਹਨ, ਜੋ ਇਸ ਯੁਗ ਦੀ ਇੱਕ ਹੋਰ ਵਿਸ਼ੇਸ਼ਤਾ ਹੈ। ਪਰ ਇਸ ਭਰਮਾਰ 'ਚੋਂ ਸਹੀ ਨੂੰ ਫੜਨਾ ਅਤੇ ਗਲਤ ਨੂੰ ਛੱਡਣਾ ਸਿਆਣਪ ਹੈ, ਕਲਾ ਦਾ ਹਿੱਸਾ ਹੈ। ਚੰਗੇ ਪ੍ਰਭਾਵਾਂ ਨੂੰ ਕਬੂਲਣ ਅਤੇ ਮੰਦਿਆਂ ਤੋਂ ਬਚਣ ਦੀ ਸਿਆਣਪ ਗ੍ਰਹਿਣ ਕਰਨ ਅਤੇ ਕਲਾ ਸਿੱਖਣ ਦੀ ਲੋੜ ਪ੍ਰਤੀ ਜਾਗਰੂਕਤਾ ਹੀ ਇਸ ਲੇਖ ਦਾ ਉਦੇਸ਼ ਹੈ। ਪਹਿਲਾਂ ਆਪਣੇ ਯੁਗ ਦੀ ਮੁੱਖ ਵਿਸ਼ੇਸ਼ਤਾ, ਤਕਨੌਲੋਜੀ ਅਤੇ ਇਸ ਦੀ ਉਪ-ਬ੍ਰਾਂਚ ਏ.ਆਈ (ਆਰਟੀਫੀਸ਼ੀਅਲ ਇੰਟੈਲੀਜੈਂਸ/ਬਣਾਉਟੀ ਬੁੱਧੀ) ਤੇ ਵਿਚਾਰ ਕਰਦੇ ਹਾਂ ਕਿਉਂਕਿ ਅੱਜ-ਕੱਲ ਇਨ੍ਹਾਂ ਦੀ ਹੀ ਚੜ੍ਹਤ ਹੈ। ਇਹ ਵਿਸ਼ਾ ਸੰਸਾਰ ਦੇ ਮੁੱਖ ਚਰਚਿਤ ਵਿਸ਼ਿਆਂ 'ਚੋਂ ਇੱਕ ਹੈ, ਹਾਲਾਂਕਿ ਇਹ ਕੰਪਿਊਟਰ ਸਾਇੰਸ ਦੀ ਸਿਰਫ ਇੱਕ ਉਪ-ਬ੍ਰਾਂਚ ਹੈ ਜੋ ਅੱਗੇ ਸਾਇੰਸ ਅਤੇ ਤਕਨੌਲੋਜੀ ਦੀ ਇੱਕ ਬ੍ਰਾਂਚ ਹੈ। ਹਾਲਾਤ ਇਸ ਤਰ੍ਹਾਂ ਦੇ ਬਣ ਗਏ ਕਿ ਉਪ-ਬ੍ਰਾਂਚ ਹੋਣ ਦੇ ਬਾਵਜੂਦ ਅੱਜ ਇਹ ਕੰਪਿਊਟਰ ਸਾਇੰਸ ਦਾ ਮੋਹਰੀ ਅੰਗ ਬਣ ਗਈ ਹੈ ਅਤੇ ਕੰਪਿਊਟਰ ਸਾਇੰਸ ਸਾਡੀ ਤਕਨੌਲੋਜੀ ਦੀ ਮੋਹਰੀ ਬਣ ਗਈ ਹੈ। ਤਕਨੌਲੋਜੀ ਅੱਗੇ ਸਾਡੇ ਜੀਵਨ ਦੇ ਸਾਰੇ ਖੇਤਰਾਂ, ਭਾਵ ਰਾਜਨੀਤਕ, ਪ੍ਰਬੰਧਕੀ, ਆਰਥਿਕ, ਸਮਾਜਿਕ, ਧਾਰਮਿਕ ਅਤੇ ਕੋਮਲ ਕਲਾਵਾਂ ਤੇ ਕਾਬਜ਼ ਹੋ ਗਈ ਹੈ। ਇੱਥੋਂ ਤੱਕ ਕਿ ਸਾਡੇ ਵਿਅਕਤੀਗਤ ਅਤੇ ਪਰਿਵਾਰਕ ਜੀਵਨਾਂ 'ਚ ਵੀ ਇਸ ਦਾ ਪ੍ਰਭਾਵ ਬਹੁਤ ਵਧ ਰਿਹਾ ਹੈ। ਸਰਲ ਸ਼ਬਦਾਂ 'ਚ ਏ.ਆਈ ਦਾ ਮੁੱਖ ਕੰਮ ਇਸ ਤਰ੍ਹਾਂ ਦੀਆਂ ਮਸ਼ੀਨਾਂ ਬਣਾਉਣਾ ਹੈ ਜਿਹੜੀਆਂ ਇਨਸਾਨਾਂ ਵਰਗੀ ਬੁੱਧੀ ਰਖਦੀਆਂ ਹੋਣ। ਉਨ੍ਹਾਂ ਵਾਂਗੂੰ ਸੋਚਣ, ਸਮਝਣ, ਪ੍ਰਤੀਕਿਰਿਆ ਕਰਨ ਅਤੇ ਕੰਮ ਕਰਨ ਦੇ ਸਮਰੱਥ ਹੋਣ। ਬਿਜਲੀ ਦੀ ਤਰ੍ਹਾਂ ਇਹ ਵੀ ਇੱਕ 'ਆਲ ਪਰਪਸ' ਤਕਨੌਲੋਜੀ ਹੈ, ਸੰਸਾਰ ਦੇ ਹਰ ਖੇਤਰ 'ਚ ਇਸ ਦੀ ਲੋੜ ਹੈ ਅਤੇ ਬਿਜਲੀ ਵਾਂਗੂੰ ਹੀ ਇਹ ਮਨੁੱਖੀ ਜੀਵਨ 'ਚ ਕ੍ਰਾਂਤੀਕਾਰੀ ਬਦਲਾਓ ਲਿਆਉਣ ਦੀ ਸਮਰੱਥਾ ਰਖਦੀ ਹੈ। ਇਹ ਬਦਲਾਓ ਸਾਰਥਿਕ ਹਨ ਜਾਂ ਨਕਾਰਾਤਮਕ, ਇਹ ਇਸ ਦੇ ਹੱਥ 'ਚ ਨਹੀਂ ਅਤੇ ਇਸ (ਏ.ਆਈ) ਦੇ ਬੇ-ਕਾਬੂ ਹੋਣ ਦੇ ਖ਼ਦਸ਼ਿਆਂ ਬਾਰੇ ਮਾਹਿਰ ਵੀ ਸਹਿਮਤ ਹਨ। ਇਸ ਦਾ ਹੋਰ ਮਾਰੂ ਹਥਿਆਰਾਂ ਵਾਂਗੂੰ, ਸਮਾਜ-ਵਿਰੋਧੀ ਅਨਸਰਾਂ ਦੇ ਹੱਥੇ ਚੜ੍ਹਨਾ ਇੱਕ ਹੋਰ ਵੱਡਾ ਡਰ ਹੈ। ਇਨ੍ਹਾਂ ਸਭ ਤੋਂ ਬਚਾਓ ਮਨੁੱਖੀ ਸਿਆਣਪ ਤੇ ਨਿਰਭਰ ਕਰਦਾ ਹੈ, ਜਿਸ ਦਾ ਹਰ ਯੁਗ 'ਚ ਅਭਾਵ ਰਿਹਾ ਹੈ।

ਤਕਨੌਲੋਜੀ ਦੇ ਹਾਮੀ ਇਹ ਦਾਅਵੇ ਕਰਦੇ ਹਨ ਕਿ ਇਹ ਅਤੇ ਮੁੱਖ ਤੌਰ ਤੇ ਏ.ਆਈ ਸਾਡੀਆਂ ਮੁੱਖ ਸਮੱਸਿਆਵਾਂ ਦਾ ਸਮਾਧਾਨ ਕਰ ਸਕਦੀ ਹੈ। ਪਰ ਸੰਸਾਰ ਦਾ ਇਤਿਹਾਸ ਅਤੇ ਇਸ ਦੇ ਅਜੋਕੇ ਹਾਲਾਤ ਇਸ ਵਿਚਾਰਧਾਰਾ ਨੂੰ ਨਕਾਰਦੇ ਹਨ।

ਹੁਣ ਤੱਕ ਬਣਾਈਆਂ ਸਾਡੀਆਂ ਸਭ ਤਕਨੌਲੋਜੀਆਂ ਅਤੇ ਇਕੱਤਰ ਕੀਤੀਆਂ ਸ਼ਕਤੀਆਂ ਦੇ ਬਾਵਜੂਦ ਸਾਨੂੰ ਮਨੁੱਖੀ ਹੋਂਦ ਨੂੰ ਬਚਾਉਣ ਦੀ ਚਿੰਤਾ ਲੱਗੀ ਹੋਈ ਹੈ। ਇਸ ਕਰ ਕੇ ਅੱਜ ਤਕਨੌਲੋਜੀ ਅਤੇ ਖਾਸ ਕਰ ਕੇ ਇਸ ਦੀ ਨਵੀਂ ਬ੍ਰਾਂਚ ਏ.ਆਈ, ਯੂ.ਐਨ.ਓ ਸਣੇ ਸਾਰੇ ਦੇਸ਼ਾਂ ਲਈ ਸਿਰ-ਦਰਦੀ ਬਣ ਗਈ ਹੈ। ਹਾਲਾਂ ਕਿ ਇਹ ਸਾਡੀ ਬਹੁ-ਪੱਖੀ ਤਰੱਕੀ ਅਤੇ ਅਥਾਹ ਖੁਸ਼ਹਾਲੀ ਦਾ ਵੱਡਾ ਅਧਾਰ ਰਹੀ ਹੈ ਅਤੇ ਅੱਜ ਵੀ ਇਸ ਨੂੰ ਲਗਾਤਾਰ ਕਾਇਮ ਰੱਖ ਰਹੀ ਹੈ। ਇਹ ਸਿਰ-ਦਰਦੀ ਇਸ ਕਰ ਕੇ ਨਹੀਂ ਬਣੀ ਕਿ ਇਸ ਦਾ ਕੋਈ ਲਾਭ ਨਹੀਂ ਰਿਹਾ। ਬਲਕਿ ਇਸ ਕਰ ਕੇ ਬਣੀ ਹੈ ਕਿ ਹੁਣ ਇਹ ਸੰਸਾਰ ਦੇ ਸ਼ਾਤਿਰ ਧੜਿਆਂ ਵਲੋਂ ਬਾਕੀ ਇਨਸਾਨਾਂ ਦੇ ਸਰੀਰਾਂ ਅਤੇ ਮਨਾਂ ਤੇ ਕਬਜ਼ਾ ਕਰਨ ਦਾ ਮਾਧਿਅਮ ਬਣ ਚੁੱਕੀ ਹੈ। ਅੱਜ ਸੰਸਾਰ ਦੇ ਸਭ ਤੋਂ ਅਮੀਰ ਦਸ ਖਰਬ-ਪਤੀਆਂ 'ਚੋਂ ਸੱਤ ਤਕਨੌਲੋਜੀ ਨਾਲ਼ ਜੁੜੇ ਹੋਏ ਹਨ ਅਤੇ ਅਮਰੀਕਾ ਦੀ ਰਾਜਧਾਨੀ 'ਚ ਇਨ੍ਹਾਂ ਦੀ ਲੌਬੀ ਦੂਜੇ ਨੰਬਰ ਦੀ ਸਭ ਤੋਂ ਤਾਕਤਵਰ ਲੌਬੀ ਹੈ।

ਇਸ ਦਾ ਅਰਥ ਇਹ ਨਹੀਂ ਕਿ ਇਹ ਕਿਸੇ ਹੋਰ ਖੇਤਰ ਨਾਲੋਂ ਵੱਧ ਉਪਜ ਕਰ ਰਹੀ ਹੈ ਜਾਂ ਇਸ ਵਲੋਂ ਬਣਾਈਆਂ ਵਸਤਾਂ ਹੋਰਾਂ ਦੀਆਂ ਵਸਤੂਆਂ ਤੋਂ ਵੱਧ ਲਾਭਦਾਇਕ ਹਨ। ਇਸ ਦੇ ਉਲਟ ਇਹ ਆਪਣੇ ਲਾਭ-ਹਿਤ, ਬੇ-ਲੋੜੀਆਂ ਅਤੇ 'ਲਗਜਰੀ' ਵਸਤੂਆਂ ਨਾਲ਼ ਮਾਰਕੀਟਾਂ ਨੂੰ ਭਰ ਰਹੀ ਹੈ, ਕਿਉਂਕਿ ਇਨ੍ਹਾਂ ਨੂੰ ਬਣਾਉਣ ਅਤੇ ਜ਼ਰੂਰਤ ਵਾਲ਼ੀਆਂ ਵਸਤੂਆਂ ਨੂੰ ਬਣਾਉਣ 'ਚ ਲਾਗਤ ਦਾ ਬਹੁਤਾ ਫਰਕ ਨਹੀਂ ਹੁੰਦਾ। ਨਾਂ ਹੀ ਇਸ ਦੇ ਇਜ਼ਾਰੇ-ਦਾਰਾਂ ਨੂੰ ਕੋਈ ਵਸਤੂ ਬਣਾਉਣ ਲਈ ਕਿਸੇ ਤੋਂ ਇਜਾਜ਼ਤ ਲੈਣ ਦੀ ਲੋੜ ਹੈ। ਕਿੰਨੀ ਅਜੀਬ ਗੱਲ ਹੈ ਕਿ ਆਪਣੇ ਭਾਰਤ ਦੇਸ਼ 'ਚ ਭਾਵੇਂ ਅਜੇ ਨਹੀਂ, ਪਰ ਵਿਕਸਿਤ ਦੇਸ਼ਾਂ 'ਚ ਸਰਕਾਰ ਕਿਸਾਨਾਂ ਨੂੰ ਦਸਦੀ ਹੈ ਕਿ ਓਹ ਆਪਣੇ ਖੇਤਾਂ 'ਚ ਕੀ ਬੀਜਣ। ਜੇ ਓਹ ਸਰਕਾਰੀ ਹੁਕਮ ਨਾਂ ਮੰਨਣ ਤਾਂ ਸਰਕਾਰ ਉਨ੍ਹਾਂ ਦੀ ਫਸਲ ਦੀ ਖਰੀਦ ਨਹੀਂ ਕਰਦੀ। ਇਸ ਲਈ ਕਿਸਾਨਾਂ ਨੂੰ ਹਰ ਸਾਲ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਬਦਲਵੀਂਆਂ ਫਸਲਾਂ ਬੀਜਣੀਆਂ ਪੈਂਦੀਆਂ ਹਨ। ਪਰ ਤਕਨੌਲੋਜੀ ਖਾਸ ਕਰ ਕੇ ਏ.ਆਈ ਦੇ ਇਜ਼ਾਰੇ-ਦਾਰ, ਟੌਅਰ ਨਾਲ਼ ਐਲਾਨ ਕਰ ਦਿੰਦੇ ਹਨ ਕਿ ਆਉਣ ਵਾਲ਼ੀ ਫਲਾਣੀ ਤ੍ਰੀਕ ਨੂੰ ਅਸੀਂ ਇਹ ਨਵੀਂ ਕਾਢ ਮਾਰਕੀਟ 'ਚ ਲਿਆ ਰਹੇ ਹਾਂ। ਉਲਟਾ ਸਰਕਾਰਾਂ ਨੂੰ ਭੱਜ-ਨੱਠ ਲੱਗ ਜਾਂਦੀ ਹੈ ਕਿ ਅਸੀਂ ਕੀ ਕਰੀਏ? ਇਹ ਸਚਾਈ ਯੂ.ਐਨ.ਓ ਦੇ ਮਾਣ-ਯੋਗ ਸਕੱਤਰ ਜਨਰਲ ਐਂਟੋਨੀਓ ਗੁਟੇਰੇਜ਼ ਦੇ ਇਸ ਤਾਜ਼ਾ ਬਿਆਨ (19 ਸਤੰਬਰ, 2024 ਦੇ) ਤੋਂ ਪ੍ਰਤੱਖ ਹੈ, ਕਿ:"ਇਹ ਗੱਲ ਪਹਿਲਾਂ ਹੀ ਸਪਸ਼ਟ ਹੋ ਚੁੱਕੀ ਹੈ ਕਿ ਏ.ਆਈ ਨਾਲ਼, ਮਨੁੱਖੀ ਅਧਿਕਾਰਾਂ ਸਣੇ ਹੋਰ ਖੇਤਰਾਂ ਲਈ ਕਈ ਪਰਕਾਰ ਦੇ ਫ਼ੌਰੀ ਅਤੇ ਦੂਰ-ਰਸ ਬੁਰੇ ਅਸਰ ਜੁੜੇ ਹੋਏ ਹਨ। ਇਸ ਸਬੰਧ 'ਚ ਗੰਭੀਰ ਚਿੰਤਾਵਾਂ ਇਹ ਹਨ ਕਿ ਇਸ ਦੀ ਸ਼ਕਤੀ ਸਿਮਟ ਕੇ ਕੁਛ ਦੇਸ਼ਾਂ ਅਤੇ ਕੰਪਨੀਆਂ ਦੇ ਹੱਥਾਂ 'ਚ ਇਕੱਠੀ ਹੋ ਗਈ ਹੈ।"

ਏ.ਆਈ ਨਾਲ਼ ਜੁੜੇ ਖ਼ਤਰਿਆਂ ਬਾਰੇ ਇਹ ਉਨ੍ਹਾਂ ਦਾ ਕੋਈ ਪਹਿਲਾ ਬਿਆਨ ਨਹੀਂ। ਪਹਿਲਾਂ ਵੀ ਕਈ ਵਾਰ ਇਸ ਤੋਂ ਵੀ ਸਖ਼ਤ ਬਿਆਨ ਦੇ-ਦੇ ਕੇ, ਓਹ ਸੰਸਾਰ ਨੂੰ ਇਸ ਵਿਸ਼ੇ 'ਤੇ ਖ਼ਬਰਦਾਰ ਕਰਦੇ ਰਹੇ ਹਨ। ਕਈ ਵਾਰ ਤਾਂ ਉਨ੍ਹਾਂ ਦੇ ਬਿਆਨਾਂ ਤੋਂ ਇਸ ਤਰ੍ਹਾਂ ਲਗਦਾ ਹੈ ਕਿ ਓਹ ਬਹੁਤ ਹੀ ਮਜਬੂਰ ਅਤੇ ਦੁਖੀ ਹੋ ਕੇ ਬੋਲ ਰਹੇ ਹਨ। ਆਪਾਂ ਜਾਣਦੇ ਹਾਂ ਕਿ ਸਮੁੱਚੇ ਸੰਸਾਰ ਦੀਆਂ ਹੋਰ ਅਨੇਕਾਂ ਸਮੱਸਿਆਵਾਂ, ਉਨ੍ਹਾਂ ਦੀਆਂ ਚਿੰਤਾਵਾਂ ਅਤੇ ਦਰਦਾਂ ਦਾ ਕਾਰਨ ਬਣੀਆਂ ਹੋਈਆਂ ਹਨ। ਜਿਵੇਂ ਕਿ: ਚੱਲ ਰਹੇ ਯੁੱਧ, ਵਾਤਾਵਰਨ ਪਰਿਵਰਤਨ, ਮਾਰੂ ਹਥਿਆਰਾਂ ਦੀ ਦੌੜ, ਸ਼ਰਣਾਰਥੀਆਂ ਦੇ ਦੁੱਖ, ਅੱਤ-ਵਾਦ, ਨਾਂ-ਬਰਾਬਰੀ, ਭੁੱਖ-ਮਰੀਆਂ ਅਤੇ ਕੁਦਰਤੀ ਆਫਤਾਂ ਆਦਿ। ਏ.ਆਈ ਬਾਰੇ ਉਨ੍ਹਾਂ ਦੀ ਦਰਦ-ਮਈ ਬਿਆਨ-ਬਾਜੀ ਇਹ ਸਾਬਿਤ ਕਰਦੀ ਹੈ ਕਿ ਇਹ ਸਮੱਸਿਆ ਵੀ ਹੋਰ ਵੱਡੀਆਂ ਸਮੱਸਿਆਵਾਂ ਜਿੰਨੀ ਹੀ ਗੰਭੀਰ ਬਣ ਚੁੱਕੀ ਹੈ। ਹੋਰ ਸਮੱਸਿਆਵਾਂ ਦਹਾਕਿਆਂ ਤੋਂ ਚਲੀਆਂ ਆ ਰਹੀਆਂ ਹਨ, ਜਦ ਕਿ ਏ.ਆਈ ਦੀ ਸਮੱਸਿਆ ਨਵੀਂ ਅਤੇ ਬਹੁਤ ਤੇਜੀ ਨਾਲ ਉੱਭਰ ਰਹੀ ਹੈ। ਸਕੱਤਰ ਜਨਰਲ ਸਾਹਿਬ ਦੇ ਉਪਰੋਕਤ ਬਿਆਨ ਦਾ ਕਾਰਨ ਸਿਰਫ ਡੇਢ ਕੁ ਸਾਲ ਪਹਿਲਾਂ (ਮਾਰਚ, 2023) ਨਿਕਲ਼ੀ ਏ.ਆਈ ਦੀ ਇੱਕ ਉੱਪ-ਕਾਢ (ਚੈਟ-ਜੀਪੀਟੀ) ਹੈ, ਜਿਸ ਨੇ ਸੰਸਾਰ 'ਚ ਤਰਥੱਲੀ ਮਚਾ ਦਿੱਤੀ ਸੀ ਅਤੇ ਇਸ ਦੇ ਹਾਮੀਆਂ ਨੂੰ ਵੀ ਚਿੰਤਾ 'ਚ ਪਾ ਦਿੱਤਾ ਸੀ। ਇਲੌਨ ਮਸੁਕ ਸਣੇ ਸੰਸਾਰ ਭਰ ਦੇ ਵੀਹ ਹਜ਼ਾਰ ਤੋਂ ਵੱਧ ਮਾਹਿਰਾਂ, ਸਾਇੰਸਦਾਨਾਂ ਅਤੇ ਫ਼ਿਲਾਸਫ਼ਰਾਂ ਨੇ ਇੱਕ ਖੁੱਲ੍ਹਾ ਪੱਤਰ ਲਿਖ ਕੇ ਇਸ ਤਰ੍ਹਾਂ ਦੀਆਂ ਕਾਢਾਂ ਤੇ ਕੁਛ ਸਮੇਂ ਲਈ ਰੋਕ ਲਾਉਣ ਦੀ ਅਪੀਲ ਕੀਤੀ ਸੀ। ਉਨ੍ਹਾਂ ਨੇ ਇਸ ਤਰ੍ਹਾਂ ਦੀਆਂ ਕਾਢਾਂ ਨੂੰ ਕਾਬੂ ਤੋਂ ਬਾਹਰ ਹੋ ਰਹੀ ਤਕਨੌਲੋਜੀ ਦਾ ਪ੍ਰਤੀਕ ਗਰਦਾਨਿਆ ਸੀ। ਯੂ.ਐਨ. ਓ ਸਣੇ ਸੰਸਾਰ ਦੇ ਸਾਰੇ ਦੇਸ਼ਾਂ ਨੇ ਇਸ ਦੇ ਸੰਭਾਵੀ ਖ਼ਤਰਿਆਂ ਬਾਰੇ ਫ਼ੌਰੀ ਤੌਰ ਤੇ ਗੰਭੀਰਤਾ ਨਾਲ਼ ਵਿਚਾਰ-ਵਟਾਂਦਰੇ ਕੀਤੇ ਸਨ ਅਤੇ ਸਕੱਤਰ ਜਨਰਲ ਸਾਹਿਬ ਨੇ ਇੱਕ ਉੱਚ-ਪਧਰੀ ਕਮੇਟੀ ਦਾ ਗਠਨ ਕੀਤਾ ਸੀ, ਜਿਸ ਦੀ ਰਿਪੋਰਟ ਹੁਣੇ ਹੀ (19 ਸਤੰਬਰ,2024 ਨੂੰ) ਆਈ ਹੈ। ਇਸ ਦਾ ਸਿਰ-ਲੇਖ "ਮਨੁੱਖਤਾ ਦੀ ਭਲਾਈ ਲਈ ਏ.ਆਈ ਤੇ ਨਿਯੰਤਰਣ-ਪ੍ਰਬੰਧ" ("ਗਵਰਨਿੰਗ ਏ.ਆਈ ਫਾਰ ਹਿਉਮੈਨਿਟੀ") ਹੈ। ਇਸ ਦਾ ਉਦੇਸ਼ ਹੈ ਕਿ ਏ. ਆਈ ਦਾ ਵਿਕਾਸ ਅਤੇ ਇਸ ਦੀ ਵਰਤੋਂ ਇਸ ਢੰਗ ਨਾਲ਼ ਕੀਤੀ ਜਾ ਸਕੇ ਕਿ ਇਸ ਦਾ ਲਾਭ ਸਾਰੀ ਮਨੁੱਖਤਾ ਨੂੰ ਹੋਵੇ ਅਤੇ ਇਸ ਨੂੰ

ਕੌਮਾਂਤਰੀ ਪੱਧਰ ਤੇ ਸਰਬ-ਸੰਮਤੀ ਨਾਲ਼ ਅਤੇ ਪ੍ਰਭਾਵਕਾਰੀ ਢੰਗ ਨਾਲ਼ ਨਿਯੰਤਰਤ ਕੀਤਾ ਜਾ ਸਕੇ।

ਇਸ ਰਿਪੋਰਟ ਦਾ ਮੁੱਖ ਥੀਮ ਵੀ ਉਪਰੋਕਤ ਵਿਚਾਰਧਾਰਾ ਨਾਲ਼ ਮੇਲ ਖਾਂਦਾ ਹੈ, ਕਿ:

"ਭਾਵੇਂ ਅਸੀਂ ਭਵਿੱਖ 'ਚ ਏ.ਆਈ ਅਤੇ ਇਸ ਦੀ ਭੂਮਿਕਾ ਪ੍ਰਤੀ ਆਸਵੰਦ ਹਾਂ ਪਰ ਇਹ ਆਸ ਇਸ ਦੇ ਖ਼ਤਰਿਆਂ, ਮੌਜੂਦਾ ਢਾਂਚਿਆਂ ਦੀਆਂ ਕਮੀਆਂ ਅਤੇ ਸਾਡੀਆਂ ਪ੍ਰਾਥਮਿਕਤਾਵਾਂ ਉੱਪਰ ਨਿਰਭਰ ਕਰਦੀ ਹੈ। ਅਸੀਂ ਭਵਿੱਖ 'ਚ ਇਸ ਦੀ ਅਹਿਮ ਭੂਮਿਕਾ ਤੋਂ ਮੁਨਕਰ ਨਹੀ ਪਰ ਸਾਡਾ ਉਦੇਸ਼ ਇਹ ਹੈ ਕਿ ਇਸ ਦੇ ਲਾਭ ਸਮੁੱਚੀ ਮਨੁੱਖਤਾ ਨੂੰ ਪਹੁੰਚਣ ਅਤੇ ਅੱਜ ਦੇ ਲਾਭਾਂ ਦਾ ਆਉਣ ਵਾਲ਼ੀਆਂ ਪੀੜ੍ਹੀਆਂ ਤੇ ਕੋਈ ਮਾੜਾ ਅਸਰ ਨਾਂ ਪਵੇ, ਜਿਵੇਂ ਕਿ ਬਦ-ਕਿਸਮਤੀ ਨਾਲ਼ ਵਾਤਾਵਰਨ-ਪਰਿਵਰਤਨ ਨਾਲ਼ ਪੈਣ ਦਾ ਖ਼ਦਸ਼ਾ ਹੈ"

ਪਰ ਇਸ ਦੇ ਹਮਾਇਤੀ ਇਸ ਨੂੰ ਹੋਰ ਸਭ ਖੇਤਰਾਂ ਦੀ ਤਰੱਕੀ ਦਾ ਮੁੱਖ ਜ਼ਰੀਆ ਮੰਨਦੇ ਹਨ ਅਤੇ ਮੁੱਖ ਸਮੱਸਿਆਵਾਂ ਦੇ ਹੱਲ ਕਰਨ ਦਾ ਮਾਧਿਅਮ ਦਸਦੇ ਹਨ। ਜਿਵੇਂ ਕਿ: ਵਿਦਿਅਕ ਖੇਤਰ, ਖੇਤੀ-ਬਾੜੀ, ਸਿਹਤ ਸੇਵਾਵਾਂ,ਆਰਥਿਕ, ਵਾਤਾਵਰਨ ਪਰਿਵਰਤਨ, ਆਵਾਜਾਈ, ਸਾਇੰਸੀ ਖੋਜਾਂ, ਆਰਥਿਕ, ਜਨਰਲ ਸਰਵਸਿਜ ਅਤੇ ਸੁਰੱਖਿਆ ਆਦਿ ਸਭ ਦਾ। ਇੱਥੋਂ ਤੱਕ ਦਾਅਵਾ ਕਰਦੇ ਹਨ ਕਿ ਇਹ ਸੰਸਾਰ ਦੀ ਲੱਗ-ਭੱਗ ਹਰ ਸਮੱਸਿਆ ਦਾ ਹੱਲ ਕਰ ਸਕੇਗੀ। ਏ.ਆਈ ਪ੍ਰਤੀ ਯਥਾਰਥੀ ਪਹੁੰਚ ਅਪਣਾਉਣ ਵਾਲਿਆਂ ਨੂੰ, ਗੈਰ-ਵਿਗਿਆਨਕ, 'ਡੂਮ ਸੇਅਰਜ' ਅਤੇ ਨਿਰਾਸ਼ਾ-ਵਾਦੀ ਹੋਣ ਦਾ ਫ਼ਤਵਾ ਦਿੰਦੇ ਹਨ। ਇਹ ਦਲੀਲਾਂ ਵੀ ਦਿੰਦੇ ਹਨ ਕਿ ਇਸ ਤਰ੍ਹਾਂ ਦੀ ਅਲੋਚਨਾ ਅਤੇ ਵਿਰੋਧਤਾ ਆਮ ਗੱਲ ਹੈ ਕਿਉਂਕਿ ਹਰ ਨਵੀਂ ਤਕਨੌਲੋਜੀ ਦੀ ਵਿਰੋਧਤਾ ਹੁੰਦੀ ਆਈ ਹੈ। ਇਹ ਦਲੀਲ ਦੇਣ ਵੇਲ਼ੇ ਓਹ ਇਹ ਗੱਲ ਲਕੋ ਕੇ ਰਖਦੇ ਹਨ ਕਿ ਹਰ ਸਮੇਂ ਦੀ ਤਕਨੌਲੋਜੀ ਦਾ ਬੇ-ਥਾਹ ਨਜਾਇਜ ਲਾਭ ਇਜ਼ਰੇਦਾਰਾਂ ਨੂੰ ਹੀ ਹੋਇਆ ਹੈ, ਅਤੇ ਜਨ-ਸਧਾਰਨ ਤੱਕ ਇਸ ਦਾ ਲਾਭ ਉਸ ਵਕਤ ਹੀ ਪਹੁੰਚਿਆ ਹੈ ਜਦ ਇਸ ਦੀ ਵਿਰੋਧਤਾ ਅਤੇ ਭਰਪੂਰ ਆਲੋਚਨਾ ਹੋਈ।

ਸੰਸਾਰ ਦੀ ਚੋਟੀ ਦੀ ਯੂਨੀਵਰਸਿਟੀ 'ਐਮ.ਆਈ.ਟੀ' ਦੇ ਦੋ ਪ੍ਰੋਫ਼ੈਸਰਾਂ ਵਲੋਂ 'ਪਾਵਰ ਐਂਡ ਪ੍ਰੋਗਰੈਸ' (2023) ਨਾਉਂ ਦੀ ਪ੍ਰਸਿੱਧ ਕਿਤਾਬ ਲਿਖੀ ਗਈ ਹੈ। ਇਸ ਦਾ ਥੀਮ 'ਤਕਨੌਲੋਜੀ ਅਤੇ ਸਰਵ-ਸਾਂਝੀ ਖੁਸ਼ਹਾਲੀ ਲਈ ਸਾਡਾ ਇੱਕ ਹਜ਼ਾਰ ਸਾਲ ਦਾ ਸੰਘਰਸ਼' ਹੈ। ਉਨ੍ਹਾਂ ਨੇ ਤੱਤ ਕੱਢਿਆ ਹੈ ਕਿ ਸਾਇੰਸ ਅਤੇ ਤਕਨੌਲੋਜੀ ਦੀ ਹਰ ਮੁੱਖ ਕਾਢ ਨੇ ਸਮਾਜ 'ਚ ਨਾ-ਬਰਾਬਰੀ ਨੂੰ ਵਧਾਇਆ ਹੈ----। ਇਨ੍ਹਾਂ ਦੇ ਲਾਭਾਂ ਦੀ ਜਨ-ਸਧਾਰਨ ਤੱਕ ਰਸਾਈ ਇਨ੍ਹਾਂ ਦੇ ਕਾਢੂਆਂ ਅਤੇ ਖੋਜੀਆਂ ਦੀ ਬਜਾਇ ਸਮਾਜ-ਸੁਧਾਰਕਾਂ, ਫਿਲਾਸਫਰਾਂ, ਲੇਖਕਾਂ ਅਤੇ ਸੁਹਿਰਦ ਰਾਜਨੀਤੀਵਾਨਾਂ ਨੇ ਕਰਵਾਈ ਹੈ। ਜਾਂ ਕਾਮਿਆਂ ਦੀਆਂ ਯੂਨੀਅਨਾਂ ਨੇ ਖੁਦ ਸੰਘਰਸ਼ ਕਰ ਕੇ ਪ੍ਰਾਪਤ ਕੀਤੀ ਹੈ, ਜਿਨ੍ਹਾਂ ਨੂੰ ਅੱਜ ਲੱਗ-ਭੱਗ ਖਤਮ ਹੀ ਕਰ ਦਿੱਤਾ ਗਿਆ ਹੈ।

ਅੱਜ ਦੀ ਤ੍ਰਾਸਦੀ ਵੀ ਇਹ ਹੈ ਕਿ ਇਸ ਖੇਤਰ 'ਤੇ ਕਾਬਜ਼ ਇਜ਼ਾਰੇ-ਦਾਰਾਂ ਨੇ ਸਾਨੂੰ ਐਸੇ ਭੁਲੇਖਿਆਂ 'ਚ ਪਾ ਰੱਖਿਆ ਹੈ ਜਿਨ੍ਹਾਂ ਓਹਲੇ ਓਹ ਬੇ-ਲੋੜੀਆਂ ਅਤੇ ਮਨੁੱਖੀ ਕਦਰਾਂ-ਕੀਮਤਾਂ ਤੋਂ ਸੱਖਣੀਆਂ ਕਾਢਾਂ ਕੱਢ ਰਹੇ ਹਨ। ਨਾਲ਼ ਧਰਤੀ ਦੇ ਵਡਮੁੱਲੇ ਕੁਦਰਤੀ ਸਾਧਨਾਂ ਨੂੰ ਵੀ ਬਰਬਾਦ ਕਰ ਰਹੇ ਹਨ। ਕਿਤਾਬ 'ਚ ਇਨ੍ਹਾਂ ਦੀ ਤੁਲਨਾ ਉਦਯੋਗਿਕ ਕ੍ਰਾਂਤੀ ਵੇਲ਼ਿਆਂ ਦੇ 'ਰੌਬਰ-ਬੈਰਨਜ' ਕੀਤੀ ਗਈ ਹੈ। ਇਸ ਨੇ ਹੋਰ ਹਰ ਖੇਤਰ,ਜਿਵੇਂ ਕਿ ਖੇਤੀ-ਬਾੜੀ, ਬਿਜਲੀ, ਉਦਯੋਗ, ਨਿਰਮਾਣ ਆਦਿ ਦੀਆਂ ਖੋਜਾਂ ਅਤੇ ਕਾਢਾਂ 'ਚ ਖੜੋਤ ਪੈਦਾ ਕਰ ਦਿੱਤੀ ਹੈ। ਨਾਂ-ਬਰਾਬਰੀ ਅਤੇ ਸਮਾਜਿਕ ਬੇ-ਚੈਨੀ ਵਧਾਉਣ ਦੇ ਨਾਲ਼-ਨਾਲ਼ ਮਨੁੱਖ ਨੂੰ ਅਸਲੀਅਤ ਤੋਂ ਬਹੁਤ ਦੂਰ ਕਰ ਦਿੱਤਾ ਹੈ।

ਅੱਜ ਤਕਨੌਲੋਜੀਆਂ ਦਾ ਹਾਲ ਵੀ ਧਰਮਾਂ ਵਰਗਾ ਹੋ ਗਿਆ ਹੈ ਅਤੇ ਇਨ੍ਹਾਂ ਦੋਹਾਂ ਨੂੰ ਲੋਟੂ ਟੋਲਿਆਂ ਨੇ ਅਪਹਰਣ ਕਰ ਲਿਆ ਹੈ। ਕੋਈ ਵੀ ਸਿਆਣਾ ਬੰਦਾ ਨਾਂ ਧਰਮ ਦੀ ਨਿਖੇਧੀ ਕਰਦਾ ਹੈ ਅਤੇ ਨਾਂ ਹੀ ਸਾਇੰਸ ਅਤੇ ਤਕਨੌਲੋਜੀ ਦੀ। ਨਿਖੇਧੀ ਓਹ ਕਰਦਾ ਹੈ ਇਨ੍ਹਾਂ ਤੇ ਕਾਬਜ਼ ਹੋਏ ਅਖੌਤੀ ਧਾਰਮਿਕ ਆਗੂਆਂ ਦੀ ਅਤੇ ਇਜ਼ਾਰੇ-ਦਾਰਾਂ ਦੀ। ਜਦ ਕੋਈ ਉਨ੍ਹਾਂ ਦੀ ਵਿਰੋਧਤਾ ਕਰਦਾ ਹੈ ਤਾਂ ਅਖੌਤੀ ਧਾਰਮਿਕ ਆਗੂ ਉਸ ਨੂੰ ਧਰਮ ਜਾਂ ਕਿਸੇ ਸਤਿਕਾਰਤ ਮਹਾਂਪੁਰਖ ਦਾ ਵਿਰੋਧੀ ਗਰਦਾਨ ਦਿੰਦੇ ਹਨ ਅਤੇ ਸੱਚ ਬੋਲਣ ਵਾਲ਼ੇ ਦਾ ਜਿਉਣਾ ਔਖਾ ਕਰ ਦਿੰਦੇ ਹਨ। ਇਸ ਤਰ੍ਹਾਂ ਦਾ ਹੀ ਵਰਤਾਰਾ ਅੱਜ ਸਾਇੰਸ ਅਤੇ ਤਕਨੌਲੋਜੀ ਦੇ ਖੇਤਰ 'ਚ ਵਰਤ ਰਿਹਾ ਹੈ। ਸਾਡੇ ਲਈ ਜ਼ਰੂਰੀ ਹੈ ਕਿ ਜਿਵੇਂ ਸਾਨੂੰ ਕਿਸੇ ਧਰਮ ਤੇ ਅੰਧ-ਵਿਸ਼ਵਾਸ਼ ਨਹੀਂ ਕਰਨਾ ਚਾਹੀਂਦਾ ਓਸੇ ਤਰ੍ਹਾਂ ਅੱਜ ਦੀ ਤਕਨੌਲੋਜੀ ਤੇ ਵੀ ਨਹੀਂ ਕਰਨਾ ਚਾਹੀਂਦਾ। ਇਸ ਸਮੱਸਿਆ ਬਾਰੇ ਸੰਖੇਪ ਵਿਚਾਰ ਕਰ ਕੇ ਅਸੀਂ ਆਪਣੇ ਯੁਗ ਦੀ ਮੁੱਖ ਵਿਸ਼ੇਸ਼ਤਾ ਦੇ ਸਾਡੇ ਤੇ ਪੈ ਰਹੇ ਪ੍ਰਭਾਵਾਂ ਬਾਰੇ ਜਾਣ ਸਕਦੇ ਹਾਂ। ਭਾਵੇਂ ਕਿ ਇਸ ਨਾਲ਼ ਅਸੀਂ ਇਨ੍ਹਾਂ ਦਾ ਹੱਲ ਨਹੀਂ ਲੱਭ ਸਕਦੇ ਪਰ ਇਸ ਬਾਰੇ ਜਾਗਰੂਕ ਹੋ ਕੇ ਅਸੀਂ ਉਨ੍ਹਾਂ ਸੁਹਿਰਦ ਸੁਧਾਰਕਾਂ, ਵਿਸਲ-ਬਲੋਅਰਾਂ ਅਤੇ ਰਾਜਨੀਤੀਵਾਨਾਂ ਦੇ ਹੱਥ ਮਜਬੂਤ ਕਰ ਸਕਦੇ ਹਾਂ ਜੋ ਇਨ੍ਹਾਂ ਇਜ਼ਾਰੇ-ਦਾਰਾਂ ਨਾਲ਼ ਆਢਾ ਲਾ ਰਹੇ ਹਨ। ਇਸ ਗਿਆਨ ਦਾ ਵਿਹਾਰਕ ਲਾਭ ਇਹ ਹੈ ਕਿ ਅਸੀਂ ਵਿਅਕਤੀਗਤ ਅਤੇ ਪਰਵਾਰਿਕ ਤੌਰ ਤੇ ਸੁਚੇਤ ਹੋ ਜਾਂਦੇ ਹਾਂ ਅਤੇ ਇਨ੍ਹਾਂ ਦੇ ਮੰਦੇ ਪ੍ਰਭਾਵਾਂ ਤੋਂ ਬਚਣ ਲਈ ਉਪਰਾਲੇ ਕਰਦੇ ਹਾਂ। ਪਰ ਜਿਵੇਂ ਪਹਿਲਾਂ ਵਿਚਾਰਿਆ ਹੈ,ਇਸ ਦੇ ਚੰਗੇ

ਪ੍ਰਭਾਵਾਂ ਨੂੰ ਕਬੂਲਣਾ ਅਤੇ ਮੰਦਿਆਂ ਤੋਂ ਬਚਣਾ ਸਿਆਣਪ ਹੈ, ਕਲਾ ਹੈ/ ਹੁਨਰ ਹੈ। ਇਹ ਵਿਅਕਤੀਗਤ ਫਰਜ਼ ਹੈ ਅਤੇ ਸੁਚੇਤ ਕੋਸ਼ਿਸ਼ਾਂ ਨਾਲ਼ ਪੂਰਾ ਹੋਣਾ ਹੈ। ਇਹ ਹਰ ਇੱਕ ਨੂੰ ਆਪਣੇ ਨਿਜੀ ਅਭਿਆਸ ਰਾਹੀਂ ਸਿੱਖਣੀਆਂ ਪੈਂਦੀਆਂ ਹਨ, ਨਿਜੀ ਤੌਰ ਤੇ ਗ੍ਰਹਿਣ ਕਰਨੀਆਂ ਪੈਂਦੀ ਹਨ। ਇਹ ਨਾਂ ਕਿਸੇ ਹੋਰ ਤੋਂ ਲਈਆਂ ਜਾਂ ਖਰੀਦੀਆਂ ਜਾ ਸਕਦੀਆਂ ਅਤੇ ਨਾਂ ਹੀ ਇਨ੍ਹਾਂ ਦੀ ਆਊਟ-ਸੋਰਸਿੰਗ ਹੋ ਸਕਦੀ ਹੈ। ਇਸੇ ਤਰ੍ਹਾਂ ਕੋਈ ਬਾਹਰਲੀ ਤਕਨੌਲੋਜੀ ਵੀ ਸਾਡੀ ਮਦਦ-ਗਾਰ ਨਹੀਂ ਹੋ ਸਕਦੀ। ਪੜ੍ਹਨਾ, ਸੁਣਨਾ ਆਦਿ ਇਸ ਤਰ੍ਹਾਂ ਦੀ ਸਿਆਣਪ ਗ੍ਰਹਿਣ ਕਰਨ ਜਾਂ ਕਲਾ 'ਚ ਨਿਪੁੰਨ ਹੋਣ ਲਈ ਮਦਦ-ਗਾਰ ਅਤੇ ਜ਼ਰੂਰੀ ਤਾਂ ਹਨ ਪਰ ਇਨ੍ਹਾਂ ਨਾਲ਼ ਸਰਦਾ ਨਹੀਂ। ਸਾਈਕਲ ਚਲਾਉਣਾ, ਤਰਨਾ, ਸਰੀਰਕ ਕਸਰਤ ਅਤੇ ਦੁਨਿਆਵੀ ਵਿੱਦਿਆ ਇਸ ਦੀਆਂ ਸਰਲ ਉਦਾਹਰਣਾਂ ਹਨ। ਆਪਾ-ਸੁਧਾਰ, ਆਤਮ-ਵਿਕਾਸ, ਆਪਾ-ਪਛਾਣ ਅਤੇ ਸਹੀ ਪਰਮਾਰਥ ਦੀ ਕਮਾਈ ਵੱਡੀਆਂ ਹਨ। ਇਹ ਵਿਅਕਤੀਗਤ ਜਾਂ ਖ਼ੁਦੀ ਦਾ ਖੇਤਰ ਹੈ ਅਤੇ ਬਹੁਤ ਵਿਸ਼ਾਲ ਹੈ। ਸੰਸਾਰ ਦੇ ਮੋਢੀ ਮਹਾਂਪੁਰਖਾਂ ਦੀਆਂ ਸਮੁੱਸਚੀਆਂ ਸਿਆਣਪਾਂ ਹੀ ਇਨ੍ਹਾਂ ਦਾ ਇੱਕ ਸ੍ਰੋਤ ਹੈ। ਇਸ ਲਈ ਮਿਹਨਤ ਕਰ ਕੇ ਇਹ ਕਰਨਾ ਜ਼ਰੂਰੀ ਹੈ ਤਾਂ ਕਿ ਅਸੀਂ ਅੱਜ ਦੀ ਬੇ-ਲਗਾਮ ਤਕਨੌਲੋਜੀ ਦੇ ਭਰਮਾਊ, ਉਕਸਾਊ, ਭੜਕਾਊ ਅਤੇ ਭਟਕਾਊ ਮਕੜ-ਜਾਲ਼ਾਂ ਤੋਂ ਬਚ ਸਕੀਏ।



ਇੰਜ ਈਸ਼ਰ ਸਿੰਘ ਪੰਜਾਬ ਰਾਜ ਬਿਜਲੀ ਬੋਰਡ 'ਚੋਂ ਚੀਫ਼ ਇੰਜੀਨੀਅਰ ਦੇ ਅਹੁਦੇ ਤੋਂ ਰਿਟਾਇਅਰ ਹੋਏ ਹਨ। ਆਪ ਬਿਜਲੀ ਮਹਿਕਮੇ ਦੇ ਦੋ ਅਹਿਮ ਖੇਤਰਾਂ, ਓਪਰੇਸ਼ਨ ਅਤੇ ਵਿਜੀਲੈਂਸ ਦੇ ਵਿਸ਼ੇਸ਼ਗ ਸਮਝੇ ਜਾਂਦੇ ਸਨ। ਸਰਵਿਸ ਦੌਰਾਨ ਆਪ ਨੂੰ ਯੂ ਐੱਨ ਓ ਦੀ ਇੱਕ ਖਾਸ ਸਕੀਮ ਅਧੀਨ 'ਹਾਇਰ ਮੈਨੇਜਮੈਂਟ ਕਨਸਲਟੈਂਸੀ' ਦੀ ਟ੍ਰੈਨਿੰਗ ਕਰਨ ਦਾ ਮੌਕਾ ਮਿਲਿਆ ਜਿਸ ਦੇ ਆਧਾਰ ਤੇ ਆਪ ਨੇ ਮਹਿਕਮੇ 'ਚ ਇੱਕ ਪੁਰਾਣੀ ਗੁੰਝਲ਼ਦਾਰ ਤਕਨੀਕੀ ਸਮੱਸਿਆ ਦਾ ਹੱਲ ਕੀਤਾ ਜਿਸ ਨੂੰ ਭਾਰਤ ਦੇ ਕਈ ਹੋਰ ਬਿਜਲੀ ਬੋਰਡਾਂ 'ਚ ਵੀ ਸਲਾਹਿਆ ਗਿਆ। ਓਦੋਂ ਤੋਂ ਹੀ ਮੈਨੇਜਮੈਂਟ ਅਤੇ ਬਿਜਲੀ ਖੇਤਰਾਂ 'ਚ ਯੂ ਐੱਨ ਓ ਨਾਲ਼ ਜੁੜੇ ਹਨ। ਅੱਜ ਕਲ੍ਹ ਵਿਗਿਆਨਕ ਕਿਸਮ ਦੇ ਲੇਖਾਂ ਰਾਹੀਂ ਪੰਜਾਬੀ ਬੋਲੀ ਦੀ ਸੇਵਾ ਕਰ ਰਹੇ ਹਨ। ਇਸ ਦੇ ਨਾਲ਼ ਹੀ 21 ਕਿਲੋਮੀਟਰ ਦੇ ਵਾਕਿੰਗ ਸਮਾਗਮਾਂ 'ਚ ਹਿੱਸਾ ਲੈਂਦੇ ਹਨ। ਇਸ 15 ਅਪ੍ਰੈਲ ਨੂੰ ਸੀ ਐੱਨ ਟਾਵਰ ਦੀਆਂ 1,776 ਪੌੜੀਆਂ ਚੜ੍ਹਨ ਦੇ ਮੁਕਾਬਲੇ 'ਚ ਆਪਣੇ ਏਜ-ਗਰੁੱਪ 'ਚ ਪਹਿਲੇ ਨੰਬਰ ਤੇ ਰਹੇ ਹਨ।

## ਕੁਝ ਹਲਕਾ-ਫੁਲਕਾ - ਰੋਬੋਟਾਂ ਬਾਰੇ ਚੁਟਕਲੇ

ਰੋਬੋਟ ਗੁੱਸੇ ਕਿਓਂ ਹੋ ਗਿਆ?
ਕਿਉਂਕਿ ਕੋਈ ਉਸ ਦੇ ਬਟਨ ਦਬਾਈ ਜਾ ਰਿਹਾ ਸੀ।

ਤੁਸੀਂ ਜਾਣਦੇ ਹੋ ਕਿ ਰੋਬੋਟ ਗ਼ਲਤ ਰਸਤੇ ਕਿਓਂ ਜਾ ਰਿਹਾ ਸੀ?
ਕਿਉਂਕਿ ਉਸਦਾ ਪ੍ਰੋਗਰਾਮ ਠੀਕ ਨਹੀਂ ਸੀ।

ਕੀ ਤੁਸੀਂ ਜਾਣਦੇ ਹੋ ਕਿ ਏਆਈ ਨੇ ਹੁਣ ਤੱਕ ਸਾਰੀਆਂ ਲਿਖੀਆਂ ਕਹਾਣੀਆਂ ਨੂੰ ਜੋੜ ਕੇ ਇੱਕ ਮਹਾਂ ਨਾਵਲ ਬਣਾ ਦਿੱਤਾ।
ਹਾਂ, ਇਹ ਇੱਕ ਲੰਬੀ ਕਹਾਣੀ ਹੈ।

ਰੋਬੋਟ ਦੀ ਮਨਪਸੰਦ ਕਸਰਤ ਕਿਹੜੀ ਹੈ? ਸਰਕਿਟ ਟ੍ਰੇਨਿੰਗ (Circuit Training)



ਰੋਬੋਟ ਡਰਦੇ ਕਿਓਂ ਨਹੀਂ?
ਕਿਉਂਕਿ ਉਨ੍ਹਾਂ ਦਾ ਜਿਗਰਾ ਲੋਹੇ ਦਾ ਹੁੰਦਾ ਹੈ।

ਰੋਬੋਟ ਛੁੱਟੀ 'ਤੇ ਕਿਉਂ ਚਲਿਆ ਗਿਆ?
ਆਪਣੀ ਬੈਟਰੀ ਚਾਰਜ ਕਰਨ।



# ਆਕਾਸ਼ ਦੀ ਕੋਈ ਸੀਮਾ ਨਹੀਂ ਅਤੇ ਇੱਥੇ ਕੋਈ ਵਸਤੂ ਠਹਿਰ ਨਹੀਂ ਸਕਦੀ

## ਸੁਖਮੰਦਰ ਸਿੰਘ ਤੂਰ

ਸਾਡੀ ਪ੍ਰਿਥਵੀ ਉੱਪਰ 10 ਕਿਲੋਮੀਟਰ ਤੋਂ ਲੈ ਕੇ 40 ਕਿਲੋਮੀਟਰ ਤੱਕ ਓਜ਼ੋਨ ਪਰਤ ਫੈਲੀ ਹੋਈ ਹੈ। ਇਸ ਵਿੱਚ ਟੁੱਟ ਕੇ ਡਿੱਗਦੇ ਪੱਥਰ ਇਸਦੀ ਘਸੜ ਨਾਲ ਸੜ ਕੇ ਸੁਆਹ ਹੋ ਜਾਂਦੇ ਹਨ ਅਤੇ ਰਾਤ ਨੂੰ ਇਸ ਲਕੀਰ ਨੂੰ ਅਸੀਂ ਟੁੱਟਦੇ ਤਾਰੇ ਕਹਿੰਦੇ ਹਾਂ। ਓਜ਼ੋਨ ਪਰਤ ਨੂੰ ਲੰਘ ਕੇ ਜੇਕਰ ਅਸੀਂ ਉੱਪਰ ਚਲੇ ਜਾਈਏ ਤਾਂ ਸਾਨੂੰ ਹਰ ਸਮੇਂ ਸੂਰਜ ਅਤੇ ਤਾਰੇ ਚਮਕਦੇ ਨਜ਼ਰ ਆਉਣਗੇ। ਉੱਪਰ ਕੋਈ ਆਕਾਸ਼ ਨਹੀਂ ਸਿਰਫ ਸੱਖਣਾ ਪੁਲਾੜ ਹੈ। ਸੱਖਣੇ ਪੁਲਾੜ ਵਿਚ ਅਸੀਂ ਕਿਸੇ ਪਾਸੇ ਨੂੰ, ਭਾਵੇਂ ਕਿੰਨਾ ਚਿਰ, ਚਾਹੇ ਹਜ਼ਾਰਾਂ ਸਾਲ ਤੱਕ ਤੁਰਦੇ/ਉਡਦੇ ਰਹੀਏ ਇਹਦੇ ਕਿਸੇ ਸਿਰੇ ਨਹੀਂ ਪਹੁੰਚ ਸਕਦੇ। ਇਸਦੀ ਕੋਈ ਸੀਮਾ ਨਹੀਂ, ਭਾਵ ਕੋਈ ਛੱਤ ਨਹੀਂ ਹੈ । ਪੁਲਾੜ ਵਿਚ ਸਾਡੀ ਪ੍ਰਿਥਵੀ ਇਸ ਤਰ੍ਹਾਂ ਨਜ਼ਰ ਆਉਂਦੀ ਹੈ, ਜਿਵੇਂ ਅਨੰਤ ਮਹਾਸਾਗਰ ਵਿਚ ਤੁਰਦਾ - ਫਿਰਦਾ ਕੋਈ ਟਾਪੂ ਹੋਵੇ। ਚੰਦਰਮਾ/ਸੂਰਜ/ਗ੍ਰਹਿ ਆਦਿ ਵੀ ਇਸ ਪੁਲਾੜ ਦੇ ਅਨੰਤ ਸਾਗਰ ਵਿਚ ਫਿਰ ਰਹੇ ਟਾਪੂ ਹਨ। ਅਸੀਂ ਕਿਸੇ ਵੀ ਟਾਪੂ 'ਤੇ ਪਹੁੰਚ ਜਾਈਏ, ਉਨ੍ਹਾਂ ਸਭਨਾਂ 'ਤੇ ਕਾਲਾ ਸੱਖਣਾ ਪੁਲਾੜ ਹੈ, ਜੋ ਹਵਾ ਰਹਿਤ ਹੈ। ਸੱਖਣੇ ਪੁਲਾੜ ਵਿਚ ਹਵਾਈ ਜਹਾਜ਼ ਨਹੀਂ ਉੱਡ ਸਕਦੇ। ਪੁਲਾੜ ਵਿਚ "ਸਪੇਸ ਸੂਟ" ਪਾ ਕੇ ਹੀ ਉੱਡਿਆ ਜਾ ਸਕਦਾ ਹੈ। ਇਸ "ਸਪੇਸ ਸੂਟ" ਦੀ ਕੀਮਤ ਤਕਰੀਬਨ 150 ਮਿਲੀਅਨ ਅਮਰੀਕੀ ਡਾਲਰ ਹੈ। ਇਸ ਸੂਟ ਨੂੰ ਪਹਿਨਣ ਨਾਲ ਪੁਲਾੜ ਯਾਤਰੀਆਂ ਦੇ ਸਰੀਰ ਦਾ ਤਾਪਮਾਨ ਅਤੇ ਬਾਹਰਲੇ ਵਾਤਾਵਰਣ ਨਾਲ ਸਰੀਰ 'ਤੇ ਪੈਣ ਵਾਲਾ ਦਬਾਅ ਕੰਟਰੋਲ ਵਿਚ ਰਹਿੰਦਾ ਹੈ। ਸਾਡੀ ਆਕਾਸ਼ਗੰਗਾ ਅਰਬਾਂ - ਖਰਬਾਂ ਮੀਲ ਲੰਬੀ ਹੈ ਅਤੇ ਕਿਸੇ ਇਕ ਪਾਸੇ ਬਹੁਤ ਤੇਜ਼ ਗਤੀ ਨਾਲ ਦੌੜੀ ਜਾ ਰਹੀ ਹੈ। ਜਿਸ ਪ੍ਰਿਥਵੀ.'ਤੇ ਅਸੀਂ ਖਲੋਤੇ ਹਾਂ ਇਸ ਦਾ ਸੂਰਜ ਕਿਸੇ ਹੋਰ ਪਾਸੇ ਦੌੜਦਾ ਜਾ ਰਿਹਾ ਹੈ ਕਿਉਂਕਿ ਉਸ ਦਾ ਕੇਂਦਰ ਕੋਈ ਹੋਰ ਹੈ। ਜਿਸ ਨੂੰ ਅਸੀਂ ਮਿੰਟ/ਘੰਟੇ/ਮਹੀਨੇ/ਸਾਲ ਕਹਿੰਦੇ ਹਾਂ ਇਹ ਪ੍ਰਿਥਵੀ ਦੀ ਗਤੀ ਹਨ। ਪ੍ਰਿਥਵੀ ਤੋਂ ਬਿਨਾਂ ਸਮੇਂ ਦਾ ਕੋਈ ਅਰਥ ਨਹੀਂ ਰਹਿ ਜਾਂਦਾ। ਆਈਨਸਟਾਈਨ ਦੇ ਅਨੁਸਾਰ ਜੇਕਰ ਮਨੁੱਖ ਆਪਣੀ ਗਤੀ ਰੌਸ਼ਨੀ ਜਿੰਨੀ ਕਰ ਲਵੇ ਤਾਂ ਸਮਾਂ ਰੁਕ ਜਾਵੇਗਾ, ਭਾਵ ਉਹ ਅਨੰਤ ਗਤੀ ਵਿਚ ਲੀਨ ਹੋ ਜਾਵੇਗਾ। ਚੰਦਰਮਾ 'ਤੇ ਵੇਖਿਆਂ ਮੱਸਿਆ ਤੋਂ ਪੁੰਨਿਆ ਤੱਕ ਪ੍ਰਿਥਵੀ ਦੀਆਂ ਸਾਰੀਆਂ ਕਲਾਵਾਂ ਦਿਸਦੀਆਂ ਹਨ। ਜਦੋਂ ਸਾਨੂੰ ਪੂਰਨਮਾਸ਼ੀ ਦਿਸਦੀ ਉਦੋਂ ਚੰਨ 'ਤੇ ਧਰਤੀ ਮੱਸਿਆ ਵਾਂਗ ਹਨੇਰੀ ਜਾਪਦੀ ਹੈ। ਜਦੋਂ ਸਾਡੀ ਮੱਸਿਆ ਹੁੰਦੀ ਹੈ ਤਾਂ ਉਦੋਂ ਚੰਨ ਦੀ ਧਰਤੀ 'ਤੇ ਪੂਰਨਮਾਸ਼ੀ ਦੀ ਰਾਤ ਹੁੰਦੀ ਹੈ। ਧਰਤੀ ਦੁਆਰਾ ਚੰਨ 'ਤੇ ਸੁੱਟਿਆ ਗਿਆ ਪ੍ਰਕਾਸ਼ ਬਹੁਤ ਜ਼ਿਆਦਾ ਹੁੰਦਾ ਹੈ। ਚੰਨ ਤੋਂ ਪੂਰੇ ਚਾਨਣ ਵਾਲੀ ਧਰਤੀ ਨੀਲੇ ਆਕਾਸ਼ ਦੀ ਪਰਤ ਵਿਚ ਲਿਪਟੀ ਨਜ਼ਰ ਆਉਂਦੀ ਹੈ। ਇਸ ਵਿਚ ਚਿੱਟੇ ਤੇ ਕਾਲੇ ਬਦਲ ਉੱਡ ਰਹੇ, ਨੀਲਾ ਸਮੁੰਦਰ ਅਤੇ ਬਦਾਮੀ ਧਰਤੀ ਦਾ ਜਗਮਗਾਉਂਦਾ ਮਾਹੌਲ ਦਿਸਦਾ ਹੈ। ਚੰਨ 'ਤੇ ਜੇਕਰ ਧਰਤੀ ਨੂੰ ਵੇਖਿਆ ਜਾਵੇ ਤਾਂ ਉਹ ਚੰਨ ਨਾਲੋਂ 20 ਗੁਣਾਂ ਵਧੇਰੇ ਚਮਕਦੀ ਦਿਸਦੀ ਹੈ। ਚੰਨ ਦੀ ਇਕ ਰਾਤ ਸਾਡੀ ਪ੍ਰਿਥਵੀ ਦੇ ਤਕਰੀਬਨ 15 ਦਿਨਾਂ ਦੇ ਬਰਾਬਰ ਹੈ। ਧਰਤੀ ਦੇ ਦਿਨ-ਰਾਤ ਜਿਵੇਂ 24 ਘੰਟਿਆਂ ਦੇ ਹਨ। ਇਹ ਚੰਨ 'ਤੇ 29-1/2 ਦਿਨਾਂ ਦਾ ਦਿਨ-ਰਾਤ ਹੁੰਦਾ ਹੈ। ਚੰਨ ਦਾ ਇਕ ਪਾਸਾ ਧਰਤੀ ਵੱਲ ਝੁਕਿਆ ਹੋਇਆ ਹੈ। ਬਾਕੀ ਪੰਨਾ **41** 'ਤੇ ...



# ਲਾਈ ਲੱਗ ਮੋਮਿਨ ਦੇ ਕੋਲੋਂ ਖੋਜੀ ਕਾਫ਼ਰ ਚੰਗਾ

ਪੰਜਾਬੀ ਰੂਪ: ਕਾਮਰਾਨ ਕਾਮੀ

ਅਮਰੀਕਾ ਚ ਇੱਕ ਦਰਗਾਹ ਹੇ ਜਿਥੇ ਕੁਝ ਬਰਗੁਜ਼ੀਦਾ ਲੋਕ ਸਾਰਾ ਵਰ੍ਹਾ ਰੱਬ ਮੂਹਰੇ ਝੋਲ਼ੀ ਅੱਡ ਖਲੇ ਰਹਿੰਦੇ ਹਨ। ਦਿਨ ਭਰ ਰਾਤ, ਨਾ ਤੇ ਇਹ ਵੇਲੇ ਦੀ ਪਰਵਾਹ ਕਰਦੇ ਨਾ ਆਪਣੇ ਆਰਾਮ ਦੀ, ਹਰ ਵੇਲੇ ਆਪਣੇ ਰੱਬ ਕੋਲੋਂ ਇਲਮ ਦੇ ਤਲਬਗਾਰ ਰਹਿੰਦੇ। ਇਨ੍ਹਾਂ ਦੀ ਤਪੱਸਿਆ ਚ ਅਜਿਹੀ ਖਿੱਚ ਹੇ ਕਿ ਰੱਬ ਵੀ ਇਨ੍ਹਾਂ ਕੂੰ ਮਾਯੂਸ ਨਹੀਂ ਕਰਦਾ ਅਤੇ ਇਨ੍ਹਾਂ ਦੀ ਝੋਲ਼ੀ ਇਲਮ ਦੇ ਮੋਤੀਆਂ ਨਾਲ਼ ਭਰੀ ਰੱਖਦਾ ਏ। ਇਹ ਬਰਗੁਜ਼ੀਦਾ ਬੰਦੇ ਵੀ ਰੱਬ ਦੇ ਬਖ਼ਸ਼ੇ ਇਲਮ ਨੂੰ ਕਰਿੰਘੜੀ ਪਾਈ ਨਹੀਂ ਰੱਖਦੇ ਬਲਕਿ ਏਸ ਜਤਨ ਵਾਹ ਚ ਰਹਿੰਦੇ ਕਿ ਖ਼ਾਲਿਕ ਦੀ ਮਖ਼ਲੂਕ ਨਾਲ਼ ਇਹ ਇਲਮ ਵੰਡਿਆ ਜਾਵੇ, ਸੋ ਜਿਹਦੀ ਜਿੰਨੀ ਤੌਫ਼ੀਕ ਹੋਵੇ ਉਹੋ ਆਪਣੇ ਲੜ ਮੋਤੀ ਗੰਢ ਲੈਂਦੇ। ਇਹ ਦਰਗਾਹ ਹਿਊਸਟਨ ਚ ਹੈ ਅਤੇ ਏਸ ਦਾ ਨਾਂ 'ਨਾਸਾ' ਹੈ। ਇਥੇ ਜਿਹੜੇ ਕੰਮ ਕਰਦੇ ਹਨ ਉਨ੍ਹਾਂ ਨੂੰ ਰੱਬ ਨੇ ਇਤਨਾ ਇਲਮ ਬਖ਼ਸ਼ਿਆ ਏਸ ਦਾ ਗਵੇੜ ਇਉਂ ਲੱਗ ਸਕਦਾ ਹੈ ਕਿ 18 ਫ਼ਰਵਰੀ 2021 ਨੂੰ ਇਹਨਾਂ ਬਰਗੁਜ਼ੀਦਾ ਬੰਦਿਆਂ ਦਾ ਘੱਲਿਆ ਪੁਲਾੜ ਜੰਤਰ ਛੇ ਕਰੋੜ ਕਿਲੋਮੀਟਰ ਦਾ ਪੰਧ ਕੱਟ ਕੇ ਮਰੀਖ਼ (ਮੰਗਲ ਗ੍ਰਹਿ) ਦੀ ਧਰਤ ਲੇਹ ਗਿਆ। ਮਰੀਖ਼ ਤੇ ਜ਼ਮੀਨ ਵਿਚਾਲੇ ਪੰਧ ਚਾਲੀਹਾ ਕਰੋੜ ਕਿਲੋਮੀਟਰ ਤੀਕ ਮੰਨਿਆ ਹੈ ਹਾਲਾਂ ਕਿ ਨੇੜੇ ਤੇੜੇ ਇਨ੍ਹਾਂ ਦੋਵਾਂ ਦੀ ਆਪਸੀ ਵਿੱਥ ਤਕਰੀਬਨ ਬਾਈ ਕਰੋੜ ਕਿਲੋਮੀਟਰ ਹੈ। ਇਹ ਉਸ ਪੁਲਾੜ ਵਿਗਿਆਨ ਦੀ ਸੌਖੀ ਮਿਸਲ ਹੈ ਜਿਹਦੇ ਵਿਚ ਦੂਏ ਸਿਆਰਿਆਂ ਦੇ ਵਿਚਾਲੇ ਪੰਧ ਮਾਪਣਾ ਵੀ ਹਿਕ ਪੇਚਦਾਰ ਆਹਰ ਹੈ। ਇਲਮ ਦੀ ਐਸੀ ਟਾਬਰੀ 'ਚ ਸਟੀਫ਼ਨ ਹਾਕਿੰਗ ਨਾਉਂ ਦਾ ਸਿਆਣਾ ਵੱਡ ਵਡੀਰ ਬਜ਼ੁਰਗ ਹੋਇਆ, ਏਸ ਆਪਣੀ ਕਿਤਾਬ ਵਿਚ ਭਵਿੱਖਬਾਣੀ ਕੀਤੀ ਕਿ 2070 ਤੀਕ ਮਨੁੱਖ ਜਾਤੀ ਮਰੀਖ਼ 'ਤੇ ਸਰਪਰ ਲੇਹ ਜਾਸੀ। ਨਾਸਾ ਦਾ ਪੁਲਾੜ ਜੰਤਰ ਤਾਂ ਮਰੀਖ਼ ਲੇਹ ਗਿਆ ਹੈ, ਵੇਖਣਾ ਇਹ ਕਿ ਅਗਾਮੀ ਪੰਜਾਹ ਵਰ੍ਹਿਆਂ ਏਸ ਸਿਆਣੇ ਦੀ ਗੱਲ ਦਾ ਮੁੱਲ ਕੀ ਪੈਂਦਾ!

ਕੁਦਰਤ ਦਾ ਹਿਕ ਅਜਿਹਾ ਬੰਦਾ ਆਸਟ੍ਰੇਲੀਆ ਵਿਖੇ ਦਾ ਵਸਨੀਕ ਹੈ, ਇਹ ਦਿਨ ਭਰ ਰਾਤ ਆਪਣੇ ਘਰੋਂ ਦੂਰਬੀਨ ਲਾਈ ਅਸਮਾਨੀ ਵਿਹੜ੍ਹੇ ਨੂੰ ਟਿਕਟਿਕੀ ਲਾਈ ਬੈਠਾ ਰਹਿੰਦਾ, ਏਸ ਦਾ ਕੰਮ ਕਾਰ ਅਸਮਾਨੀ ਵਿਹੜ੍ਹੇ ਆਪਣੇ ਰੱਬ ਦੇ ਕ੍ਰਿਸ਼ਮੇ ਭਾਲ਼ਨਾ ਹੈ। ਏਸ ਬਜ਼ੁਰਗਵਾਰ ਦਾ ਨਾਮ ਮੌਲਾਨਾ ਰਾਬਰਟ ਈਵਾਨਜ਼ ਹੈ। ਇਹ ਹਜ਼ਰਤ ਪੁਲਾੜ ਵਿਚ 'ਸੁਪਰ ਨੋਵਾ' ਜਾਣੇ ਤਾਰਾ ਬੱਦਲ਼ ਤਲਾਸ਼ਦਾ ਹੈ। ਸੁਪਰ ਨੋਵਾ ਉਸ ਤਾਰੇ ਨੂੰ ਆਖਦੇ ਨੇ ਜਿਹਦੇ ਵਿਚਾਲੇ ਕੜਾਕੇਦਾਰ ਧਮਾਕੇ ਵਜਹੋਂ ਅਸੀਮ ਊਰਜਾ ਛੁੱਟਦੀ, ਏਨੀ ਵਾਧੂ ਕਿ ਖਰਬਾਂ ਸੂਰਜ ਰਲ਼ ਮਿਲ ਕੇ ਵੀ ਓਨੀ ਊਰਜਾ ਪੈਦਾ ਨਹੀਂ ਕਰ ਸਕਦੇ। ਏਸ ਹੋਣੀ ਦੌਰਾਨ ਤਾਰਾ ਬੱਦਲ਼ ਆਪਣੇ ਤਾਰਾ ਝੁਰਮਟ ਦੇ ਰਹਿੰਦੇ ਤਾਰਿਆਂ ਵਾਕਣ ਬਹੁਤਾ ਚਮਕਦਾਰ ਰਹਿੰਦਾ ਹੈ ਤੇ ਓੜਕ 'ਮੁੱਕ' ਜਾਂਦਾ। ਅਜਿਹਾ ਤਾਰਾ ਬੱਦਲ਼ (ਸੁਪਰ ਨੋਵਾ) ਜੇ ਧਰਤੀ ਤੋਂ ਪੰਜ ਸੌ ਨੂਰੀ ਵਰ੍ਹੇ ਦੇ ਰਾਹ ਉੱਤੇ ਬੁੜ੍ਹਕ ਪੋਏ ਤੇ ਭੋਏਂ ਵਸਦੀ ਹਰ ਜ਼ੀ ਰੂਹ ਫ਼ਨਾ ਹੋ

ਜਾਸੀ ਪਰ ਅਸਾਡੇ ਧੰਨ ਭਾਗ ਏਸ ਕਿਸਮ ਦਾ ਜਿਹੜਾ ਵੀ ਤਾਰਾ ਸਭ ਤੋਂ ਨੇੜੇ ਹੈ ਉਹ ਪੰਜਾਹ ਹਜ਼ਾਰ ਨੂਰੀ ਵਰ੍ਹੇ ਦੇ ਰਾਹ ਟਿਮਟਮਾਉਂਦਾ। ਇੱਕ ਤਾਰਾ ਝੁਰਮਟ (ਕਹਿਕਸ਼ਾਂ) ਵਿਚਾਲੇ ਇਹ ਹੋਣੀ ਤਕਰੀਬਨ ਦੋ ਤਿੰਨ ਸੌ ਵਰ੍ਹਿਆਂ 'ਚ ਇੱਕ ਗੇੜੇ ਹੁੰਦੀ ਹੈ। ਮੌਲਾਨਾ ਈਵਾਨਜ਼ ਦੀ ਦੂਰਬੀਨ ਪੰਜਾਹ ਹਜ਼ਾਰ ਤੋਂ ਇੱਕ ਲੱਖ ਤਾਰਾ ਝੁੱਰਮਟਾਂ ਨੂੰ ਨੰਗੀ ਅੱਖ ਨਾਲ਼ ਨਿਹਾਰਦੀ, 2003 ਤੂੰ ਉਨ੍ਹਾਂ ਆਪਣੇ ਰੱਬ ਦਾ ਇਹ ਕ੍ਰਿਸ਼ਮਾ ਛੱਤੀ ਵਾਰ ਵੇਖਿਆ। ਕਦੀ ਕਦਾਈਂ ਤਾਂ ਤ੍ਰੈ ਵਰ੍ਹਿਆਂ ਵਿਚ ਕੋਈ ਤਾਰਾ ਬੱਦਲ਼ (ਸੁਪਰ ਨੋਵਾ) ਨਹੀਂ ਦੱਸਿਆ ਤੇ ਕਦੀ ਦੋ ਅਠਵਾਰਿਆਂ ਚ ਤ੍ਰੈ ਵਾਰੀ ਪ੍ਰਕਾਸ਼ ਹੋਇਆ। ਰੱਬ ਦੀਆਂ ਰੱਬ ਹੀ ਜਾਣੇ!

ਇੱਕ ਦਿਲ ਦੀਆਂ ਬੁਝਣ ਵਾਲੇ ਬਜ਼ੁਰਗ ਯੂਕਰੇਨ ਵੀ ਰਹਿੰਦੇ ਸਨ, ਨਾਉਂ ਸੀ ਜਾਰਜ ਗਾਮੋ। ਇੱਕ ਵਾਰ ਆਪ ਸਰਕਾਰ ਮਰਾਕਬੇ ਵਿਚ ਸਨ ਕਿ ਇਹ ਭੇਤ ਇਲਹਾਮ ਹੋਇਆ ਕਿ ਜੇ ਇਹ ਕਾਇਨਾਤ ਵੱਡੇ ਧਮਾਕੇ (ਬਿੱਗ ਬੈਂਗ) ਦੇ ਨਤੀਜੇ ਪ੍ਰਗਟਾਈ ਹੈ ਤੇ ਉਸ 'ਵਕੂਏ' ਦੀਆਂ ਬਚੀਆਂ ਖੁੱਚੀਆਂ ਰੇਡੀਆਈ ਲਹਿਰਾਂ ਅੱਜ ਵੀ ਕਾਇਨਾਤ ਚ ਹਾਜ਼ਰ ਨਾਜ਼ਰ ਹੋਸਨ ਚੂੰ ਕਿ ਇਹ ਕਾਇਨਾਤ ਹੱਦੋਂ ਬਾਹਰੀ ਵਿਡ ਆਕਾਰ ਰੱਖਦੀ ਤੇ ਧਰਤੀ ਤੀਕ ਅਪੜਦੇ ਅਪੜਦੇ ਉਹ ਲਹਿਰਾਂ ਹੁਣ ਤੀਕ ਬਿੰਦੂ ਲਹਿਰਾਂ (ਮਾਈਕਰੋਵੇਵ) ਦੀ ਸ਼ਕਲ ਲੈ ਚੁੱਕੀਆਂ ਹੋਸਨ। ਇਨ੍ਹਾਂ ਲਹਿਰਾਂ ਨੂੰ ਫੜਨ ਲਈ ਸਾਈਂ ਗਾਮੋ ਨੇ ਟਾਂਗਰੇ (ਅਨਟੀਨਾ) ਵਾਕਣ ਇੱਕ ਸੰਦ ਦੀ ਧਾਰਨਾ ਦਿੱਤੀ ਜਿਹਦਾ ਕੰਮ ਇਨ੍ਹਾਂ ਬਿੰਦੂ ਲਹਿਰਾਂ (ਮਾਈਕਰੋ ਵੇਵਜ਼) ਨੂੰ ਅੰਦਰਾਜਨਾ ਸੀ। ਹੁਨ ਇੱਕ ਕੌਤਕ ਵੇਖੋ। 1964 ਚ ਦੋ ਅਮਰੀਕੀ ਦਰਵੇਸ਼ਾਂ, ਜਿਹੜੇ ਕਿਤੇ ਵਜਹੋਂ ਵਿਗਿਆਨੀ ਸਨ, ਨਿਊਜਰਸੀ ਲਾਗੇ ਇੱਕ ਬਹੁੰ ਵੱਡਾ ਟਾਂਗਰਾ (ਐਂਟੀਨਾ) ਜੋੜਿਆ ਜਿਹੜਾ ਸੰਚਾਰ ਸਾਧਨ (ਮਵਾਸਲਾਤੀ) ਟੀਚੇ ਲਈ ਉਚੇਚ ਸੀ। ਏਸ ਟਾਂਗਰੇ (ਅਨਟੀਨਾ) ਨੇ ਉਪਰੋਥਲੀ ਇੱਕ ਵਾਜ ਇੰਦਰਾਜੀ ਜਿਹੜੀ ਇਹ ਖ਼ੁਦਾ ਦੇ ਬੰਦੇ ਨਾ ਸੰਜਾਪੇ, ਉਨ੍ਹਾਂ ਟਾਂਗਰੇ (ਅਨਟੀਨਾ) ਦੀ ਹਰ ਤਰ੍ਹਾਂ ਦੀ ਜਾਂਚ ਪੜਤਾਲੀ ਪਰ ਵਾਜ ਕੂਕਨੋਂ ਨਾ ਹੱਟੀ। ਅਲੋਕਾਰ ਵਾਪਰੀ ਇਹ ਕਿ ਉਨ੍ਹਾਂ ਤੋਂ ਛੜਾ ਪੰਜਾਹ ਕਿਲੋਮੀਟਰ ਦੇ ਰਾਹ ਉੱਤੇ 'ਸਾਈਂ ਬਾਬੀਆਂ' ਦੀ ਇੱਕ ਵੱਖਰੀ ਢਾਣੀ ਇਸ ਵਾਜ ਦਾ ਅੰਦਰਾਜ ਕਰਨ ਦਾ ਉਪਰਾਲਾ ਕਰ ਰਹੀ ਸੀ ਜਿਹਦੇ ਤੋਂ ਨਿਊਜਰਸੀ ਦੇ ਦਰਵੇਸ਼ ਪਿੱਛਾ ਛੜਵਾਨਾ ਲੋਚਦੇ ਸਨ। ਇਹ ਕਾਇਨਾਤ ਦੇ ਸ਼ੁਰੂ ਹੋਣ ਦੀ ਵਾਜ ਸੀ, ਇਹ ਉਹ ਕਦੀਮ ਤਰੀਂ ਪ੍ਰਕਾਸ਼ ਰਿਸ਼ਮ ਸੀ ਜਿਹੜੀ ਹੁਣ ਬਿੰਦੂ ਲਹਿਰਾਂ (ਮਾਈਕਰੋਵੇਵ) ਦੀ ਸ਼ਕਲ ਚ ਘੜ ਕੇ ਉਨ੍ਹਾਂ ਤੀਕ ਅਪੜੀ ਸੀ, ਇਨ੍ਹਾਂ ਦਰਵੇਸ਼ਾਂ ਨੂੰ ਭੋਰਾ ਸਾਰ ਨਾ ਹੋਈ ਕਿ ਰੱਬ ਨੇ ਉਨ੍ਹਾਂ ਨੂੰ ਕੀ ਨਵਾਜ਼ ਦਿੱਤਾ, ਉਹ ਨੱਬੇ ਅਰਬ ਖਰਬ ਮੇਲ਼ ਪੂਰੇ ਕਾਇਨਾਤ ਦੀਆਂ ਖੂੰਦਰਾਂ ਤੋਂ ਸ਼ੁਰੂਆਤੀ ਤੇ ਮੁਢ ਕਦੀਮੀ ਫ਼ੋਟੋਨ ਰਿਕਾਰਡ ਕਰਦੇ ਸਨ!!! ਅਗੇਰੇ ਅਲੌਕਿਕ ਗੱਲ ਇਹ ਕਿ ਇਨ੍ਹਾਂ ਦਰਵੇਸ਼ਾਂ ਤੇ ਸਾਈਂ ਬਾਬੀਆਂ ਦੀ ਢਾਣੀ ਨੂੰ ਸੁਰਤ ਸਾਰ ਹੀ ਨਹੀਂ ਸਾਸੁ ਕਿ ਰੂਸ ਦਾ ਇੱਕ ਦਰਵੇਸ਼ 1940 ਚ ਇਹ ਭਵਿੱਖਬਾਣੀ ਕਰ ਬੈਠਿਆ ਸੀ ਕਿ ਕਾਇਨਾਤ ਦੀ ਆਰੰਭ ਸ਼ੁਰੂਆਤੀ ਵਾਜ ਅਜੇ ਵੀ ਆਲਮ ਹਕੀਕੀ ਵਿਚ ਹਾਜ਼ਰ ਨਾਜ਼ਰ ਹੈ। 1978 ਚ ਨਿਊਜਰਸੀ ਦੇ ਦਰਵੇਸ਼ਾਂ ਨੂੰ ਏਸ ਸੂਰਮਗਤੀ, ਜਿਹਦੇ ਵਿਚ ਉਨ੍ਹਾਂ ਦਾ ਨਾ ਤਾਂ ਕੋਈ ਕਮਾਲ ਤੇ ਨਾ ਕੋਈ ਬੋਧ ਸੀ ਕਿ ਉਹ ਕੀ ਅੰਦਰਾਜ ਕਰ ਰਹੇ ਨੇਂ, ਫ਼ਿਜ਼ਿਕਸ (ਭੌਤਿਕ ਵਿਗਿਆਨ) ਦਾ ਨੋਬਲ ਪੁਰਸਕਾਰਿਆ।

**ਹਵਾਲਾ**: ਬਿਲ ਬਰਾਇਸਨ 'ਦੀ ਕਿਤਾਬ A Short History Of Nearly Everything ਵਿੱਚੋਂ

ਕਾਮਰਾਨ ਕਾਮੀ ਲਾਹੌਰ ਤੋਂ ਹੈ ਤੇ ਪਿਛਲੇ 23 ਸਾਲਾਂ ਤੋਂ ਪੰਜਾਬੀ ਦਾ ਪ੍ਰਚਾਰ-ਪ੍ਰਸਾਰ ਕਰ ਰਿਹਾ ਹੈ। ਉਸ ਨੇ ਪੰਜਾਬੀ ਅਤੇ ਵਪਾਰ ਪ੍ਰਸ਼ਾਸਨ ਵਿੱਚ ਮਾਸਟਰ ਡਿਗਰੀ ਪ੍ਰਾਪਤ ਕੀਤੀ ਹੋਈ ਹੈ। ਲਿਖਣ, ਅਨੁਵਾਦ, ਲਿਪੀਅੰਤਰ ਕਾਰਜਾਂ ਦੇ ਨਾਲ਼-ਨਾਲ਼, ਉਹ ਘਰ-ਘਰ ਮਿਸ਼ਨ ਦੇ ਤਹਿਤ ਹੀਰ ਵਾਰਿਸ ਸ਼ਾਹ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਵਿਗਿਆਨਕ ਵਿਆਖਿਆਵਾਂ ਦਾ ਆਯੋਜਨ ਵੀ ਕਰਦਾ ਹਾਂ। ਉਸ ਨੇ ਮਸ਼ਹੂਰ ਲੇਖਕਾਂ, ਖਾਸ ਕਰਕੇ ਪੂਰਬੀ ਪੰਜਾਬ ਦੇ ਲੇਖਕਾਂ ਦੇ ਕੰਮ ਦਾ ਅਨੁਵਾਦ ਤੇ ਲਿਪੀਅੰਤਰ ਕੀਤਾ ਹੈ।



**ਗਿਆਨ ਦਾ ਡਰ ਕੁਦਰਤੀ ਹੈ; ਅਸੀਂ ਸਾਰੇ ਇਸਦਾ ਅਨੁਭਵ ਕਰਦੇ ਹਾਂ, ਅਤੇ ਅਸੀਂ ਇਸ ਬਾਰੇ ਕੁਝ ਨਹੀਂ ਕਰ ਸਕਦੇ। ਪਰ ਸਿੱਖਣਾ ਕਿੰਨਾ ਵੀ ਡਰਾਉਣਾ ਕਿਉਂ ਨਾ ਹੋਵੇ, ਗਿਆਨ ਤੋਂ ਸੱਖਣੇ ਆਦਮੀ ਬਾਰੇ ਸੋਚਣਾ ਹੋਰ ਵੀ ਭਿਆਨਕ ਹੈ। - ਡੌਨ ਹੁਆਨ ਮੇਟਸ, ਇਕਸਟਲਾਨ ਦੀ ਯਾਤਰਾ ਵਿੱਚ ਇੱਕ ਪਾਤਰ - ਲੇਖਕ ਕਾਰਲੋਸ ਕਾਸਟੇਨੇਡਾ**




**(1)**

"ਭਾਰਤ ਦੁਆਰਾ ਛੱਡਿਆ ਗਿਆ ਉਪਗ੍ਰਹਿ ਚੰਦਰਯਾਨ-ਤਿਸ਼ਕਿਨ ਚੰਦਰਮਾ ਦੀ ਸਤ੍ਹਾ 'ਤੇ ਕਾਮਯਾਬੀ ਨਾਲ ਉੱਤਰ ਗਿਆ। ਇਸ ਵਿੱਚ ਸਵਾਰ ਤਿਸ਼ ਅਤੇ ਕਿਨ ਨਾਂ ਦੇ ਦੋ ਕਲੋਨ ਵਿਗਿਆਨੀਆਂ ਨੇ ਖੋਜ ਕਾਰਜ ਸ਼ੁਰੂ ਕਰ ਦਿੱਤੇ ਹਨ।......" ਇਸ ਖ਼ਬਰ ਨੇ ਪੂਰੀ ਦੁਨੀਆਂ ਵਿੱਚ ਤਹਿਲਕਾ ਮਚਾ ਦਿੱਤਾ। ਸਾਰੇ ਦੇਸ਼ਾਂ ਦੇ ਵਿਗਿਆਨੀ ਇਸ ਖ਼ਬਰ ਨੂੰ ਮੂੰਹ ਵਿੱਚ ਉਂਗਲਾਂ ਪਾਈ ਵੇਖ ਸੁਣ ਰਹੇ ਸਨ।

ਬਰਤਾਨੀਆਂ ਦੇ ਵਿਗਿਆਨੀਆਂ ਨੇ ਆਪਣੇ ਖੋਜ ਕੇਂਦਰ ਵਿੱਚ ਬੈਠ ਟਿੱਪਣੀ ਕੀਤੀ, "ਇਹ ਐਵੇਂ ਹੀ ਫਰਾਟਾ ਛੱਡਿਆ ਲਗਦਾ, ਇਹ ਕਿਵੇਂ ਹੋ ਸਕਦਾ?"

"ਕਿਉਂ ਨਹੀਂ ਹੋ ਸਕਦਾ?" ਇੱਕ ਜਣੇ ਦੀ ਪੁੱਛ ਸੀ।

"ਖੋਜ ਬਾਰੇ ਪਹਿਲਾਂ ਤੇ ਕਦੇ ਚਰਚਾ ਨਹੀਂ ਹੋਈ?....ਉੱਪ-ਗ੍ਰਹਿ ਵਿੱਚ ਦੋ ਕਲੋਨ ਭੇਜੇ......ਗੱਲ ਮੰਨਣ ਵਿੱਚ ਨਹੀਂ ਆਉਂਦੀ......" ਪੂਰੇ ਯੂਰਪ ਦੇ ਵਿਗਿਆਨੀ ਇਸ ਅਚੰਭੇ ਭਰੀ ਖੋਜ ਵਿੱਚ ਉਲਝੇ ਹੋਏ ਸਨ। ਉਧਰ ਆਸਟ੍ਰੇਲੀਆ ਤੇ ਨਿਊਜ਼ੀਲੈਂਡ ਦੇ ਵਿਗਿਆਨੀਆਂ ਨੂੰ ਸੱਚ ਨਹੀਂ ਸੀ ਆਉਂਦਾ। ਅਮਰੀਕਾ ਤੇ ਰੂਸ ਦੇ ਵਿਗਿਆਨੀਆਂ ਨੂੰ ਤਾਂ ਸੱਤੀਂ ਕਪੜੀਂ ਅੱਗ ਲਗ ਗਈ ਸੀ।

"ਮਨੁੱਖੀ ਕਲੋਨ ਬਣਾਉਣ ਤੇ ਤਾਂ ਮਨਾਹੀ ਹੈ, ਫਿਰ ਭਾਰਤ ਨੇ ਇਹ ਜੁਰੱਅਤ ਕਿਉਂ ਤੇ ਕਿਵੇਂ ਕੀਤੀ?" ਚੁਫ਼ੇਰੇ ਭਾਂਤ ਭਾਂਤ ਦੀ ਚਰਚਾ ਸੀ। ਇੱਧਰ ਭਾਰਤੀ ਪੁਲਾੜ ਖੋਜ ਕੇਂਦਰ ਵਿੱਚ ਪੁਲਾੜ ਖੋਜ ਵਿਭਾਗ ਦੇ ਮੰਤਰੀ, ਪੁਲਾੜ ਖੋਜ ਕੇਂਦਰ ਦੇ ਮੁੱਖੀ ਪ੍ਰੋਫ਼ੈਸਰ ਚੈਟਰਜੀ ਨੂੰ ਵਧਾਈ ਦੇ ਰਹੇ ਸਨ ਤੇ ਖੋਜ ਕਾਰਜਾਂ ਵਿੱਚ ਨਵੇਂ ਦਿਸਹੱਦੇ ਪਾਰ ਕਰਨ ਤੇ ਸ਼ਾਬਾਸ਼ ਦੇ ਰਹੇ ਸਨ। ਪ੍ਰੋ: ਚੈਟਰਜੀ ਨੇ ਮੰਤਰੀ ਦਾ ਧੰਨਵਾਦ ਕੀਤਾ ਅਤੇ ਇਸ ਅਨੋਖੇ ਕਾਰਜ ਦੀ ਸੰਪੂਰਨਤਾ ਤੇ ਡੂੰਘਾ ਸਾਹ ਭਰਿਆ। ਜਿੰਵੇਂ ਕਿੰਨ੍ਹੀ ਦੇਰ ਸਾਹ ਰੋਕੀ ਰੱਖਣ ਕਰਕੇ ਫੇਫੜੇ ਸੁੰਘੜ ਗਏ ਹੋਣ ਅਤੇ ਹੁਣ ਉਹਨਾਂ ਵਿੱਚ ਤਾਜ਼ੀ ਹਵਾ ਭਰਨ ਦੀ ਡਾਹਢੀ ਲੋੜ ਭਾਸੀ ਹੋਵੇ। ਉਹਨਾਂ ਆਪਣਾ ਸਿਰ ਕੁਰਸੀ 'ਤੇ ਟਿਕਾ ਲਿਆ। ਅੱਖਾਂ ਨੂੰ ਕੁੱਝ ਦੇਰ ਲਈ ਬੰਦ ਕੀਤਾ, ਉਂਗਲੀਆਂ ਦੇ ਸਿਰਿਆਂ ਨਾਲ ਸਹਿਲਾਇਆ ਤੇ ਕਿਸੇ ਡੂੰਘੀ ਸੋਚ ਵਿੱਚ ਡੁੱਬ ਗਏ।

ਉਫ਼! ਕਿੰਨੀ ਹਿਰਦੇਵੇਦਕ ਸੀ ਦੁਰਘਟਨਾ ਜੋ ਦੋ ਕੁ ਦਹਾਕੇ ਪਹਿਲਾਂ ਵਾਪਰੀ ਸੀ। ਉਦੋਂ ਮੈਂ ਇਸ ਵਿਭਾਗ ਵਿੱਚ ਸਹਾਇਕ ਵਜੋਂ ਕੰਮ ਕਰਦਾ ਸੀ। ਪੁਲਾੜ ਖੋਜ ਕੇਂਦਰ ਵਲੋਂ ਚੰਦਰਯਾਨ-5 ਪੁਲਾੜ ਵਿੱਚ ਭੇਜਿਆ ਗਿਆ। ਤਰੁਣ ਘੋਸ਼ ਅਤੇ ਕਨਿਕਾ ਨਾਇਡੋ, ਦੋ ਪੁਲਾੜ ਯਾਤਰੀ ਉਸ ਵਿੱਚ ਸਵਾਰ ਸਨ। ਦੋਵਾਂ ਨੇ ਸਫ਼ਲਤਾ ਪੂਰਵਕ ਚੰਦ ਤੇ ਉੱਤਰ ਕੇ ਸਤ੍ਹਾ ਦਾ ਨਿਰੀਖਣ ਸ਼ੁਰੂ ਕੀਤਾ। ਚੰਦਰਮਾ ਤੇ ਪਾਣੀ ਦੀ ਮੌਜੂਦਗੀ ਦੇ ਪੂਰੇ ਅਸਾਰ ਉਨ੍ਹਾਂ ਨੇ ਰਿਕਾਰਡ ਕੀਤੇ। ਚਾਰ ਚੁਫ਼ੇਰੇ ਖੁਸ਼ੀ ਤੇ ਹੁਲਾਸ ਦਾ ਮਾਹੌਲ ਸੀ। ਖੋਜ ਸੰਸਥਾ ਆਪਣੀ ਕਾਮਯਾਬੀ ਤੇ ਫੁੱਲੀ ਨਹੀਂ ਸੀ ਸਮਾਉਂਦੀ। ਖੋਜ ਕੇਂਦਰ ਦੇ ਮੁੱਖੀ ਡਾ: ਭਟਨਾਗਰ ਵਧਾਈਆਂ ਕਬੂਲ ਕਰਦੇ ਹੋਏ ਡਾਹਢੇ ਖੁਸ਼ ਸਨ। ਨਿਯਤ ਸਮੇਂ ਤੇ ਚੰਦਰਯਾਨ-5 ਧਰਤੀ ਵੱਲ ਮੁੜ ਪਿਆ। ਜਦ ਉਹ ਸਪੇਸ ਸਟੇਸ਼ਨ ਤੇ ਉਤਰਿਆ ਤਾਂ ਹਰਸ਼ੋ ਉਲਾਸ ਗ਼ਮ ਵਿੱਚ ਤਬਦੀਲ ਹੋ ਗਿਆ। ਉਸ ਵਿੱਚ ਸਵਾਰ ਪੁਲਾੜ ਯਾਤਰੀ ਤਰੁਣ ਘੋਸ਼ ਤੇ ਕਨਿਕਾ ਨਾਇਡੋ ਲਗਪਗ ਮੁਰਦਾ ਹਾਲਤ ਵਿੱਚ ਸਨ। ਕਈ ਮਹੀਨੇ ਹਸਪਤਾਲ ਵਿੱਚ ਇਲਾਜ ਤੋਂ ਬਾਅਦ ਉਹ ਦਿਮਾਗੀ ਤੌਰ ਤੇ ਤਾਂ ਥੋੜ੍ਹਾ ਬਹੁਤ ਸੁਚੇਤ ਹੋਏ ਪਰ ਆਪਣਾ ਸਰੀਰ ਹਿਲਾ ਸਕਣ ਤੋਂ ਬਿਲਕੁਲ ਅਸਮਰੱਥ ਸਨ।

"ਕਿੰਨ੍ਹਾ ਕੁੱਝ ਸੰਕੇਤਾਂ ਰਾਹੀਂ ਚੰਦਰਮਾ ਤੋਂ ਧਰਤੀ ਤੱਕ ਪਹੁੰਚ ਗਿਆ ਸੀ। ਪ੍ਰੰਤੂ ਬਹੁਤ ਕੁੱਝ ਹੋਵੇਗਾ ਜੋ ਉਹ ਆਪਣੇ ਦਿਮਾਗ ਦੇ ਖਾਨਿਆਂ ਵਿੱਚ ਸਾਂਭੀ ਬੈਠੇ ਹੋਣਗੇ? ਇਸ ਤੇ ਹੀ ਤਾਂ ਅਗਲੇਰੇ ਕਾਰਜ ਨਿਰਭਰ ਕਰਦੇ ਹਨ।" ਸਾਰਿਆਂ ਦੇ ਦਿਮਾਗ ਵਿੱਚ ਇਹੋ ਹੀ ਪ੍ਰਸ਼ਨ ਸਨ। ਇੱਕ ਵਾਰ ਤਾਂ ਕੇਂਦਰ ਵਿੱਚ ਸੋਗ ਛਾ ਗਿਆ। ਪਰ ਇਹ ਸੋਗੀ ਮਾਹੌਲ ਕਿੰਨਾ ਕੁ ਚਿਰ! ਕੰਮ ਤਾਂ ਜਾਰੀ ਰੱਖਣਾ ਹੈ ਤੇ ਰਹਿਣਾ ਵੀ ਹੁੰਦਾ ਹੈ। ਪੁਲਾੜ ਵਿਗਿਆਨੀਆਂ ਦੀਆਂ ਮੀਟਿੰਗਾਂ ਹੋਈਆਂ, ਖੋਜ ਅਗਾਂਹ ਵਧਾਉਣ ਦੇ ਉਪਰਾਲੇ ਸ਼ੁਰੂ ਹੋ ਗਏ। ਪਰ ਮੇਰਾ ਮਨ ਉਨ੍ਹਾਂ ਦੋ ਪੁਲਾੜ ਵਿਗਿਆਨੀਆਂ ਦੀ ਤਰਸਮਈ ਹਾਲਤ ਬਾਰੇ ਸੋਚ ਸੋਚ ਕੇ ਵੇਦਨਾ ਨਾਲ ਭਰ ਜਾਂਦਾ।

"ਕਿੰਨੇ ਕਾਬਲ ਸਨ ਉਹ ਦੋਵੇਂ! ਇਤਨੇ ਜ਼ਹੀਨ, ਬਹਾਦਰ ਤੇ ਜ਼ਿੰਦਾਦਿਲ! ਤੇ ਹੁਣ ਮੁਰਦਾਨੁਮਾ ਅਹਿਲ ਕੋਮਾ ਦੀ ਹਾਲਤ ਵਿੱਚ ਮੰਜਿਆਂ ਤੇ ਪਏ ਹਨ ਵਿਗਿਆਨ ਤੇ ਤਜਰਬਿਆਂ ਖ਼ਾਤਿਰ! ਹੋਰ ਅਣਲੱਭੀਆਂ ਥਾਵਾਂ ਲੱਭਣ ਤੇ ਆਉਣ ਵਾਲੀਆਂ ਨਸਲਾਂ ਲਈ ਵੱਧ ਤੋਂ ਵੱਧ ਸੁੱਖ-ਸੁਵਿਧਾਵਾਂ ਛੱਡ ਕੇ ਜਾਣ ਦੀ ਲਾਲਸਾ ਹਿੱਤ ਮਨੁੱਖ ਕੁਦਰਤ ਦੇ ਰਚੇ ਮਨੁੱਖੀ ਜੀਵਾਂ ਨਾਲ ਖੇਡ ਰਿਹਾ ਹੈ। ਕੋਈ ਹੱਕ ਨਹੀਂ ਮਨੁੱਖ ਨੂੰ ਇਨ੍ਹਾਂ ਕੁਦਰਤ ਦੇ ਰਚੇ ਖ਼ੂਬਸੂਰਤ ਖਿਡੌਣਿਆਂ ਨਾਲ ਖੇਡਣ ਦਾ? ਆਪਣੇ ਰਚੇ ਖਿਡੌਣਿਆਂ ਨਾਲ ਜੀਅ ਸਦਕੇ ਖੇਡੇ......"

ਮੇਰੇ ਦਿਮਾਗ ਵਿੱਚ ਹਰ ਸਮੇਂ ਇਹ ਸੋਚਾਂ ਗੇੜੇ ਕੱਢਦੀਆਂ ਰਹਿੰਦੀਆਂ ਤੇ ਇਸ ਦਾ ਕੋਈ ਵਿਗਿਆਨਕ ਹੱਲ ਲੱਭਣ ਲਈ ਤਰਲੋਮੱਛੀ ਹੋਈ ਰਹਿੰਦੀਆਂ।

"ਕੁਦਰਤ ਦੇ ਰਚੇ ਖਿਡੌਣੇ......ਮਨੁੱਖ ਦੇ ਬਣਾਏ ਖਿਡੌਣੇ......" ਇਹ ਸ਼ਬਦ ਮੇਰੇ ਮਨ ਮਸਤਕ ਤੇ ਹਥੌੜੇ ਵਾਂਗ ਵਾਰ ਕਰਦੇ ਰਹਿੰਦੇ।

"ਤੁਰਣ ਘੋਸ਼ ਤੇ ਕਨਿਕਾ ਨਾਇਡੋ ਕਿੰਨਾ ਕੁ ਚਿਰ ਇਸ ਹਾਲਤ ਵਿੱਚ ਪਏ ਰਹਿਣਗੇ? ਕੀ ਕਦੇ ਆਪਣੇ ਪੈਰਾਂ ਤੇ ਮੁੜ ਖੜੇ ਹੋ ਸਕਣਗੇ? ਸ਼ਾਇਦ ਹਾਂ, ਸ਼ਾਇਦ ਨਹੀਂ, ਸ਼ਾਇਦ ਕਦੇ ਨਹੀਂ" ਇਹ ਕਸ਼ਮਕਸ਼ ਮੇਰੇ ਜ਼ਿਹਨ ਨੂੰ ਮੱਲੀ ਰਖਦੀ।

"ਜੇ ਕਦੇ ਨਹੀਂ! ਤਾਂ ਅਸੀਂ ਮਨੁੱਖਤਾ ਦਾ ਕੀਮਤੀ ਖ਼ਜ਼ਾਨਾ ਗੁਆ ਦੇਵਾਂਗੇ। ਦੋ ਜੁਆਨੀਆਂ ਭੰਗ ਦੇ ਭਾੜੇ ਚਲੇ ਜਾਣਗੀਆਂ। ਉਨ੍ਹਾਂ ਨੂੰ ਅਸੀਂ ਮੁੜ ਕਦੇ ਨਹੀਂ ਵੇਖ ਸਕਾਂਗੇ। ਛੋਹ ਨਹੀਂ ਸਕਾਂਗੇ।......ਕੋਈ ਐਸਾ ਢੰਗ ਨਹੀਂ ਕਿ ਅਸੀਂ ਇਨ੍ਹਾਂ ਨੂੰ ਮੁੜ ਜੀਵਾਲ ਸਕੀਏ, ਇਨ੍ਹਾਂ ਦੀ ਹੋਂਦ ਨੂੰ ਜਿਉਂ ਦਾ ਤਿਉਂ ਸੰਭਾਲ ਸਕੀਏ?" ਇੰਜ ਦੇ ਬੇਸਿਰ ਬੇਪੈਰ ਖਿਆਲ ਮੇਰਾ ਸਿਰ ਭਾਰਾ ਕਰੀ ਰਖਦੇ। ਇਹ ਨਹੀਂ ਕਿ ਮੌਤ ਦੇ ਤੱਥ ਤੋਂ ਮੈਂ ਜਾਣੂ ਨਹੀਂ ਸਾਂ ਜਾਂ ਮੌਤ ਦੇ ਪ੍ਰਭਾਵ ਤੋਂ ਜਾਣੂ ਨਹੀਂ ਸਾਂ। ਇਸ ਜੀਵਨ-ਕਾਲ ਵਿੱਚ ਕਈ ਮਿੱਤਰ ਪਿਆਰੇ ਸਾਥ ਛੱਡ ਅਦ੍ਰਿਸ਼ ਦੁਨੀਆਂ ਦੇ ਵਾਸੀ ਬਣ ਚੁੱਕੇ ਸਨ। ਪਰ ਪਤਾ ਨਹੀਂ ਕਿਉਂ......?" ਮੇਰੀ ਸੋਚ ਅੱੜ ਖਲੋਂਦੀ। ਤੇ ਇੱਕ ਦਿਨ ਅਚਾਨਕ ਮੇਰੇ ਦਿਮਾਗ ਵਿੱਚ ਇੱਕ ਵਿਚਾਰ ਕੌਂਧ ਗਿਆ, "ਜੇ ਅਸੀਂ ਇਨ੍ਹਾਂ ਦੇ ਕਲੋਨਜ਼......" ਮੈਂ ਇਸ ਸੋਚ ਨੂੰ ਪਰ੍ਹਾਂ ਵਗਾਹ ਮਾਰਨ ਲਈ ਸਿਰ ਝਟਕ ਦਿੱਤਾ ਸੀ। ਪਰ ਸ਼ਾਇਦ ਨਹੀਂ ਕਰ ਸਕਿਆ।

**(2)**

ਆਲ ਇੰਡੀਆ ਮੈਡੀਕਲ ਇੰਸਟੀਚਿਊਟ ਦਿੱਲੀ ਦੀ ਇਮਾਰਤ ਭਾਰਤ ਵਿੱਚ ਡਾਕਟਰੀ ਦਾ ਸਿਰੇ ਦਾ ਇੰਸਟੀਚਿਊਟ ਹੈ। ਇਸ ਵਿੱਚ ਦਾਖਲਾ ਲੈਣਾ ਖਾਲਾ ਜੀ ਦਾ ਵਾੜਾ ਨਹੀਂ ਹੈ। ਇੱਥੇ ਡਾਕਟਰੀ ਦੇ ਖੇਤਰ ਵਿੱਚ ਉੱਚ-ਪਾਏ ਦੀਆਂ ਖੋਜਾਂ ਕੀਤੀਆਂ ਜਾਂਦੀਆਂ ਹਨ ਅਤੇ ਮਰੀਜ਼ਾਂ ਦਾ ਇਲਾਜ ਵੀ ਉੱਚ-ਪਾਏ ਦਾ ਹੁੰਦਾ ਹੈ। ਇਸੇ ਇਮਾਰਤ ਦੀ ਇੱਕ ਗੈਲਰੀ ਵਿੱਚ ਡਾ. ਐਮ. ਪੀ. ਸਿੰਘ ਕਾਹਲੇ ਕਦਮੀਂ ਤੁਰਿਆ ਜਾ ਰਿਹਾ ਸੀ। ਪੰਜ ਫੁੱਟ ਦਸ ਇੰਚ ਉੱਚਾ, ਇਕਹਿਰਾ ਸਰੀਰ, ਰੰਗ ਗੰਦਮੀ, ਕਾਲੇ ਸ਼ਾਹ ਵਾਲਾਂ ਦੀ ਬੰਨ੍ਹੀ ਦਾੜ੍ਹੀ, ਹਲਕੇ ਅਸਮਾਨੀ ਰੰਗ ਦੀ ਕਮੀਜ਼, ਕਾਲੀ ਪੈਂਟ ਤੇ ਸਿਰ ਤੇ ਕਮੀਜ਼ ਨਾਲ ਮੈਚ ਕਰਦੀ ਪੱਗ। ਉਹ ਤੀਹ ਬੱਤੀ ਵਰ੍ਹਿਆਂ ਦੀ ਉਮਰ ਦਾ ਸੰਪੂਰਨ ਮਰਦ ਜਾਪਦਾ ਸੀ। ਸਾਹਮਣੇ ਤੋਂ ਆਉਂਦੇ ਦੋ ਜਣਿਆਂ ਨੇ ਉਸ ਨੂੰ 'ਹੈਲੋ' ਕਿਹਾ ਤੇ ਪੋਲੇ ਪੈਰੀਂ ਕੋਲੋਂ ਲੰਘ ਗਏ। ਉਸ ਨੂੰ ਲਗਾ ਜਿੰਵੇਂ ਠੰਡੀ ਹਵਾ ਦਾ ਬੁੱਲਾ ਕੋਲੋਂ ਦੀ ਲੰਘ ਗਿਆ ਹੋਵੇ। ਪਿੱਛਾ ਭਉਂ ਕੇ ਵੇਖਿਆ। ਇੱਕ ਡਾ: ਸਵਰੀਨਾ ਸੀ।

"ਸ਼ਾਇਦ ਤਾਹੀਓਂ ਹੀ!" ਉਹ ਬੁੱਲ੍ਹਾਂ ਵਿੱਚ ਹਲਕਾ ਜਿਹਾ ਮੁਸਕਰਾਇਆ। ਹੁਣ ਉਹ ਕੈਂਟੀਨ ਪਹੁੰਚ ਚੁੱਕਾ ਸੀ। ਉਸ ਕੌਫ਼ੀ ਦਾ ਮੱਗ ਲਿਆ ਤੇ ਇੱਕ ਟੇਬਲ ਤੇ ਬੈਠ ਕੌਫ਼ੀ ਦੀਆਂ ਚੁਸਕੀਆਂ ਲੈਣ ਲੱਗ ਪਿਆ। ਉਹ ਵਿਦਿਆਰਥੀਆਂ ਦੀ ਜੈਨੇਟਿਕਸ ਦੀ ਕਲਾਸ ਲੈ ਕੇ ਆਇਆ ਕੁੱਝ ਥੱਕਿਆ ਹੋਇਆ ਸੀ। ਪਹਿਲੇ ਘੁੱਟ ਨਾਲ ਹੀ ਜਿੰਵੇਂ ਥਕਾਵਟ ਉੱਤਰ ਤਾਜ਼ਗੀ ਨੇ ਆ ਥਾਂ ਮੱਲਿਆ। ਕੌਫ਼ੀ ਖਤਮ ਕਰ ਉਹ ਆਪਣੇ ਦਫ਼ਤਰ ਪਹੁੰਚਿਆ ਤਾਂ ਉਹਦੇ ਨਾਂ ਆਈ ਇੱਕ ਚਿੱਠੀ ਉਹਦੇ ਮੇਜ਼ ਤੇ ਪਈ ਸੀ। ਉਸ ਨੂੰ ਉਲਟ ਪਲਟ ਕੇ ਵੇਖਿਆ ਤਾਂ ਭੇਜਣ ਵਾਲੇ ਦਾ ਨਾਂ ਪਤਾ ਵੇਖ ਕੇ ਉਹ ਥੋੜ੍ਹਾ ਹੈਰਾਨ ਹੋ ਗਿਆ। 'ਪੁਲਾੜ ਖੋਜ ਕੇਂਦਰ" ਅੱਖਰਾਂ ਨੇ ਉਸ ਨੂੰ ਸਸ਼ੋਪੰਜ ਵਿੱਚ ਪਾ ਦਿੱਤਾ।

"ਉੱਥੇ ਮੈਨੂੰ ਕੌਣ ਜਾਣਦਾ, ਜਿਹਨੇ ਮੇਰੇ ਨਾਂ ਪਤੇ ਤੇ ਚਿੱਠੀ ਪਾਈ? ਮੈਂ ਤਾਂ ਉੱਥੋਂ ਦੇ ਕਿਸੇ ਵਿਅਕਤੀ ਨੂੰ ਨਹੀਂ ਜਾਣਦਾ!" ਸੋਚਦਿਆਂ ਉਸ ਚਿੱਠੀ ਖੋਲ੍ਹ ਲਈ।

ਮਿਸਟਰ ਸਿੰਘ,

ਮੈਂ ਤੁਹਾਨੂੰ ਮਿਲਣਾ ਚਾਹੁੰਦਾ ਹਾਂ। ਦਿਨ ਸਮਾਂ ਤੇ ਸਥਾਨ ਦੱਸੋ ਤਾਂ ਜੋ ਮੈਂ ਆ ਸਕਾਂ।

ਸ਼ੁਭ ਚਿੰਤਕ

ਪੀ. ਚੈਟਰਜੀ (ਸਹਾਇਕ ਡਾਇਰੈਕਟਰ)

ਪੁਲਾੜ ਖੋਜ ਕੇਂਦਰ

"ਪੀ. ਚੈਟਰਜੀ, ਸਹਾਇਕ ਡਾਇਰੈਕਟਰ, ਪੁਲਾੜ ਖੋਜ ਕੇਂਦਰ! ਇਨ੍ਹਾਂ ਨੂੰ ਮੇਰੇ ਤਾਈਂ ਕੀ ਕੰਮ? ਇਹ ਮੈਨੂੰ ਐਨਾ ਨੇੜਿਓਂ ਜਾਣਦੇ ਨੇ ਕਿ ਐਨੀ ਨਿੱਜੀ ਜਿਹੀ ਚਿੱਠੀ ਲਿਖੀ। ਮੈਂ ਇਨ੍ਹਾਂ ਨੂੰ ਕਿੱਥੇ ਮਿਲਿਆ ਸੀ? ਯਾਦ ਨਹੀਂ," ਇਨ੍ਹਾਂ ਸੋਚਾਂ ਉਹਦੇ ਅੰਦਰ ਖੌਰੂ ਪਾਇਆ ਹੋਇਆ ਸੀ। "ਸ਼ਾਇਦ ਕਿਸੇ ਕਾਨਫਰੰਸ ਜਾਂ ਸੈਮੀਨਾਰ ਵਿੱਚ......" ਸੋਚਦਿਆਂ ਉਸ ਆਪਣਾ ਸਿਰ ਕੁਰਸੀ ਦੀ ਢੋਅ ਨਾਲ ਟਿਕਾ ਲਿਆ।

"ਮੈਂ ਕਿੱਥੇ ਦਾ ਕਿੱਥੇ ਪਹੁੰਚ ਗਿਆ! ਇੱਕ ਛੋਟੇ ਜਿਹੇ ਪਿੰਡ ਵਿੱਚ ਸਧਾਰਨ ਜਿਹੇ ਜ਼ਿੰਮੀਦਾਰ ਪਰਿਵਾਰ ਵਿੱਚ ਜੰਮਿਆ ਪਲਿਆ ਤੇ ਜੁਆਨ ਹੋਇਆ ਮੈਂ ਆਪਣੇ ਬਾਪ ਦਾ ਤੀਸਰਾ ਪੁੱਤ ਹਾਂ। ਉਵੇਂ ਤੇ ਪੁੱਤਰਾਂ ਦੇ ਜੰਮਣ ਤੇ ਸਾਰੇ ਖੁਸ਼ੀ ਮਨਾਉਂਦੇ ਆ, ਪਰ ਇੱਕ ਕਿਸਾਨ ਦੇ ਮਨ ਵਿੱਚ ਅਚੇਤ ਹੀ ਇੱਕ ਸੰਸਾ ਵੀ ਜਨਮ ਲੈ ਲੈਂਦਾ ਕਿ ਉਹਦੀ ਮਾਮੂਲੀ ਜਿਹੀ ਜਾਇਦਾਦ ਦਾ ਇੱਕ ਹੋਰ ਹਿੱਸੇਦਾਰ ਜੰਮ ਪਿਆ। ਸਿਆਣੇ ਕਹਿੰਦੇ ਨੇ 'ਬਾਣੀਏ ਘਰ ਪੁੱਤ ਜੰਮੇ ਤਾਂ ਇੱਕ ਹੱਟੀ ਵੱਧਦੀ ਏ ਤੇ ਜੱਟ ਦੇ ਘਰ ਪੁੱਤ ਜੰਮੇ ਤਾਂ ਜ਼ਮੀਨ ਦਾ ਇੱਕ ਟੋਟਾ ਹੋਰ ਹੋ ਜਾਂਦਾ ਹੈ' ਮੇਰੀ ਮਾਂ ਦੱਸਦੀ ਹੁੰਦੀ ਸੀ, 'ਤੇਰੇ ਜੰਮੇ ਤੋਂ ਤਾਂ ਤੇਰਾ ਪਿਓ ਜਮਾਂ ਈ ਹਰਾਸ ਗਿਆ ਸੀ। ਕਹਿੰਦਾ ਜੇ ਧੀ ਜੰਮਦੀ ਤਾਂ ਵੱਡੀ ਹੋਈ ਨੂੰ ਸਹੁਰੇ ਤੋਰ ਦਿੰਦੇ, ਆਹ ਹੁਣ ਸੋਲਾਂ ਕਿੱਲਿਆਂ ਦਾ ਹੋਰ ਸ਼ਰੀਕ ਜੰਮ ਪਿਆ।" ਘੱਟਦੀ ਜ਼ਮੀਨ ਤੇ ਡੁੱਬਦੀ ਕਿਸਾਨੀ ਦਾ ਸੱਚ ਪ੍ਰਤੱਖ ਉਹਦੇ ਸਾਹਮਣੇ ਮੂੰਹ ਅੱਡੀ ਖੜ੍ਹਾ ਸੀ।

ਜਦੋਂ ਮੇਰੇ ਦਾਦੇ ਨੂੰ ਪਤਾ ਲਗਾ ਤਾਂ ਉਸ ਮੇਰੇ ਬਾਪ ਨੂੰ ਹੌਂਸਲਾ ਦੇਂਦੇ ਆਖਿਆ ਸੀ, "ਐਵੇਂ ਨਾ ਢਿੱਗੀ ਢਾਹ ਜਾਗਰਾ! ਹਰ ਜੀਅ ਆਪਣੀ ਕਿਸਮਤ ਨਾਲ ਲੈ ਕੇ ਆਉਂਦਾ। ਵੱਡੇ ਤੇਰੇ ਨਾਲ ਵਾਹੀ ਖੇਤੀ ਕਰਨਗੇ, ਇਹ ਛੋਟਾ ਮੱਝਾਂ ਚਾਰਿਆ ਕਰੂ, ਮੇਰਾ ਮਹੀਪਾਲ!" ਤੇ ਉਸ ਮੇਰਾ ਨਾਂ ਵੀ ਮਾਹੀਪਾਲ ਸਿੰਘ ਧਰ ਦਿੱਤਾ ਸੀ।" ਇਹ ਸੋਚ ਉਹਦੇ ਬੁੱਲ੍ਹਾਂ ਤੇ ਹਲਕਾ ਜਿਹਾ ਹਾਸਾ ਆ ਗਿਆ। ਓਹੋ ਮਾਹੀਪਾਲ ਸਿੰਘ ਪ੍ਰੋ: ਐਮ. ਪੀ. ਸਿੰਘ ਬਣ ਗਿਆ ਸੀ ਅਤੇ ਉਹ ਵੀ ਇੱਕ ਨਾਮੀ ਗ੍ਰਾਮੀ ਇੰਸਟੀਚਿਊਟ ਵਿੱਚ। ਉਹਦੀ ਲਿਆਕਤ ਦੀ ਖ਼ੁਸ਼ਬੂ ਲਗਾਦਾ ਫੈਲਣ ਲਗ ਪਈ ਸੀ ਤਾਂ ਹੀ ਤਾਂ ਉਸਨੂੰ ਇਹ ਚਿੱਠੀ ਬਹੁਤ ਹੀ ਵਿਸ਼ੇਸ਼ ਜਗ੍ਹਾ ਤੇ ਵਿਅਕਤੀ ਵਲੋਂ ਆਈ ਸੀ। ਉਸ ਦੁਬਾਰਾ ਚਿੱਠੀ ਪੜ੍ਹੀ ਤੇ ਫਿਰ ਕੁੱਝ ਲਿਖਣ ਬੈਠ ਗਿਆ। ਮਾਹੀਪਾਲ ਤੋਂ ਪ੍ਰੋ: ਐਮ. ਪੀ. ਸਿੰਘ ਦਾ ਸਫ਼ਰ ਉਸ ਆਪਣੀ ਹਿੰਮਤ ਤੇ ਲਿਆਕਤ ਨਾਲ ਤਹਿ ਕੀਤਾ ਸੀ। ਸ਼ਾਇਦ ਪ੍ਰਮਾਤਮਾ ਦਾ ਮਿਹਰ ਭਰਿਆ ਹੱਥ ਵੀ ਉਸਦੇ ਸਿਰ ਤੇ ਸੀ ਤਾਂ ਹੀ ਪਿੰਡ ਦੇ ਸਕੂਲ ਵਿੱਚ ਓ ਅ ੲ ਸਿੱਖਦਾ ਮਾਹੀਪਾਲ ਹਿਊਮਨ ਜੈਨੇਟਿਕ ਇੰਜਨੀਅਰਿੰਗ ਦੀ ਪੀ. ਐਚ. ਡੀ. ਕਰ ਗਿਆ ਸੀ। ਆਪਣੇ ਪਿੰਡ ਦਾ ਛੋਟਾ ਜਿਹਾ

ਪ੍ਰਾਇਮਰੀ ਸਕੂਲ ਉਹਦੇ ਚੇਤਿਆਂ ਵਿੱਚੋਂ ਨਿੱਕਲ ਉਹਦੇ ਸਾਹਮਣੇ ਆ ਖਲੋਤਾ। ਛੋਟੇ ਛੋਟੇ ਦੋ ਕਮਰੇ, ਸਾਹਮਣੇ ਬਰਾਂਡਾ। ਬੱਸ ਇਨੀ ਕੁ ਇਮਾਰਤ ਸੀ ਸਕੂਲ ਦੀ, ਜਿਹਦੇ ਵਿੱਚ ਪਹਿਲੀ ਤੋਂ ਪੰਜਵੀਂ ਤੱਕ ਦੀਆਂ ਜਮਾਤਾਂ ਨੂੰ ਪੜ੍ਹਾਇਆ ਜਾਂਦਾ ਸੀ। ਛੋਟੀਆਂ ਜਮਾਤਾਂ ਪਿੱਪਲ ਦੇ ਵੱਡੇ ਸਾਰੇ ਰੁੱਖ ਹੇਠਾਂ ਲਗਦੀਆਂ ਸਨ ਜਿਹਦੇ ਡਾਹਣੇ ਦੂਰ ਦੂਰ ਤੱਕ ਫੈਲੇ ਹੋਏ ਸਨ। ਉਹਦੀ ਸੰਘਣੀ ਛਾਂ ਹੇਠ ਘਰੋਂ ਲਿਆਂਦੀ ਬੋਰੀ ਤੇ ਬੈਠ ਉਸ ਆਪਣੀ ਪੜ੍ਹਾਈ ਸ਼ੁਰੂ ਕੀਤੀ ਸੀ। ਉਹਦਾ ਦਾਦਾ ਹੀ ਉਸ ਨੂੰ ਸਕੂਲ ਦਾਖਲ ਕਰਾਉਣ ਆਇਆ ਸੀ। ਜਦੋਂ ਉਹਦਾ ਨਾ ਮਾਸਟਰ ਜੀ ਨੂੰ ਦੱਸਿਆ ਤਾਂ ਉਸ ਰਤਾ ਕੁ ਹੱਸ ਕੇ ਆਖਿਆ ਸੀ, "ਬਜ਼ੁਰਗੋ, ਆਹ ਮੁੰਡੇ ਦਾ ਨਾਂ ਬੜਾ ਚੁਣ ਕੇ ਰੱਖਿਆ ਜੇ।"

"ਆਹੋ ਮਾਸਟਰ ਜੀ, ਇਹ ਮੇਰਾ ਮਹੀਆਂ ਚਾਰਨ ਵਾਲਾ ਮਾਹੀ ਮੁੰਡਾ ਆ! ਮੱਝਾਂ ਨੂੰ ਬੜੇ ਵਧੀਆ ਮੋੜੇ ਲਾਉਂਦਾ ਜੇ। ਮਜਾਲਗੀ ਕਿਸੇ ਦੀ ਖੜ੍ਹੀ ਫ਼ਸਲ ਵਿਚੋਂ ਬੁਰਕ ਭਰ ਜਾਣ ਮੱਝਾਂ! ਜਦੋਂ ਦਾ ਇਹ ਮੇਰੇ ਨਾਲ ਮੱਝਾਂ ਚਾਰਨ ਜਾਂਦਾ ਮੈਂ ਤਾਂ ਜਾਣੀ ਦਾ ਨਿਸ਼ਚਿੰਤ ਹੋ ਗਿਆਂ।" ਮੇਰੇ ਬਾਪੂ ਜੀ ਨੇ ਮੇਰੇ ਨਾਂ ਦੇ ਭਰਪੂਰ ਅਰਥ ਸਮਝਾ ਦਿੱਤੇ ਸਨ। ਮੈਂ ਪੈਰ ਦੇ ਅੰਗੂਠੇ ਨਾਲ ਮਿੱਟੀ ਖੁਰਚਦਾ ਸਿਰ ਨਿਵਾਈਂ ਚੁੱਪ ਚਾਪ ਖੜਾ ਰਿਹਾ ਸੀ

ਮੇਰੇ ਵੱਡੇ ਭਰਾ ਨੂੰ ਪੜ੍ਹਨੇ ਨਹੀਂ ਸੀ ਪਾਇਆ ਗਿਆ। ਉਹ ਮੇਰੇ ਬਾਪ ਨਾਲ ਵਾਹੀ ਜੋਤੀ ਦਾ ਕੰਮ ਕਰਾਉਂਦਾ ਸੀ। ਮੇਰੇ ਤੋਂ ਵੱਡਾ ਸਕੂਲ ਵਿੱਚ ਦਾਖਲ ਹੋਇਆ ਸੀ, ਪਰ ਰਿੱੜ੍ਹ ਖੁੜ੍ਹ ਕੇ ਪੰਜਵੀਂ ਪਾਸ ਕਰ ਵਿੱਟਰ ਬੈਠਾ, "ਭਈ ਮੈਂ ਨਹੀਂ ਵੱਡੇ ਸਕੂਲ ਪੜ੍ਹਨ ਜਾਣਾ ਉੱਥੇ ਮਾਸਟਰ ਕੁੱਟਦੇ ਆ।" ਤੇ ਇੰਵ ਉਹ ਵੀ ਖੇਤੀ ਦੇ ਕੰਮ ਵਿੱਚ ਜਜ਼ਬ ਹੋ ਗਿਆ। ਮੇਰੀ ਵਾਰੀ ਮੇਰਾ ਬਾਪ ਤਾਂ ਕਹਿੰਦਾ ਸੀ. "ਇਹਨੇ ਵੀ ਵੱਡੇ ਵਰਗੇ ਈ ਚੰਦ ਚੜ੍ਹਾਉਣੇ ਆ, ਇਹਨੂੰ ਹੁਣੇ ਵਾਹੀ ਦੇ ਕੰਮ 'ਚ ਪਾ ਦਿਓ।" ਪਰ ਮੇਰੇ ਦਾਦਾ ਜੀ ਦਾ ਆਖਣਾ ਸੀ, "ਇਹਨੇ ਜੁਆਕ ਨੇ ਅਜੇ ਕੀ ਕੰਮ ਕਰ ਲੈਣਾ? ਸਕੂਲ ਭੇਜਣਾ ਤਾਂ ਜ਼ਰੂਰ ਆ। ਜੇ ਕਰਮਾਂ 'ਚ ਵਿਦਿਆ ਹੋਈ ਤਾਂ ਆਪੇ ਮਾਂ ਸਰਸਵਤੀ ਮਿਹਰ ਕਰੂ। ਪੜ੍ਹ ਗਿਆ ਥਾਂ ਆਪਣਾ ਵੀ ਖਾਨਦਾਨ ਸੌਰ ਜੂ। ਨਹੀਂ ਤਾਂ ਚਿੱਠੀ ਪੱਤਰ ਜੋਗਾ ਤਾਂ ਹੋ ਜੂ।" ਅਤੇ ਇਸ ਤਰ੍ਹਾਂ ਮੈਂ ਆਪਣੇ ਦਾਦੇ ਦੀ ਉਂਗਲ ਫੜ ਸਕੂਲ ਜਾ ਬੈਠਾ। ਜਦੋਂ ਦਾਦਾ ਜੀ ਘਰ ਨੂੰ ਵਾਪਸ ਤੁਰੇ ਤਾਂ ਮੈਂ ਵੀ ਬੋਰੀ ਚੁੱਕ ਤੁਰ ਪਿਆ। ਮਾਸਟਰ ਜੀ ਨੇ ਬਥੇਰਾ ਰੋਕਿਆ ਪਰ ਮੈਂ ਉੱਥੇ ਨਾ ਟਿਕਿਆ।

ਅਗਲੇ ਦਿਨ ਫਿਰ ਬਾਪੂ ਜੀ ਨੂੰ ਨਾਲ ਲੈ ਕੇ ਹੀ ਗਿਆ ਅਤੇ ਜਿੰਨੀ ਦੇਰ ਭੈਣ ਜੀ ਨੇ ਮੈਨੂੰ ਸਬਕ ਪੜ੍ਹਾਇਆ ਬਾਪੂ ਜੀ ਨੂੰ ਵੀ ਉੱਥੇ ਬੈਠਣਾ ਪਿਆ। ਇੰਵ ਕਈ ਦਿਨ ਚਲਦਾ ਰਿਹਾ। "ਚੰਗਾ ਮਾਹੀਪਾਲ ਨੂੰ ਪੜ੍ਹਨੇ ਪਾਇਆ, ਲਗਦਾ ਬਾਪੂ ਜੀ ਨੂੰ ਵੀ ਸਕੂਲੇ ਦਾਖਲ ਕਰਾ ਦਿੱਤਾ," ਘਰ ਵਿੱਚ ਹਾਸਾ ਪੈਂਦਾ ਪਰ ਮੈਂ ਦੜ੍ਹ ਵੱਟੀ ਰਖਦਾ।

ਆਖਰ ਹੌਲੀ ਹੌਲੀ ਮੇਰਾ ਜਮਾਤ ਵਿੱਚ ਜੀਅ ਲਗਣ ਲਗ ਪਿਆ। ਪਿੰਡ ਦੇ ਨੰਬਰਦਾਰਾਂ ਦਾ ਮੁੰਡਾ ਹਰਪ੍ਰੀਤ ਜਿਹਨੂੰ ਸਾਰੇ ਪੀਤੂ ਕਹਿੰਦੇ ਸੀ, ਮੇਰਾ ਯਾਰ ਬਣ ਗਿਆ। ਉਹ ਪੜ੍ਹਾਈ ਵਿੱਚ ਰਤਾ ਦਰਮਿਆਨਾ ਸੀ ਪਰ ਮੇਰੇ ਤੇਜ਼ ਦਿਮਾਗ ਦੀਆਂ ਸਿਫ਼ਤਾਂ ਹੋਣ ਲਗ ਪਈਆਂ। ਪੰਜਵੀਂ ਜਮਾਤ ਦੇ ਪੇਪਰਾਂ ਵਿੱਚ ਮੈਂ ਪੂਰੇ ਸੈਂਟਰ ਵਿੱਚੋਂ ਪਹਿਲੇ ਨੰਬਰ ਤੇ ਆ ਗਿਆ। ਦਾਦਾ ਜੀ ਨੇ ਬੜਾ ਪਿਆਰ ਕੀਤਾ। ਮੇਰੇ ਬਾਪ ਨੇ ਵੀ ਮੈਨੂੰ ਥਾਪੀ ਦਿੱਤੀ ਅਤੇ ਇਹ ਕਹਿ ਕੇ ਮੇਰਾ ਹੌਂਸਲਾ ਵਧਾਇਆ, "ਪੁੱਤ, ਪੜ੍ਹ ਲੈ ਜਿਨਾ ਪੜ੍ਹ ਸਕਦਾਂ ਮੈਂ ਆਪੇ ਔਖਾ ਸੌਖਾ ਹੋ ਲੂੰ।"

ਬਸ ਫਿਰ ਕੀ ਸੀ, ਫਿਰ ਨਹੀਂ ਮੈਂ ਪਿੱਛਾ ਭਉਂ ਕੇ ਵੇਖਿਆ। ਨਾਲ ਦੇ ਪਿੰਡ ਦੇ ਹਾਈ ਸਕੂਲ ਵਿੱਚ ਦਾਖਲ ਹੋ ਗਿਆ। ਸੀ ਕੋਈ ਦੋ ਕੁ ਮੀਲ ਦਾ ਪੈਂਡਾ। ਸਵੇਰੇ ਦੁੜੰਗੇ ਮਾਰਦੇ ਜਾਣਾ ਤੇ ਗਰਮੀਆਂ ਵਿੱਚ ਤਿੱਖੜ ਦੁਪਹਿਰੇ ਚਿਚਲਾਂਦੀ ਧੁੱਪ ਤੇ ਪੈਰਾਂ ਹੇਠ ਤੱਤੀ ਰੇਤ ਤੇ ਤੁਰਕੇ ਆਉਣਾ। ਕੋਈ ਪ੍ਰਵਾਹ ਹੀ ਨਹੀਂ ਸੀ ਹੁੰਦੀ। ਨਾਲੇ ਮੈਂ ਕਿਹੜਾ ਇਕੱਲਾ ਹੁੰਦਾ ਸੀ। ਪਿੰਡ ਦੇ ਸਾਰੇ ਪਾੜ੍ਹੇ ਮੁੰਡਿਆਂ ਕੁੜੀਆਂ ਦੀਆਂ ਟੋਲੀਆਂ ਅੱਗੜ ਪਿੱਛੜ ਵਾਹੋਦਾਹੀ ਭੱਜੀਆਂ ਆਉਂਦੀਆਂ ਹੁੰਦੀਆਂ ਸਨ। ਤੇਹ ਲਗਦੀ ਤਾਂ ਰਾਹ ਵਿੱਚ ਵਗਦੇ ਸੁਏ ਵਿਚੋਂ ਨਿਕਲਦੇ ਖਾਲ਼ ਦੇ ਪਾਣੀ ਵਿਚੋਂ ਘਾਹ ਪੱਤਿਆਂ ਨੂੰ ਹੱਥ ਨਾਲ ਪਰ੍ਹਾਂਹ ਹਟਾ ਪਾਣੀ ਪੀ ਲੈਣਾ ਤੇ ਨਾਲੇ ਕਹਿਣਾ, 'ਰੱਬ ਨਾਲੋਂ ਕੋਈ ਉੱਚਾ ਨਹੀਂ ਤੇ ਜਲ ਨਾਲੋਂ ਕੋਈ ਸੁੱਚਾ ਨਹੀਂ।' ਕੋਈ ਲੱਥੀ ਚੜ੍ਹੀਦੀ ਨਹੀਂ ਸੀ ਕਿਸੇ ਨੂੰ। ਪਹੇ ਤੋਂ ਦੋ ਤਿੰਨ ਪੈਲੀਆਂ ਹੱਟਵਾਂ ਵੱਡਾ ਸਾਰਾ ਜਾਮਨੂੰਆਂ ਦਾ ਰੁੱਖ ਸੀ। ਜਾਮਨੂੰਆਂ ਦੇ ਮੌਸਮ ਵਿੱਚ ਜਦੋਂ ਕਦੇ ਦਿਲ ਕਰਨਾ ਵਲ਼ਾ ਪਾ ਕੇ ਉੱਧਰ ਦੀ ਹੋ ਜਾਣਾ ਤੇ ਭੁੰਜੇ ਡਿੱਗੇ ਜਾਮਨੂੰਆਂ ਦਾ ਆਨੰਦ ਮਾਣਦੇ ਘਰ ਆਉਣਾ। ਉਹ ਦਿਹਾੜੇ ਕਿੰਨੇ ਪਿੱਛੇ ਰਹਿ ਗਏ ਸਨ!" ਪ੍ਰੋ: ਐਮ. ਪੀ. ਸਿੰਘ ਬਚਪਨ ਨੂੰ ਚੇਤੇ ਕਰ ਮੁਸਕਰਾ ਪਿਆ।

**(3)**

"ਓਏ! ਤੂੰ ਲੱਤਾਂ ਪਸਾਰ ਕੇ ਮੰਜੇ ਤੇ ਪਿਆਂ ਤੇ ਉੱਧਰ ਡੰਗਰ ਰੱਸੇ ਤੜਾਉਣ ਡਹੇ ਆ।" ਆਪਣੇ ਬਾਪ ਦੀ ਖਰ੍ਹਵੀ ਅਵਾਜ਼ ਸੁਣ ਮਾਹੀਪਾਲ ਉੱਭੜਵਾਹੇ ਉੱਠਿਆ।

"ਭਾਪਾ ਜੀ, ਮੈਂ ਰਾਤੀਂ ਦੇਰ ਤੱਕ ਪੜ੍ਹਦਾ ਰਿਹਾ ਸੀ, ਮੈਨੂੰ ਜਾਗ ਨਹੀਂ ਆਈ। ਮੇਰੇ ਸਲਾਨਾ ਪੇਪਰ ਨੇੜੇ ਆਉਣ ਵਾਲੇ ਆ ਉਹਦੀ ਤਿਆਰੀ ਜੁ ਕਰਨੀ ਹੁੰਦੀ ਆ," ਮਾਹੀਪਾਲ ਨੇ ਮੁਜਰਮਾਂ ਵਾਂਗ ਸਫ਼ਾਈ ਦਿੱਤੀ।

"ਚੱਲ ਉੱਠ, ਐਵੇਂ ਬਾਨ੍ਹੇ ਨਾ ਬਣਾ ਤੇ ਪੱਠੇ ਪਾ ਪਸ਼ੂਆਂ ਨੂੰ। ਲਵੇਰੀਆਂ ਨੂੰ ਚੋਣਾਂ ਵੀ ਏ ਤੇਰੀ ਮਾਂ ਨੇ, ਜ਼ਰਾ ਕੱਟੇ ਕੱਟੀਆਂ ਵੀ ਬੰਨਵਾ ਦੇਵੀਂ। ਘਰ ਦੇ ਕੰਮ ਨੂੰ ਹੱਥ ਲਾਇਆਂ ਕਿਤੇ ਨਹੀਂ ਤੇਰੀ ਪੜ੍ਹਾਈ ਪਿੱਛੇ ਪੈਂਦੀ। ਪੜ੍ਹ ਕੇ ਤੂੰ ਕਿਹੜਾ ਡਿਪਟੀ ਲਗ ਜਾਣਾ।" ਪਤਾ ਨਹੀਂ ਕਿਹੜੀ ਗੱਲੋਂ ਸਤਿਆ ਜਾਗਰ ਸਿੰਘ ਆਪਣੇ ਛੋਟੇ ਮੁੰਡੇ ਤੇ ਨਜ਼ਲਾ ਸੁੱਟੀ ਜਾਂਦਾ ਸੀ। ਮਾਹੀਪਾਲ ਬਿਨਾ ਕੁੱਝ ਅੱਗੋਂ ਬੋਲਿਆਂ ਪਸ਼ੂਆਂ ਵਾਲੇ ਪਾਸੇ ਚਲਾ ਗਿਆ ਅਤੇ ਆਪਣੇ ਜ਼ਿੰਮੇ ਦਾ ਰੋਜ਼ ਵਾਲਾ ਕੰਮ ਖਤਮ ਕਰਨ ਲਗ ਪਿਆ। ਫਿਰ ਤਿਆਰ ਹੋ ਕੇ ਸਕੂਲ ਵੀ ਜਾਣਾ ਸੀ।

"ਕਿੰਨਾ ਕੁੱਝ ਕਰ ਲਈਦਾ ਸੀ ਭੱਜ ਭੱਜ ਕੇ। ਘਰ ਦੇ ਕੰਮ ਵੀ ਤੇ ਬਾਹਰ ਖੇਤਾਂ ਵਿੱਚ ਹੱਥ ਪੜ੍ਹੱਥੀ ਪਵਾਉਣ ਦੇ ਵੀ। ਸਭ ਤੋਂ ਛੋਟਾ ਹੋਣ ਕਰਕੇ ਆਪਣੀ ਬੀਬੀ ਨਾਲ ਘਰ ਦੇ ਨਿੱਕੇ ਮੋਟੇ ਕੰਮ ਕਰਵਾਉਣੇ ਮੇਰੀ ਹੀ ਜ਼ਿੰਮੇਵਾਰੀ ਸੀ। ਮੱਝਾਂ ਦੀਆਂ ਧਾਰਾਂ ਕਢਵਾਉਣੀਆਂ, ਚੁੱਲ੍ਹੇ ਵਿੱਚ ਅੱਗ ਬਾਲਣੀ, ਬੀਬੀ ਨੂੰ ਬਾਲਣ ਲਿਆ ਕੇ ਦੇਣਾ, ਚੌਂਕੇ ਵਿਚੋਂ ਚੀਜ਼ਾਂ ਇੱਕ ਥਾਂ ਤੋਂ ਚੁੱਕ ਕੇ ਦੂਜੇ ਥਾਂ ਰਖਣੀਆਂ। ਵੱਡਾ ਵੀਰ ਖੇਤਾਂ ਵਿੱਚ ਗਿਆ ਹੁੰਦਾ ਤਾਂ ਉਹਦੀ ਰੋਟੀ ਫੜਾ ਕੇ ਆਉਣੀ। ਭਾਪਾ ਜੇ ਜਿਣਸ ਵੇਚਣ ਮੰਡੀ ਗਿਆ ਹੁੰਦਾ ਤੇ ਜੇਕਰ ਰਾਤ ਉੱਥੇ ਰਹਿਣਾ ਪੈਂਦਾ ਤਾਂ ਉਹਦੀ ਰੋਟੀ ਵੀ ਮੰਡੀ ਫੜਾ ਕੇ ਫਿਰ ਸਕੂਲ ਜਾਣਾ। ਥੋੜ੍ਹਾ ਜਿਹਾ ਵਲ਼ਾ ਪੈਂਦਾ ਸੀ ਪਰ ਸਾਈਕਲ ਕੋਲ ਹੋਣ ਕਰਕੇ ਕਦੇ ਪੈਂਡੇ ਦੀ ਵਾਧ ਘਾਟ ਨੂੰ ਗੌਲ਼ਿਆ ਹੀ ਨਹੀਂ ਸੀ।"

ਪ੍ਰੋ: ਐਮ. ਪੀ. ਸਿੰਘ ਦੇ ਜ਼ਿਹਨ ਵਿੱਚ ਇੱਕ ਤੋਂ ਬਾਅਦ ਇੱਕ ਘਟਨਾ ਲਾਮਡੋਰੀ ਬੰਨ੍ਹੀ ਫਿਲਮ ਦੀ ਰੀਲ੍ਹ ਵਾਂਗ ਚਲ ਰਹੀਆਂ ਸਨ।

"ਤੇ ਜਦੋਂ ਮੇਰਾ ਦਸਵੀਂ ਦਾ ਰਿਜ਼ਲਟ ਆਇਆ, ਉਦੋਂ ਮੈਂ ਖੂਹ ਤੇ ਡੰਗਰ ਬੰਨ੍ਹ ਕੇ ਅਜੇ ਘਰ ਵੱਲ ਆ ਹੀ ਰਿਹਾ ਸੀ ਕਿ ਮੇਰਾ ਜਮਾਤੀ ਨੰਬਰਦਾਰਾਂ ਦਾ ਪੀਤੂ ਅਖ਼ਬਾਰ ਹੱਥ ਵਿੱਚ ਫੜੀ ਭੱਜਾ ਆਉਂਦਾ ਮੈਨੂੰ ਅੱਗਲਵਾਂਢੀ ਆ ਮਿਲਿਆ।

"ਓਏ ਮਾਹੀਪਾਲ! ਓਏ ਮਾਹੀਪਾਲ ਆਹ ਵੇਖ ਤੇਰੀ ਫੋਟੋ ਅਖ਼ਬਾਰ ਵਿੱਚ ਛਪੀ ਊ ਓਏ!" ਉਹ ਸਾਹੋ ਸਾਹ ਹੋਇਆ ਬੋਲਿਆ। ਮੈਂ ਅਖ਼ਬਾਰ ਉਸ ਤੋਂ ਫੜ੍ਹ ਧਿਆਨ ਨਾਲ ਵੇਖਿਆ। ਫੋਟੋ ਮੇਰੀ ਹੀ ਸੀ। ਪਰ ਮੈਂ ਹੈਰਾਨ ਕਿ ਇਹ ਛਪ ਕਿਵੇਂ ਗਈ? ਕਿਸਨੇ ਛਾਪ ਦਿੱਤੀ? ਕਿਉਂ ਛਾਪ ਦਿੱਤੀ? ਕਈ ਪ੍ਰਸ਼ਨ ਮੇਰੇ ਧੂੜ ਅੱਟੇ ਚਿਹਰੇ ਤੇ ਉੱਕਰ ਆਏ। ਫਿਰ ਮੈਂ ਫੋਟੋ ਹੇਠਾਂ ਲਿਖਿਆ ਪੜ੍ਹਿਆ। ਲਿਖਿਆ ਸੀ, "ਮਾਹੀਪਾਲ ਸਿੰਘ ਨੇ ਮੈਟ੍ਰਿਕ ਦੀ ਪ੍ਰੀਖਿਆ ਵਿੱਚ ਪੰਜਾਬ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ। ਮੇਰਾ ਮੂੰਹ ਅੱਡਿਆ ਰਹਿ ਗਿਆ। ਮੈਂ ਪੀਤੂ ਨੂੰ ਘੁੱਟ ਕੇ ਜੱਫੀ ਵਿੱਚ ਲੈ ਲਿਆ। ਤੇ ਉਹਦੇ ਰਿਜ਼ਲਟ ਬਾਰੇ ਪੁੱਛਿਆ। ਉਹ ਵੀ ਫਸਟ ਡਿਵੀਜ਼ਨ ਵਿੱਚ ਪਾਸ ਹੋ ਗਿਆ ਸੀ। ਅਸੀਂ ਖੁਸ਼ੀ ਖੁਸ਼ੀ ਘਰ ਪਹੁੰਚੇ। ਮੈਂ ਬੀਬੀ ਨੂੰ ਫੋਟੋ ਵਖਾਈ ਤੇ ਸਾਰੀ ਗੱਲ ਦੱਸੀ। ਉਹ ਤਾਂ ਮੇਰਾ ਮੱਥਾ ਚੁੰਮਣੋਂ ਹੀ ਨਾ ਹਟੇ, "ਮੈਨੂੰ ਪਤਾ ਸੀ ਮੇਰੇ ਮਾਹੀਪਾਲ ਨੇ ਪਹਿਲੇ ਨੰਬਰ ਵਿੱਚ ਈ ਪਾਸ ਹੋਣਾ। ਤੇਰਾ ਭਾਪਾ ਵੀ ਕਹਿੰਦਾ ਸੀ ਭਈ ਮੁੰਡਾ ਬੜੀ ਮਿਹਨਤ ਕਰਦਾ, ਲਗਦਾ ਪਾਸ ਹੋ ਈ ਜਾਊ। ਤੈਨੂੰ ਦੱਸਾਂ, ਤੇਰਾ ਭਾਪਾ ਦਿਲ ਦਾ ਮਾੜਾ ਨਹੀਂ, ਉਂਞ ਸੁਭਾਅ ਦਾ ਈ ਰਤਾ ਤੱਤਾ। ਤੂੰ ਉਹਦਾ ਗੁੱਸਾ ਨਾ ਕਰਿਆ ਕਰ, ਮੇਰਾ ਸ਼ੇਰ ਪੁੱਤ! ਬੀਬੀ ਆਪਣੇ ਦਿਲ ਦੀਆਂ ਅਣਕਹੀਆਂ ਗੱਲਾਂ ਆਪਮੁਹਾਰੇ ਹੀ ਕਰੀ ਜਾਂਦੀ ਸੀ। ਉਹਦੀ ਐਸੀ ਨੇੜਤਾ ਦਾ ਮੌਕਾ ਮੈਨੂੰ ਘੱਟ ਹੀ ਮਿਲਦਾ ਸੀ ਤੇ ਐਸ ਵੇਲੇ ਉਹਦੀ ਮਮਤਾ ਨਾਲ ਸਰਸ਼ਾਰ ਮੈਂ ਪੂਰੀ ਦੁਨੀਆਂ ਨੂੰ ਜਿੱਤ ਲਿਆ ਲਗਦਾ ਸੀ।

"ਜਾਹ ਪੁੱਤ, ਆਪਣੇ ਬਾਪੂ ਜੀ ਨੂੰ ਵੀ ਵਖਾ ਜਾ ਕੇ ਆਪਣੀ ਫੋਟੋ। ਉਨ੍ਹਾਂ ਤਾਂ ਫੁੱਲੇ ਨੀ ਸਮਾਉਣਾ। ਉਹ ਤਾਂ ਤੇਰਾ ਬਾਹਲ਼ਾ ਈ ਮੋਹ ਕਰਦੇ ਨੇ।" ਬੀਬੀ ਨੇ ਮੈਨੂੰ ਚੇਤਾ ਕਰਵਾਇਆ ਸੀ।

ਜਦ ਮੈਂ ਆਪਣੇ ਨਤੀਜੇ ਬਾਰੇ ਬਾਪੂ ਜੀ ਨੂੰ ਦੱਸਿਆ ਤੇ ਅਖ਼ਬਾਰ ਵਿਚਲੀ ਫੋਟੋ ਵਖਾਈ ਤਾਂ ਖੁਸ਼ੀ ਨਾਲ ਉਨ੍ਹਾਂ ਦੀਆਂ ਅੱਖਾਂ ਵਿਚੋਂ ਪਾਣੀ ਵਹਿ ਤੁਰਿਆ।

"ਪੁੱਤ ਮਾਹੀ! ਪੜ੍ਹਨਾ ਨਾ ਛੱਡੀਂ, ਔਖਾ ਸੌਖਾ ਹੋ ਕੇ ਪੜ੍ਹਦਾ ਰਹੀਂ। ਔਕੜਾਂ ਹੀ ਬੰਦੇ ਨੂੰ ਟੀਸੀ 'ਤੇ ਪਹੁੰਚਣ 'ਚ ਸਹਾਈ ਹੁੰਦੀਆਂ।" ਉਨ੍ਹਾਂ ਮੇਰੀ ਪਿੱਠ ਪਲੋਸਦਿਆਂ ਨਸੀਹਤ ਵੀ ਦਿੱਤੀ ਸੀ।

ਜਦੋਂ ਸਕੂਲ ਵਾਲਿਆਂ ਮੈਨੂੰ ਸਕੂਲ ਸੱਦਿਆ ਸੀ ਅਤੇ ਸਵੇਰ ਦੀ ਸਭਾ ਵਿੱਚ ਸਾਰੇ ਸਕੂਲ ਦੇ ਵਿਦਿਆਰਥੀਆਂ ਸਾਹਮਣੇ ਹੈਡਮਾਸਟਰ ਸਾਹਿਬ ਨੇ ਮੇਰੀ ਕਾਮਯਾਬੀ ਬਾਰੇ ਦੱਸਿਆ ਤੇ ਮੇਰੇ ਵਾਂਗ ਹੋਣਹਾਰ ਵਿਦਿਆਰਥੀ ਬਣਨ ਦੀ ਗੱਲ ਕੀਤੀ ਤਾਂ ਮੈਂ ਜਿੰਵੇਂ ਸ਼ਰਮ ਨਾਲ ਪਾਣੀਓਂ ਪਾਣੀ ਹੋ ਰਿਹਾ ਸੀ। ਇੰਞ ਦਾ ਆਦਰ ਸਤਿਕਾਰ ਤਾਂ ਤੇ ਮੈਂ ਕਦੇ ਪਾਇਆ ਹੀ ਨਹੀਂ ਸੀ। ਤੇ ਮੇਰੀ ਜਾਚੇ ਮੈਂ ਕੋਈ ਵਾਧੂ ਮਾਅਰਕਾ ਨਹੀਂ ਮਾਰਿਆ ਸੀ। ਜਿਨਾ ਕੁ ਸਕੂਲੇ ਪੜ੍ਹਾਉਂਦੇ ਸੀ ਉਹ ਧਿਆਨ ਨਾਲ ਸੁਣਿਆ ਸਮਝਿਆ ਤੇ ਘਰ ਜਾ ਕੇ ਸਕੂਲ ਵਿੱਚ ਟੀਚਰਾਂ ਵਲੋਂ ਦਿੱਤਾ ਕੰਮ ਕਰ ਲਿਆ। ਤੇ ਬੱਸ, ਬਾਕੀ ਤਾਂ ਬੀਬੀ ਤੇ ਬਾਪੂ ਦੇ ਹੁਕਮ ਹੀ ਵਜਾਉਂਦਾ ਸੀ। ਤੇ ਜੇ ਕਿਤੇ ਵੱਡੇ ਵੀਰਾਂ ਨੇ ਕੋਈ ਕੰਮ ਕਹਿ ਦੇਣਾ ਤਾਂ ਨਾਂਹ ਮੈਂ ਕਦੇ ਉਨ੍ਹਾਂ ਨੂੰ ਵੀ ਨਹੀਂ ਸੀ ਕੀਤੀ। ਵੈਸੇ ਵੀ ਨਾਂਹ ਕਹਿਣਾ ਸ਼ੁਰੂ ਤੋਂ ਹੀ ਮੇਰੇ ਸੁਭਾਅ ਵਿੱਚ ਸ਼ਾਮਲ ਨਹੀਂ ਸੀ। ਸ਼ਾਇਦ ਇਸੇ ਕਰਕੇ ਹੀ...... ਮੈਂ ਸੋਚਾਂ ਵਿੱਚ ਡੁੱਬਾ ਹੋਇਆ ਸੀ ਜਦੋਂ ਹੈਡਮਾਸਟਰ ਸਾਹਿਬ ਆਪਣੀ ਬਾਂਹ ਮੇਰੇ ਦੁਆਲੇ ਵਲ਼ਾ ਮੈਨੂੰ ਆਪਣੇ ਦਫ਼ਤਰ ਵਿੱਚ ਲੈ ਗਏ, ਜਿਹਦੇ ਅੰਦਰ ਦਾਖਲ ਹੋਣਾ ਵਿਦਿਆਰਥੀਆਂ ਲਈ ਲਗਪਗ ਵਰਜਿਤ ਹੁੰਦਾ ਸੀ। ਤੇ

ਅੱਜ ਖ਼ੁਦ ਹੈਡਮਾਸਟਰ ਸਾਹਿਬ ਮੈਨੂੰ ਆਪਣੇ ਨਾਲ ਲਿਆਏ ਤੇ ਕੁਰਸੀ ਤੇ ਬੈਠਣ ਦਾ ਇਸ਼ਾਰਾ ਕੀਤਾ।

"ਨਹੀਂ ਸਰ ਜੀ! ਸ਼ੁਕਰੀਆ," ਮੈਂ ਖੜ੍ਹੇ ਨੇ ਹੀ ਜੁਆਬ ਦਿੱਤਾ।

"ਬੇਟਾ ਮਾਹੀਪਾਲ ਬੈਠੋ, ਝਕੋ ਨਾ," ਉਨ੍ਹਾਂ ਪਿਆਰ ਨਾਲ ਕਿਹਾ ਤਾਂ ਮੈਂ ਔਖਾ ਸੌਖਾ ਕੁਰਸੀ ਦੇ ਸਿਰੇ ਤੇ ਪਿੱਠ ਟਿਕਾ ਕੇ ਬੈਠਦਾ ਹੋ ਗਿਆ।

"ਬੇਟੇ ਹੁਣ ਅੱਗੋਂ ਕੀ ਵਿਚਾਰ ਹੈ ਤੁਹਾਡਾ? ਕਿੱਥੇ ਦਾਖਲਾ ਲੈਣਾ?" ਉਨ੍ਹਾਂ ਰਜਿਸਟਰ ਦੇ ਖੁਲ੍ਹੇ ਪਏ ਪੰਨੇ ਤੇ ਝਾਤੀ ਮਾਰਦਿਆਂ ਮੈਨੂੰ ਸੁਆਲ ਕੀਤਾ।

"ਅਜੇ ਤਾਂ ਕੁੱਝ ਸੋਚਿਆ ਨਹੀਂ ਸਰ ਜੀ, ਮੇਰੇ ਭਾਪਾ ਜੀ ਵੇਖੋ ਅਗਾਂਹ ਪੜ੍ਹਨ ਦੀ ਇਜਾਜ਼ਤ ਦੇਂਦੇ ਕਿ ਨਹੀਂ। ਅਜੇ ਕੋਈ ਗੱਲ ਨਹੀਂ ਕੀਤੀ ਉਨ੍ਹਾਂ ਨਾਲ," ਮੈਂ ਝਿਜਕਦੇ ਝਿਜਕਦੇ ਬੋਲਿਆ।

"ਬੇਟੇ, ਇੰਞ ਤਾਂ ਕਾਲਜ ਵਿੱਚ ਦਾਖਲਿਆਂ ਦਾ ਟਾਈਮ ਲੰਘ ਜਾਣਾ। ਹੁਣ ਤੁਹਾਨੂੰ ਛੇਤੀ ਫਾਰਮ ਮੰਗਵਾ ਕੇ ਭਰ ਕੇ ਜਮ੍ਹਾਂ ਕਰਵਾ ਦੇਣੇ ਚਾਹੀਦੇ ਨੇ। ਮੈਂ ਇੱਕ ਸਲਾਹ ਦੇਵਾਂ ਜੇ ਚੰਗੀ ਲੱਗੇ ਤਾਂ ਜ਼ਰੂਰ ਗੌਰ ਕਰ ਲੈਣਾ," ਹੈਡਮਾਸਟਰ ਸਾਹਿਬ ਨੇ ਕਿਹਾ।

"ਹਾਂ ਜੀ ਸਰ, ਦੱਸੋ।" ਮੈਂ ਉਤਸੁਕਤਾ ਵਖਾਉਂਦੇ ਪੁੱਛਿਆ।

"ਮਾਹੀਪਾਲ, ਜੇ ਤੂੰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਿੱਚ ਬੀ. ਐਸ. ਸੀ. ਐਗਰੀਕਲਚਰ ਕੋਰਸ ਵਿੱਚ ਐਡਮਿਸ਼ਨ ਲੈ ਲਵੇਂ ਤਾਂ ਮੇਰਾ ਖਿਆਲ ਹੈ ਤੇਰੇ ਲਈ ਬਿਹਤਰ ਰਹੇਗਾ। ਉੱਥੇ ਇੱਕ ਵਾਰ ਦਾਖਲ ਹੋ ਗਿਆ ਤਾਂ ਅੱਗੇ ਜਾ ਕੇ ਉਚੇਰੀ ਪੜ੍ਹਾਈ ਲਈ ਵੀ ਬੜੇ ਮੌਕੇ ਨੇ।"

"ਸਰ ਜੀ, ਮੈਨੂੰ ਤਾਂ ਬਹੁਤਾ ਪਤਾ ਨਹੀਂ ਜਿੰਵੇਂ ਤੁਸੀਂ ਕਹੋਗੇ ਕਰ ਲਵਾਂਗਾ।" ਮੈਂ ਆਜਜ਼ੀ ਨਾਲ ਕਿਹਾ।

"ਮੇਰਾ ਆਪਣਾ ਬੇਟਾ ਉੱਥੇ ਪੜ੍ਹਦਾ ਹੈ, ਮੈਂ ਉਹਨੂੰ ਕਵ੍ਹਾਂਗਾ ਕਿ ਤੇਰੇ ਲਈ ਦਾਖਲਾ ਫਾਰਮ ਲੈਂਦਾ ਆਵੇ। ਨਾਲੇ ਮੈਂ ਤੇਰੇ ਪਿਤਾ ਜੀ ਨਾਲ ਵੀ ਗੱਲ ਕਰਾਂਗਾ। ਔਖ ਸੌਖ ਹੋਈ ਤਾਂ ਮੈਂ ਮਦਦ ਲਈ ਤੇਰੇ ਨਾਲ ਖੜ੍ਹਾ ਹਾਂ। ਤੇਰੇ ਵਰਗੇ ਹੋਣਹਾਰ ਵਿਦਿਆਰਥੀ ਰੋਜ਼ ਰੋਜ਼ ਨਹੀਂ ਜੰਮਦੇ। ਤੂੰ ਸਾਡੇ ਸਕੂਲ ਦਾ ਤੇ ਸਾਰੇ ਸਟਾਫ਼ ਦਾ ਸਿਰ ਪੂਰੇ ਪੰਜਾਬ ਵਿੱਚ ਮਾਣ ਨਾਲ ਉੱਚਾ ਕੀਤਾ ਹੈ।......" ਹੈਡਮਾਸਟਰ ਸਾਹਿਬ ਹੋਰ ਕਈ ਕੁੱਝ ਕਹਿ ਗਏ ਜੋ ਭਾਵੁਕਤਾ ਵੱਸ ਸ਼ਾਇਦ ਮੈਂ ਪੂਰਾ ਨਾ ਸੁਣ ਸਕਿਆ। ਮੇਰਾ ਲੂੰਅ ਲੂੰਅ ਆਪਣੇ ਸਕੂਲ ਮੁੱਖੀ ਦੇ ਸਤਿਕਾਰ ਵਿੱਚ ਝੁੱਕਿਆ ਹੋਇਆ ਸੀ। ਇਨ੍ਹਾਂ ਦੀ ਅਗਵਾਈ ਸਦਕਾ ਮੈਂ ਆਪਣੇ ਪਿੰਡ ਦੇ ਪੇਂਡੂ ਮਾਹੌਲ ਵਿਚੋਂ ਨਿੱਕਲ ਘੁੱਗ ਵੱਸਦੇ ਸ਼ਹਿਰ ਲੁਧਿਆਣਾ ਦੀ ਯੂਨੀਵਰਸਿਟੀ ਵਿੱਚ ਪੜ੍ਹਾਈ ਕਰਨ ਪਹੁੰਚ ਗਿਆ। ਇਹ ਪੜ੍ਹਾਈ ਮੇਰੇ ਭਾਪਾ ਜੀ ਨੂੰ ਵੀ ਪਸੰਦ ਆਈ ਸੀ। ਕਹਿਣ ਲੱਗੇ, "ਚੱਲ ਵਧੀਆ ਢੰਗ ਨਾ ਖੇਤੀ ਕਰਨ ਦੀ ਜਾਚ ਸਿੱਖ ਆਊ। ਕਿਤੇ ਆਪਣੇ ਖੇਤਾਂ ਵਿੱਚ ਵੀ ਕਮਾਈ ਵਧੂ।" ਪ੍ਰੰਤੂ ਮੈਂ ਮੁੜ ਜ਼ਮੀਨ ਨਾਲ ਬਹੁਤਾ ਨਾ ਜੁੜ ਸਕਿਆ। ਹਾਂ, ਕਦੇ ਕਦਾਈਂ ਜੋ ਕੁੱਝ ਪੜ੍ਹਿਆ ਹੁੰਦਾ ਸੀ, ਮਸਲਨ ਖੇਤੀ ਕਰਨ ਦੇ ਨਵੀਨ ਢੰਗ ਤਰੀਕੇ, ਖਾਦਾਂ ਦੀ ਵਰਤੋਂ, ਕੀਟ-ਨਾਸ਼ਕਾਂ, ਨਵੇਂ ਬੀਜਾਂ ਤੇ ਹੋਰ ਕਈ ਗੱਲਾਂ ਆਪਣੇ ਭਰਾਵਾਂ ਨਾਲ ਸਾਂਝੀਆਂ ਕਰਦਾ। ਉਹ ਕੁੱਝ ਮੰਨ ਲੈਂਦੇ ਤੇ ਕੁੱਝ ਐਵੇਂ ਪੜ੍ਹਾਈ ਦੀਆਂ ਵਾਧੂ ਗੱਲਾਂ ਸਮਝ ਨਕਾਰ ਦੇਂਦੇ। ਯੂਨੀਵਰਸਿਟੀ ਵਿੱਚ ਵੀ ਮੈਂ ਲਗਪਗ ਪਹਿਲੇ ਨੰਬਰ ਤੇ ਹੀ ਰਹਿੰਦਾ ਰਿਹਾ। ਸੋ ਹਰ ਸਾਲ ਸਕਾਲਰਸ਼ਿਪ ਮਿਲਦਾ ਰਿਹਾ ਅਤੇ ਘਰਦਿਆਂ ਤੇ ਪੜ੍ਹਾਈ ਦੇ ਖਰਚੇ ਦਾ ਬੋਝ ਘਟਦਾ ਗਿਆ। ਮੈਂ ਪੜ੍ਹਾਈ ਦੇ ਨਾਲ ਨਾਲ ਵਿਹਲੇ ਸਮੇਂ ਵਿੱਚ ਟਿਊਸ਼ਨ ਵੀ ਪੜ੍ਹਾ ਦਿੰਦਾ ਸੀ ਤੇ ਜੇ ਹੋਰ ਵੀ ਕੋਈ ਕੰਮ ਮਿਲਦਾ ਤਾਂ ਕਰ ਲੈਂਦਾ ਸੀ। ਇਸ ਤਰ੍ਹਾਂ ਮੈਂ ਆਪਣਾ ਭਾਰ ਆਪ ਚੁੱਕ ਕੇ ਘਰਦਿਆਂ ਨੂੰ ਲਗਪਗ ਸੁਰਖ਼ਰੂ ਕਰ ਦਿੱਤਾ ਸੀ। ਡਾ. ਐਮ. ਪੀ. ਸਿੰਘ ਦੀਆਂ ਬੰਦ ਅੱਖਾਂ ਝਟਕੇ ਨਾਲ ਖੁੱਲ੍ਹੀਆਂ। ਉਹਦੀ ਅੱਖ ਦੇ ਕੋਏ ਵਿੱਚ ਆਈ ਤਰਲਤਾ ਉਹਨੂੰ ਆਪਣੇ ਅਤੀਤ ਦੀ ਯਾਦ ਵਿੱਚ ਗੋਤੇ ਲਵਾਉਣ ਦੀ ਪ੍ਰਤੀਕ ਜਾਪੀ। ਉਸ ਅੱਖਾਂ ਨੂੰ ਸਾਫ਼ ਕਰ ਐਨਕ ਲਗਾਈ ਤੇ ਸਾਹਮਣੇ ਪਈ ਚਿੱਠੀ ਨੂੰ ਪੜ੍ਹਨ ਲਗ ਪਿਆ।

"ਪੀ. ਚੈਟਰਜੀ, ਸਹਾਇਕ ਡਾਇਰੈਟਰ ਨੂੰ ਮੈਂ ਕਿੱਥੇ ਮਿਲਿਆ ਸੀ?" ਉਹ ਮੁੜ ਆਪਣੀ ਯਾਦਾਸ਼ਤ ਨੂੰ ਟਟੋਲਣ ਦਾ ਯਤਨ ਕਰਨ ਲਗ ਪਿਆ।

"ਖ਼ੈਰ! ਜੋ ਵੀ ਹੈ। ਇਨ੍ਹਾਂ ਦੀ ਚਿੱਠੀ ਦਾ ਜੁਆਬ ਤਾਂ ਦੇਣਾ ਬਣਦਾ। ਨਾਲੇ ਮਿਲ ਲੈਣ ਵਿੱਚ ਕੀ ਹਰਜ਼ ਹੈ?" ਇਹ ਸੋਚ ਉਹ ਆਪਣਾ ਰਾਇਟਿੰਗ ਪੈਡ ਕੱਢ ਚਿੱਠੀ ਦਾ ਜੁਆਬ ਲਿਖਣ ਬੈਠ ਗਿਆ। (ਚੱਲਦਾ...)



ਗੁਰਚਰਨ ਕੌਰ ਥਿੰਦ ਲੇਖਕ, ਸੋਸ਼ਲ ਐਕਟਿਵਿਸਟ ਅਤੇ ਰਿਟਾਇਰਡ ਅਧਿਆਪਕ ਹੈ। ਉਸਦੇ ਹੁਣ ਤੱਕ ਪੰਜ ਕਹਾਣੀ ਸੰਗ੍ਰਿਹ, ਚਾਰ ਨਾਵਲ (ਦੋ ਸਾਇੰਸ ਫਿਕਸ਼ਨ) ਦੋ ਲੇਖ-ਸੰਗ੍ਰਿਹ ਅਤੇ ਇੱਕ ਸਫ਼ਰਨਾਮਾ ਛੱਪ ਚੁੱਕਾ ਹੈ। ਇੱਕ ਹਿੰਦੀ ਵਿੱਚ ਅਨੁਵਾਦਤ ਕਹਾਣੀ ਸੰਗ੍ਰਿਹ ਅਤੇ ਇੱਕ ਨਾਵਲ ਅੰਗਰੇਜ਼ੀ ਵਿੱਚ ਛਪਿਆ ਹੈ। ਉਹ ਪਿੰਡ ਚੁਹਾਨ, ਜ਼ਿਲਾ ਅੰਮ੍ਰਿਤਸਰ ਤੋਂ ਹਨ ਤੇ ਅੱਜ-ਕੱਲ ਕੈਲਗਰੀ, ਕੈਨੇਡਾ ਵਿੱਚ ਰਹਿੰਦੇ ਹਨ।




## ਲੰਮਾ ਪੈਂਡਾ

ਚੰਦਰਮਾ ਦੇ ਕੋਲ਼ ਅੰਤਰਿਕਸ਼ ਦੁਆਰ ਦਾ ਨਿਰਮਾਣ ਮੰਗਲ ਤੇ ਹੋਰ ਗ੍ਰਹਿਆਂ ਵੱਲ ਜਾਣ ਵਾਲ਼ੇ ਅੰਤਰਿਕਸ਼ ਯਾਤਾ-ਯਾਤ ਨੂੰ ਸੌਖਾ ਬਣਾਉਣਾ ਸੀ। ਉਹ ਅੰਤਰਿਕਸ਼ ਯਾਨਾਂ ਤੇ ਰੌਕਟਾਂ ਨੀ ਉੱਨਤ ਰੋਬੋਟ ਤਕਨੀਕ, ਬਾਲਣ ਸ਼ਕਤੀ, ਤੇ ਹੋਰ ਸਹੂਲਤਾਂ ਪ੍ਰਦਾਨ ਕਰਦਾ ਸੀ। 'ਕਲਪਨਾ' ਯਾਨ ਦਾ ਨਿਰਮਾਣ ਵੀ ਉੱਥੇ ਹੀ ਹੋਇਆ ਸੀ।

ਕੈਪਟਨ ਰੌਬਰਟ ਸਿੰਘ, ਉਪ-ਕੈਪਟਨ ਰੀਨਾ ਸਿੰਘ, ਡਾ: ਚੰਦਰ ਸ਼ੇਖਰ, ਡਾ: ਥੌਮਸ ਤੇ ਬਾਕੀ ਦੇ ਹੋਰ ਅੰਤਰਿਕਸ਼ ਯਾਤਰੀ ਪਹੁੰਚ ਚੁੱਕੇ ਸਨ। ਮੁੱਖ ਮਿਸ਼ਨ ਕੰਟਰੋਲ ਪ੍ਰਿਥਵੀ 'ਤੇ ਸੀ, ਤੇ ਸਹਾਇਕ ਮਿਸ਼ਨ ਕੰਟਰੋਲ ਚੰਦਰਮਾ 'ਤੇ ਮੰਗਲ ਗ੍ਰਹਿ 'ਤੇ ਸਥਿੱਤ ਸੀ। ਉਸ ਤੋਂ ਬਾਅਦ ਬ੍ਰਹਿਸਪਤੀ, ਸ਼ਨੀ, ਵਰੁਣ ਤੇ ਪਲੂਟੋ ਦੇ ਕੋਲ਼ ਸੀਮਾ ਚੌਂਕੀਆਂ (Outposts) ਸਨ, ਜਿਨ੍ਹਾਂ ਦਾ ਕੰਮ ਅੰਤਰਿਕਸ਼ ਯਾਨ ਨੂੰ ਸਹੀ ਮਾਰਗ ਦਿਖਾਉਣ ਵਿੱਚ ਮਦਦ ਕਰਨਾ ਸੀ। ਕੈਪਟਨ ਰੌਬਰਟ ਸਿੰਘ, ਰੀਨਾ, ਯੂਰੀ, ਚਿੰਗ ਤੇ ਅਕੀਓ ਤੋਂ ਇਲਾਵਾ ਬਾਕੀ ਦੇ ਸਾਰੇ ਯਾਤਰੀਆਂ ਨੂੰ ਸਿਥਲਤਾ ਦੀ ਅਵਸਥਾ ਵਿੱਚ ਲਿਟਾ ਦਿੱਤਾ ਗਿਆ ਸੀ। ਇਹ ਕੋਈ ਨਵਾਂ ਪ੍ਰਯੋਗ ਨਹੀਂ ਸੀ, ਬ੍ਰਹਿਸਪਤੀ, ਸ਼ਨੀ ਤੇ ਸੌਰਮੰਡਲ ਦੇ ਕਿਨਾਰੇ ਤੱਕ ਗਏ ਮਨੁੱਖੀ-ਮਿਸ਼ਨਾਂ ਵਿੱਚ ਸਿਥਲਤਾ ਦਾ ਸਫ਼ਲਤਾ ਨਾਲ਼ ਪ੍ਰਯੋਗ ਕੀਤਾ ਗਿਆ ਸੀ ਜੋ ਕਿ ਅੰਤਰਿਕਸ਼ ਯਾਤਰੀਆਂ ਦੀ ਸਿਹਤ ਲਈ ਵੀ ਠੀਕ ਸਿੱਧ ਹੋਇਆ ਸੀ। ਪਰ ਉਸ ਸਿਥਲਤਾ ਇੱਕ-ਦੋ ਕੁ ਸਾਲਾਂ ਦੀ ਹੀ ਸੀ। ਦਸ ਸਾਲ ਤੋਂ ਉੱਪਰ ਸਿਥਲਤਾ ਦੀ ਅਵਸਥਾ ਪਹਿਲੀ ਵਾਰ ਵਰਤੀ ਜਾਣੀ ਸੀ। ਪਰ ਉਹਨਾਂ ਕੋਲ਼ ਹੋਰ ਕੋਈ ਚਾਰਾ ਵੀ ਨਹੀਂ ਸੀ, ਯਾਤਰੀਆਂ ਨੂੰ ਨੀਂਦ ਵਿੱਚ ਸੁਲਾ ਕੇ ਉਹਨਾਂ ਨੂੰ ਭੋਜਨ ਤੇ ਹੋਰ ਵਸਤੂਆਂ ਦੀ ਲੋੜ ਨਹੀਂ ਪਏਗੀ ਤੇ ਉਹ ਉਹਨਾਂ ਨੂੰ ਅੱਗੇ ਲਈ ਬਚਾ ਸਕਦੇ ਹਨ। ਨਾਲ਼ੇ ਵਿਗਿਆਨਕਾਂ ਦੀ ਟੀਮ ਦਸ ਸਾਲ ਦੀ ਯਾਤਰਾ ਤੋਂ ਬਾਅਦ ਬਿਨਾਂ ਕਿਸੇ ਥਕਾਵਟ ਦੇ, ਬਿਲਕੁਲ ਤਰੋ-ਤਾਜ਼ਾ ਤੇ ਸੁਚੇਤ ਉੱਠੇਗੀ।

25 ਮਾਰਚ, 2100 ਵੀਰਵਾਰ ਦਾ ਦਿਨ, ਜਦੋਂ ਪ੍ਰਿਥਵੀ ਸਥਿੱਤ ਹੈੱਡਕਵਾਟਰ ਤੋਂ 'ਕਲਪਨਾ' ਮਿਸ਼ਨ ਨੂੰ ਹਰੀ ਝੰਡੀ ਦਿੱਤੀ ਗਈ। ਕੈਪਟਨ ਰੌਬਰਟ ਸਿੰਘ ਤੇ ਕਲਪਨਾ ਦੀ ਪੂਰਾ ਅਮਲਾ ਤਿਆਰ-ਬਰ-ਤਿਆਰ ਸੀ।

'ਸਾਡੇ ਵਲੋਂ, ਕਲਪਨਾ ਦੇ ਸਾਰੇ ਸਿਸਟਮ ਚੈੱਕ ਕਰ ਲਏ ਗਏ ਹਨ ਤੇ ਅਸੀਂ ਤਿਆਰ ਹਾਂ ...', ਰੌਬਰਟ ਨੇ ਮਿਸ਼ਨ ਕੰਟਰੋਲ ਨੂੰ ਦੱਸਿਆ।

'ਠੀਕ ਹੈ ਸਾਡੇ ਵਲੋਂ ਤੁਹਾਨੂੰ ਇਜਾਜ਼ਤ ਹੈ, ਮੁੱਖ ਕੰਪਿਊਟਰ ਨੂੰ ਕਹੋ ਕਿ ਇੰਜਣ ਚਾਲੂ ਕਰ ਲਏ!' ਕੈਲੀਫੋਰਨੀਆ ਸਥਿੱਤ ਹੈੱਡਕਵਾਟਰ ਤੋਂ ਚੀਫ਼ ਸੰਜੇ ਨੇ ਜਵਾਬ ਦਿੱਤਾ।

'ਕੰਪਿਊਟਰ ਇੰਜਣ ਚਾਲੂ ਕਰੋ। ..', ਅਕੀਓ ਜੋ ਕਿ 'ਕਲਪਨਾ' ਦਾ ਚਾਲਕ ਸੀ ਨੇ ਮੁੱਖ ਕੰਪਿਊਟਰ ਨੂੰ ਆਦੇਸ਼ ਦਿੱਤਾ।

'ਚਲੋ ਹੁਣ ਉਲਟੀ ਗਿਣਤੀ ਸ਼ੁਰੂ ਕਰਦੇ ਹਾਂ। ਮੁੱਖ ਕੰਪਿਊਟਰ ਨੂੰ ਚੱਲਣ ਦਾ ਆਦੇਸ਼ ਦੇ ਦਿੱਤਾ ਗਿਆ ਹੈ।'

'... ਨਿਊਕਲੀਅਰ ਮੁੱਖ ਇੰਜਣ ਚਾਲੂ ਹੋ ਗਿਆ ਹੈ!'

'ਟੀ (T) ਮਨਫ਼ੀ 10 ...'

'9, 8, 7, 6, 5 ...'

'ਮੁੱਖ ਇੰਜਣ ਚਾਲੂ ਹੈ ਤੇ ਪ੍ਰਤੀਕਿਰਿਆ ਸ਼ੁਰੂ ਹੋ ਗਈ ਹੈ। ਸੂਰਜੀ ਬਾਦਬਾਨ ਵੀ ਖੁੱਲ੍ਹ ਗਿਆ ਹੈ, ਜੋ ਸੂਰਜ ਦੀ ਰੌਸ਼ਨੀ ਨਾਲ਼ ਯਾਨ ਨੂੰ ਸਹਾਰਾ ਦੇਵੇਗਾ। ਫ਼ੋਟੋਨ ਇੰਜਣ ਵੀ ਚੱਲ ਪਿਆ ਹੈ। ਬਾਕੀ ਸਾਰੇ ਸਿਸਟਮ ਵੀ ਤਿਆਰ ਹਨ। ...'

'4, 3, 2, 1, 0 ... ਤੇ ਉਡਾਣ ਸ਼ੁਰੂ'

'ਕਲਪਨਾ ਯਾਨ ਆਪਣੀ ਮੰਜ਼ਿਲ ਪ੍ਰਥਮ ਕਿੰਨਰ ਵੱਲ ਨੂੰ ਚੱਲ ਪਿਆ ਹੈ ...', ਕੈਪਟਨ ਰੌਬਰਟ ਸਿੰਘ ਤੇ ਖ਼ੁਸ਼ੀ ਨਾਲ਼ ਐਲਾਨ ਕੀਤਾ।

ਸਭ ਨੇ ਤਾੜੀਆਂ ਮਾਰ ਕੇ 'ਕਲਪਨਾ' ਨੂੰ ਸ਼ੁੱਭ ਇੱਛਾਵਾਂ ਦੇ ਕੇ ਵਿਦਾ ਕੀਤਾ!

ਮਨੁੱਖੀ ਜਾਤੀ ਦਾ ਸਿਤਾਰਿਆਂ ਤੱਕ ਪਹੁੰਚਣ ਦਾ ਸੁਪਨਾ ਪੂਰਾ ਹੋਣ ਜਾ ਰਿਹਾ ਸੀ, ਜੋ ਕਿ ਖ਼ੁਸ਼ੀ ਦੀਆਂ ਭਾਵਨਾਵਾਂ ਨਾਲ਼ ਭਰਪੂਰ ਸੀ, ਤੇ ਅੱਜ ਇਤਿਹਾਸ ਰਚਿਆ ਜਾ ਰਿਹਾ ਸੀ!

ਹਿਊਸਟਨ (ਟੈਕਸਾਸ, ਅਮਰੀਕਾ) ਦੀ ਟੀਮ ਹੁਣ ਮਿਸ਼ਨ ਨੂੰ ਕੰਟਰੋਲ ਕਰ ਰਹੀ ਸੀ ਤੇ ਮੁੱਖ ਕੰਪਿਊਟਰ ਨਾਲ਼ ਲਗਾਤਾਰ ਸੰਪਰਕ ਵਿੱਚ ਸੀ। ਕਲਪਨਾ ਯਾਨ ਆਪਣੇ ਦਸ ਸਾਲ ਤੋਂ ਵੀ ਉੱਪਰ ਲੰਮੇ ਪੈਂਡੇ 'ਤੇ ਚੱਲ ਪਿਆ ਸੀ ...

### ਕੈਪਟਨ ਦਾ ਰੋਜ਼ਨਾਮਚਾ (Log)

1 ਅਪ੍ਰੈਲ, 2100

ਸਾਨੂੰ ਚੰਦਰਮਾ ਦਾ ਅੰਤਰਿਕਸ਼ ਦੁਆਰ ਛੱਡਿਆਂ ਇੱਕ ਹਫ਼ਤਾ ਹੋ ਗਿਆ ਹੈ। ਇਹ ਇੱਕ ਹਫ਼ਤਾ ਇੰਨਾ ਵਿਅਸਤ ਸੀ ਕਿ ਮੈਂ ਡਾਇਰੀ ਲਿਖਣਾ ਹੀ ਭੁੱਲ ਗਿਆ। 'ਕਲਪਨਾ' ਦੇ ਵਿੱਚ ਉਡਾਣ ਭਰਨੀ ਇੱਕ ਅੱਲਗ ਕਿਸਮ ਦਾ ਅਨੁਭਵ ਹੈ! ਇੰਝ ਲਗਦਾ ਹੈ ਕਿ ਮੇਰੀਆਂ ਅੰਤਰਿਕਸ਼ ਉਡਾਣਾਂ ਦਾ ਸਾਰਾ ਪਿਛਲਾ ਤਜਰਬਾ ਤੇ ਸਿੱਖਿਆ ਕੋਈ ਮਾਅਨੇ ਨਹੀਂ ਰੱਖਦੀ। ਇਹ ਯਾਨ ਕਿੰਨਾ ਵਿਸ਼ਾਲ ਹੈ! ਇੰਝ ਮਹਿਸੂਸ ਹੋ ਰਿਹਾ ਹੈ ਕਿ ਇਹ ਜੀਵਤ ਵੀ ਹੈ। ਪਿਛਲੇ 150 ਸਾਲਾਂ ਦੇ ਅੰਤਰਿਕਸ਼ ਮਿਸ਼ਨਾਂ ਵਿੱਚੋਂ ਇਹੋ ਜਿਹਾ ਮਿਸ਼ਨ ਅਜੇ ਤੱਕ ਨਹੀਂ ਭੇਜਿਆ ਗਿਆ! ਰੀਨਾ ਨੂੰ ਵੀ ਅਜਿਹਾ ਹੀ ਮਹਿਸੂਸ ਹੋਇਆ ਸੀ। ਮੈਂ ਤੇ ਰੀਨਾ ਇੱਕ ਦੂਜੇ ਦੇ ਬਹੁਤ ਨੇੜੇ ਆ ਗਏ ਹਾਂ। ਇਹ ਚੰਗੀ ਗੱਲ ਹੈ ਕਿ ਸਾਡੇ ਵਿਚਕਾਰ ਚੰਗੀ ਦੋਸਤੀ ਹੋ ਗਈ ਹੈ, ਜੋ ਇੰਨੇ ਲੰਮੇ ਸਫ਼ਰ ਲਈ ਉਮੀਦ ਹੈ ਵਧੀਆ ਸਾਬਤ ਹੋਏਗੀ।

### ਕੈਪਟਨ ਦਾ ਰੋਜ਼ਨਾਮਚਾ

7 ਅਪ੍ਰੈਲ, 2100

'ਕਲਪਨਾ' ਅਰਾਮ ਨਾਲ਼ ਚੱਲ ਰਿਹਾ ਹੈ, ਅਜੇ ਇਸਨੇ ਆਪਣੀ ਪੂਰੀ ਸਪੀਡ ਨਹੀਂ ਫੜੀ ਕਿਉਂਕਿ ਇੰਨੀ ਤੇਜ਼ ਸਪੀਡ (ਪ੍ਰਕਾਸ਼ ਤੋਂ ਅੱਧੀ ਗਤੀ ਨਾਲ਼ ) ਨਾਲ਼ ਸੌਰ-ਮੰਡਲ ਵਿੱਚ ਚੱਲਣਾ ਮਤਲਬ ਖ਼ਤਰਿਆਂ ਨੂੰ ਦਾਅਵਤ ਦੇਣਾ। ਫੁੱਲ ਸਪੀਡ ਅਸੀਂ ਸੌਰ-ਮੰਡਲ ਨੂੰ ਲੰਘ ਕੇ ਹੀ ਦੱਬਾਂਗੇ। ਅਸੀਂ ਮੰਗਲ ਗ੍ਰਹਿ ਨੂੰ ਟੱਪ ਗਏ ਹਾਂ, ਪਰ ਉਸ ਤੋਂ ਕਾਫ਼ੀ ਦੂਰ ਤੋਂ ਹੋ ਕੇ ਨਿੱਕਲੇ ਤੇ ਹੁਣ ਬ੍ਰਹਿਸਪਤੀ ਵੱਲ ਨੂੰ ਵੱਧ ਰਹੇ ਹਾਂ, ਪਰ ਬ੍ਰਹਿਸਪਤੀ ਤੋਂ ਵੀ ਦੂਰ ਦੀ ਹੀ ਜਾਵਾਂਗੇ। ਪਰ ਹੋ ਸਕਦਾ ਹੈ ਸਾਨੂੰ 'ਕਲਪਨਾ' ਦੀ ਸਪੀਡ ਤੇਜ਼ ਕਰਨ ਲਈ ਬ੍ਰਹਿਸਪਤੀ ਦੇ ਗੁਰੁਤਾਕਰਸ਼ਣ ਦਾ ਸਹਾਰਾ ਲੈਣਾ ਪਏ! ਇਸ ਸਮੇਂ 'ਕਲਪਨਾ' ਦੇ ਸਿਰਫ਼ ਮਹੱਤਵਪੂਰਨ ਅਪ੍ਰੇਸ਼ਨ ਹੀ ਚੱਲ ਰਹੇ ਹਨ। 50 ਕਰੂ ਮੈਂਬਰ ਸਿਥਲਤਾ ਦੀ ਅਵਸਥਾ ਵਿੱਚ ਚੈਨ ਦੀ ਨੀਂਦ ਸੁੱਤੇ ਪਏ ਹਨ। ਕੀ ਉਹ ਸੁਪਨੇ ਵੀ ਦੇਖ ਰਹੇ ਹੋਣਗੇ? ਸ਼ਾਇਦ ਸਿਥਲਤਾ ਵਿੱਚ ਲੋਕ ਸੁਪਨੇ ਨਹੀਂ ਦੇਖਦੇ! ਕਦੇ ਕਦੇ ਮੈਂ ਸੋਚਦਾ ਹਾਂ ਕਿ ਉਹਨਾਂ ਲਈ ਕਿੰਨਾ ਸੌਖਾ ਹੈ, ਤੇ ਇੱਥੇ ਸਾਨੂੰ 'ਕਲਪਨਾ' ਯਾਨ ਵਿੱਚ ਦਸ ਸਾਲ ਤੋਂ ਵੀ ਜ਼ਿਆਦਾ ਲੰਮਾ ਸਫ਼ਰ ਕਰਨਾ ਪੈਣਾ ਹੈ! ਉਹਨਾਂ ਦੇ ਸਾਹ, ਨਬਜ਼ ਤੇ ਬਲੱਡ-ਪ੍ਰੈਸ਼ਰ ਨੂੰ ਮਾਪਣ ਲਈ ਈ.ਸੀ.ਜੀ. (ECG)

ਮਸ਼ੀਨਾਂ ਲੱਗੀਆਂ ਹੋਈਆਂ ਸਨ ਤੇ ਕੰਪਿਊਟਰ ਹਰ ਵਕਤ ਉਹਨਾਂ 'ਤੇ ਧਿਆਨ ਰੱਖ ਰਹੇ ਸਨ। ਜੇ ਕੋਈ ਗੜਬੜ ਹੋ ਜਾਏ ਤਾਂ ਅਲਾਰਮ ਵੱਜਣ ਲੱਗ ਪਏਗਾ। ਪਰ ਇਸ ਵੇਲੇ ਉਹ ਸਿਗਨਲ ਮੱਧਮ ਸਨ, ਕਿਉਂਕਿ ਸਿਥਲਤਾ ਦੀ ਅਵਸਥਾ ਵਿੱਚ ਹੋਣ ਕਰਕੇ ਉਹਨਾਂ ਦੇ ਸਰੀਰ ਵਿੱਚ ਸਿਰਫ਼ ਉੱਨੀ ਹੀ ਹਰਕਤ ਹੋ ਰਹੀ ਸੀ ਜਿੰਨੀ ਕਿ ਜੀਵਤ ਰਹਿਣ ਲਈ ਜ਼ਰੂਰੀ ਸੀ। ਮੈਂ ਕਦੇ ਸਿਥਲਤਾ ਦਾ ਅਨੁਭਵ ਨਹੀਂ ਕਰਿਆ। ਹੋ ਸਕਦਾ ਹੈ ਦੂਰ ਦੇ ਭਵਿੱਖ ਵਿੱਚ ਕਦੇ ਕਰਾਂਗਾ ਜਦੋਂ ਕਦੇ ਸੁਕੂਨ ਦੀ ਲੋੜ ਪਏਗੀ। ਹੁਣ ਤਾਂ ਬੱਸ ਸੌਂ ਕਿ ਹੀ ਸਾਰ ਲਈਏ। ਮੇਰੇ ਉੱਠਣ ਤੱਕ ਰੀਨਾ ਕੈਪਟਨ ਦਾ ਕੰਮ ਕਰੇਗੀ। ਅਸੀਂ ਦੋਵੇਂ ਵਾਰੀ-ਵਾਰੀ ਆਪਣੀ ਕੈਪਟਨ ਦੀ ਡਿਊਟੀ ਕਰ ਰਹੇ ਨ। ਮੈਨੂੰ ਰੀਨਾ ਨਾਲ਼ ਹੁਣ ਬਹੁਤਾ ਗੱਲ ਕਰਨ ਦਾ ਸਮਾਂ ਨਹੀਂ ਮਿਲ਼ਦਾ। ਸਿਰਫ਼ ਇੱਕ ਦੂਜੇ ਨੂੰ ਯਾਨ ਦੀ ਸਥਿਤੀ ਬਾਰੇ ਹੀ ਗੱਲਬਾਤ ਕਰੀਦੀ ਹੈ। ਸੌਣ ਦਾ ਇੱਕ ਫਾਇਦਾ ਹੈ ਕਿ ਸੁਪਨੇ ਦੇਖਣ ਨੂੰ ਮਿਲਦੇ ਹਨ। ਕਾਸ਼, ਮੈਨੂੰ ਰੀਨਾ ਨਾਲ਼ ਸੁਪਨੇ ਵਿੱਚ ਹੀ ਹੋਰ ਗੱਲਾਂ ਕਰਨ ਦਾ ਮੌਕਾ ਮਿਲ਼ ਜਾਏ!

## ਆਕਾਸ਼ੀ ਪਿੰਡਾਂ ਦੇ ਵਿੱਚੋਂ ਦੀ

ਦਿਨ, ਹਫ਼ਤੇ ਤੇ ਮਹੀਨੇ 'ਕਲਪਨਾ' ਆਪਣੀ ਮੰਜ਼ਿਲ ਵੱਲ ਉਡਿਆ ਜਾ ਰਿਹਾ ਸੀ। ਉਸਦਾ ਪੱਥ ਪਹਿਲਾਂ ਤੋਂ ਹੀ ਨਿਸ਼ਚਿਤ ਸੀ। ਉਹ ਮੰਗਲ ਪਾਰ ਕਰ ਚੁੱਕਿਆ ਸੀ ਤੇ ਹੁਣ ਬ੍ਰਹਿਸਪਤੀ ਵੱਲ ਨੂੰ ਜਾ ਰਿਹਾ ਸੀ। ਪਰ ਉਸਦੇ ਵਿਚਕਾਰ ਉਸਨੂੰ ਆਕਾਸ਼ੀ ਪਿੰਡਾਂ ਦੀ ਪੱਟੀ ਵਿੱਚੋਂ ਲੰਘਣਾ ਪੈਣਾ ਸੀ - ਜਿਸ ਵਿੱਚ ਕਰੋੜਾਂ ਦੀ ਗਿਣਤੀ ਵਿੱਚ ਵੱਡੇ ਛੋਟੇ ਆਕਾਸ਼ੀ ਪਿੰਡ ਵੱਸਦੇ ਹਨ।

ਮੰਗਲ ਤੇ ਬ੍ਰਹਿਸਪਤੀ ਦੇ ਦਰਮਿਆਨ ਇੱਕ ਬਹੁਤ ਵੱਡੀ ਆਕਾਸ਼ੀ ਪਿੰਡਾਂ ਦੀ ਪੱਟੀ ਹੈ, ਜਿਸ ਦੇ ਵਿੱਚ ਛੋਟੇ ਵੱਡੇ ਬਹੁਤ ਸਾਰੇ ਆਕਾਸ਼ੀ ਪਿੰਡ ਜਾਂ ਛੋਟੇ (ਵਾਮਨ) ਗ੍ਰਹਿ ਹਨ। ਆਕਾਸ਼ੀ ਪਿੰਡ, 4.6 ਅਰਬ ਸਾਲ ਪਹਿਲਾਂ ਸੌਰ ਮੰਡਲ ਦੇ ਬਣਨ ਤੇ ਵਿਕਸਿਤ ਹੋਣ ਤੋਂ ਬਚੇ ਹੋਏ ਮਲਬੇ ਦਾ ਹਿੱਸਾ ਹਨ। ਸਿਰੀਜ਼, ਜੋ ਕਿ ਇੱਕ ਵਾਮਨ ਗ੍ਰਹਿ (Dwarf Planet) ਹੈ, ਜਿਸਦਾ ਵਿਆਸ ਸਿਰਫ਼ 950 ਕਿਲੋਮੀਟਰ ਹੈ, ਵੀ ਇਸੇ ਪੱਟੀ ਵਿੱਚ ਸਥਿੱਤ ਹੈ। ਆਕਾਸ਼ੀ ਪਿੰਡਾਂ ਦੀ ਇਹ ਪੱਟੀ ਵੀ ਸੂਰਜ ਦੇ ਦੁਆਲ਼ੇ ਘੁੰਮਦੀ ਹੈ। ਸਿਰਫ ਚਾਰ ਹੀ ਵੱਡੇ ਆਕਾਸ਼ੀ ਪਿੰਡ ਹਨ, ਬਾਕੀ ਤਾਂ ਵੱਡੇ ਪਹਾੜਾਂ ਵਰਗੇ ਹੀ ਹਨ! ਉਹ ਪਿੰਡ ਵੈਸੇ ਇੱਕ ਦੂਜੇ ਤੋਂ ਵਿਰਲੇ ਸਥਿੱਤ ਹਨ। ਬਹੁਤ ਸਾਰੇ ਅੰਤਰਿਕਸ਼ ਯਾਨ ਇਹਨਾਂ ਦੇ ਵਿੱਚੋਂ ਦੀ ਅਰਾਮ ਨਾਲ਼ ਲੰਘ ਚੁੱਕੇ ਹਨ। ਪਰ ਫੇਰ ਵੀ ਉਹਨਾਂ ਆਕਾਸ਼ੀ ਪਿੰਡਾਂ ਨਾਲ਼ ਟੱਕਰ ਹੋਣ ਦਾ ਡਰ ਹਮੇਸ਼ਾਂ ਬਣਿਆ ਰਹਿੰਦਾ ਕਿਓਂਕਿ ਕਦੇ ਕਦੇ ਉਹ ਆਪਸ ਵਿੱਚ ਵੀ ਟਕਰਾ ਜਾਂਦੇ ਹਨ ਤੇ ਉਸ ਟਕਰਾ ਤੋਂ ਇੱਕ ਹੋਰ ਆਕਾਸ਼ੀ ਪਿੰਡ ਹੋਂਦ ਵਿੱਚ ਆ ਜਾਂਦਾ ਹੈ। ਜੇ ਇੱਕ ਛੋਟਾ ਜਿਹਾ ਵੀ ਆਕਾਸ਼ੀ ਪਿੰਡ 'ਕਲਪਨਾ' ਨਾਲ਼ ਟਕਰਾ ਜਾਵੇ ਤਾਂ ਉਸਨੂੰ ਪੂਰੀ ਤਰ੍ਹਾਂ ਤਹਿਸ ਨਹਿਸ ਕਰ ਸਕਦਾ ਹੈ! ਪਰ ਉਸਦੀ ਸੰਭਾਵਨਾ ਬਹੁਤ ਘੱਟ ਸੀ, ਕਿਉਂਕਿ ਆਮ ਤੌਰ 'ਤੇ ਆਕਾਸ਼ੀ ਪਿੰਡਾਂ ਦੇ ਦਰਮਿਆਨ ਦੂਰੀ ਹਜ਼ਾਰਾਂ ਤੋਂ ਲੱਖਾਂ ਕਿਲੋਮੀਟਰ ਸੀ, ਜਿਵੇਂ ਪ੍ਰਿਥਵੀ ਤੇ ਚੰਦਰਮਾ ਦਰਮਿਆਨ। ਇਸ ਕਰਕੇ ਕੈਪਟਨ ਰੌਬਰਟ ਸਿੰਘ ਇਸ ਗੱਲ ਦੀ ਕੋਈ ਚਿੰਤਾ ਨਹੀਂ ਸੀ। ਪਰ ਅਚਾਨਕ ਪ੍ਰਿਥਵੀ ਤੋਂ ਆਏ ਸੰਦੇਸ਼ ਨੇ ਉਸਨੂੰ ਚਿੰਤਾ ਵਿੱਚ ਪਾ ਦਿੱਤਾ। ਉਹ ਇੱਕ ਦੁਰਲਭ ਘਟਨਾ ਵੇਖਣ ਜਾ ਰਹੇ ਸਨ ਜੋ ਕਿ ਸਦੀਆਂ ਵਿੱਚ ਇੱਕ ਵਾਰ ਹੀ ਹੁੰਦੀ ਹੈ! ਉਹਨਾਂ ਦੇ ਉਲੀਕੇ ਹੋਏ ਰਸਤੇ 'ਤੇ ਦੋ ਆਕਾਸ਼ੀ ਪਿੰਡ ਆਪਸ ਵਿੱਚ ਟਕਰਾਉਣ ਵਾਲ਼ੇ ਸਨ ਤੇ ਉਹਨਾਂ ਨੂੰ 'ਕਲਪਨਾ' ਦਾ ਪੱਥ ਬਦਲਣਾ ਪੈਣਾ ਸੀ।

ਕੈਪਟਨ ਰੌਬਰਟ ਸਿੰਘ ਚਾਹ ਦੀਆਂ ਚੁਸਕੀਆਂ ਲੈ ਰਿਹਾ ਸੀ, ਜਦੋਂ ਅਕੀਓ ਨੇ ਆ ਕੇ ਉਸਨੂੰ ਇਹ ਖ਼ਬਰ ਦਿੱਤੀ।

'ਹੁਣੇ ਹੀ ਪ੍ਰਿਥਵੀ ਤੋਂ ਸੰਦੇਸ਼ ਆਇਆ ਹੈ ਕਿ ਦੋ ਆਕਾਸ਼ੀ ਪਿੰਡ ਕਲਪਨਾ ਦੇ ਮਿੱਥੇ ਪੱਥ 'ਤੇ ਟਕਰਾਉਣ ਵਾਲ਼ੇ ਹਨ। ਇਸ ਕਰਕੇ ਸਾਨੂੰ ਕਲਪਨਾ ਦਾ ਪੱਥ ਬਦਲਣਾ ਪੈਣਾ।'

'ਕਿਹੜੇ ਆਕਾਸ਼ੀ ਪਿੰਡ?' ਰੌਬਰਟ ਨੇ ਹੈਰਾਨੀ ਨਾਲ਼ ਪੁੱਛਿਆ।

'ਉਹਨਾਂ ਦਾ ਕੋਈ ਨਾਂ ਨਹੀਂ ਬੱਸ ਨੰਬਰ ਹੀ ਹਨ। ਵੱਡੇ ਅਕਸ਼ੀ ਪਿੰਡ ਦਾ ਨੰਬਰ 9745 ਹੈ।''

'ਓਹ, ਹੱਛਾ। ਫਿਰ ਤਾਂ ਸਾਨੂੰ ਜਲਦੀ ਨਾਲ਼ ਪਲੈਨ ਤਿਆਰ ਕਰਨਾ ਚਾਹੀਦਾ ਹੈ।'

'ਹਾਂ, ਪ੍ਰਿਥਵੀ ਤੋਂ ਉਹ ਸਾਨੂੰ ਜਲਦੀ ਹੀ ਅੱਲਗ ਰਸਤਾ ਉਲੀਕ ਕੇ ਭੇਜ ਦੇਣਗੇ। ਪਰ ਸਾਨੂੰ ਮੁੱਖ ਕੰਪਿਊਟਰ ਦੇ ਸਹਿਯੋਗ ਨਾਲ਼ ਆਪ ਵੀ ਅਲੱਗ ਰਸਤਾ ਲੱਭਣਾ ਚਾਹੀਦਾ ਹੈ, ਇਸ ਨਾਲ਼ ਦੋਵੇਂ ਰਸਤਿਆਂ ਦੀ ਪੁਸ਼ਟੀ ਵੀ ਹੋ ਜਾਵੇਗੀ ਤੇ ਮੁੱਖ ਕੰਪਿਊਟਰ ਦਾ ਟੈਸਟ ਵੀ ਹੋ ਜਾਵੇਗਾ, ਕਿਉਂਕਿ ਇੱਕ ਸਮਾਂ ਉਹ ਵੀ ਆਏਗਾ ਜਦੋਂ ਪ੍ਰਿਥਵੀ ਨਾਲ਼ ਸਾਡਾ ਸੰਪਰਕ ਘੰਟਿਆਂ, ਹਫ਼ਤਿਆਂ, ਮਹੀਨਿਆਂ ਤੇ ਫਿਰ ਸਾਲਾਂ ਬਾਅਦ ਹੀ ਹੋ ਸਕੇਗਾ, ਜਿਵੇਂ ਜਿਵੇਂ ਅਸੀਂ ਉਸ ਤੋਂ ਦੂਰ ਹੁੰਦੇ ਜਾਵਾਂਗੇ!'

'ਤੂੰ ਬਿਲਕੁਲ ਸਹੀ ਕਹਿ ਰਿਹਾ ਏਂ।'

ਅੰਤਰਿਕਸ਼ ਵਿੱਚ ਸਥਿੱਤ ਦੂਰਬੀਨ ਦੇ ਮਿਲ਼ੇ ਹੋਏ ਅੰਕੜਿਆਂ ਤੋਂ ਦੋ ਆਕਾਸ਼ੀ ਪਿੰਡਾਂ ਦੀ ਟੱਕਰ ਹੋਣ ਦਾ ਪਤਾ ਪ੍ਰਿਥਵੀ ਦੇ ਵਿਗਿਆਨਕਾਂ ਨੂੰ ਲੱਗਿਆ। ਪਹਿਲਾਂ ਤਾਂ ਉਹਨਾਂ ਨੇ ਉਸਤੇ ਨਹੀਂ ਗੌਰ ਕੀਤਾ ਪਰ ਫਿਰ ਜਦੋਂ ਉਸਦੀ ਜਗ੍ਹਾ 'ਕਲਪਨਾ' ਦੇ ਪੱਥ ਦੇ ਵਿੱਚ ਦਿਖੀ ਤਾਂ ਉਹਨਾਂ ਨੇ ਕੰਪਿਊਟਰ ਸਿਮੂਲੇਸ਼ਨ

ਨਾਲ਼ ਉਸਦੀ ਪੁਸ਼ਟੀ ਕੀਤੀ ਤੇ ਜਲਦੀ ਨਾਲ਼ 'ਕਲਪਨਾ' ਨੂੰ ਸੰਦੇਸ਼ ਭੇਜ ਦਿੱਤਾ। ਦੂਰਬੀਨ ਦੀ ਪਰਾ ਜਾਮਣੀ ਪ੍ਰਕਾਸ਼ ਦੂਰਬੀਨ ਨੇ ਇੱਕ ਆਕਾਸ਼ੀ ਪਿੰਡ ਦੇ ਬਹੁਤ ਸਾਰੇ ਚਿੱਤਰ ਲਏ ਜੋ ਕਿ ਚਮਕ ਰਿਹਾ ਸੀ ਤੇ ਜਿਵੇਂ ਕਿਸੇ ਬੋਦੀ ਵਾਲ਼ੇ ਤਾਰੇ (Comet) ਵਾਂਗੂ ਉਸਦੀ ਪੂਛ ਵੀ ਦਿਖ ਰਹੀ ਸੀ, ਉਸ ਆਕਾਸ਼ੀ ਪਿੰਡ ਤੇ ਕੋਈ ਗੈਸ ਨਹੀਂ ਸੀ ਜਿਸ ਕਰਕੇ ਉਹ ਕਿਸੇ ਬੋਦੀ ਵਾਲ਼ੇ ਤਾਰੇ ਵਾਂਗੂ ਉਸਦੀ ਪੂਛ ਬਰਫ਼ ਦੇ ਕਾਰਣ ਹੋ ਸਕਦੀ ਸੀ! ਫੇਰ ਉਸਦਾ ਹੋਰ ਵਿਸ਼ਲੇਸ਼ਣ ਕਰਨ ਤੋਂ ਬਾਅਦ ਪਰ ਲੱਗਾ ਕਿ ਉਹ ਇੱਕ ਛੋਟੇ ਆਕਾਸ਼ੀ ਪਿੰਡ ਦੇ ਟਕਰਾ ਤੋਂ ਉਤਪੰਨ ਹੋਇਆ ਗ਼ੁਬਾਰ ਸੀ। ਉਹਨਾਂ ਨੇ ਅਨੁਮਾਨ ਲਗਾਇਆ ਕਿ ਟੱਕਰ ਹੋਣ ਨਾਲ. 600,000 ਟੰਨ ਤੋਂ ਵੀ ਜ਼ਿਆਦਾ ਧੂੜ ਹਵਾ ਵਿੱਚ ਫੈਲ ਗਈ ਸੀ, ਜੋ ਕਿ ਪ੍ਰਿਥਵੀ ਦੇ ਕਿਸੇ 100 ਮੰਜ਼ਿਲ ਇਮਾਰਤ ਤੋਂ ਵੀ ਦੁੱਗਣੇ ਆਕਾਰ ਦੀ ਸੀ। ਪਰ ਉਸਤੋਂ ਬਾਅਦ ਹੋਰ ਵਿਸ਼ਲੇਸ਼ਣ ਕਰਨ ਤੇ ਪਤਾ ਲੱਗਾ ਕਿ ਉਸ ਆਕਾਸ਼ੀ ਪਿੰਡ ਨਾਲ਼ ਅਕਸਰ ਹੋਰ ਛੋਟੇ ਆਕਾਸ਼ੀ ਪਿੰਡ ਟਕਰਾਉਂਦੇ ਰਹਿੰਦੇ ਹਨ ਤੇ ਜਲਦੀ ਹੀ ਇੱਕ ਹੋਰ ਟੱਕਰ ਹੋਣ ਜਾ ਰਹੀ ਸੀ! ਬਚਾਓ ਦਾ ਪਹਿਲਾ ਚਰਣ ਇਹ ਪਤਾ ਹੋਣਾ ਹੈ ਕਿ ਸਾਡਾ ਆਕਾਸ਼ੀ ਪਿੰਡ ਦੇ ਟਕਰਾ ਤੋਂ ਉਪਜਣ ਹੋਣ ਵਾਲ਼ੇ ਪੱਥਰਾਂ ਨਾਲ਼ ਟਕਰਾ ਹੋ ਸਕਦਾ ਹੈ। ਅਕੀਓ ਨੇ ਮੁੱਖ ਕੰਪਿਊਟਰ ਨੂੰ ਵੀ ਦੂਜਾ ਰਸਤਾ ਲੱਭਣ ਲਈ ਆਦੇਸ਼ ਦੇ ਦਿੱਤਾ। ਦੂਜੇ ਦਿਨ ਪ੍ਰਿਥਵੀ ਤੋਂ ਵੀ ਦੂਜੇ ਰਸਤੇ ਦਾ ਨਕਸ਼ਾ ਆ ਗਿਆ ਤੇ ਅਕੀਓ ਨੇ ਉਹ ਮੁੱਖ ਕੰਪਿਊਟਰ ਦੇ ਅੰਦਾਜ਼ੇ ਨਾਲ਼ ਤੁਲਨਾ ਕੀਤੀ। ਦੋਵੇਂ ਤਕਰੀਬਨ ਇੱਕੋ ਜਿਹੇ ਹੀ ਸਨ, ਬਸ ਥੋੜ੍ਹਾ ਉੱਨੀ-ਇੱਕੀ ਦਾ ਹੀ ਫਰਕ ਸੀ। ਉਸਨੂੰ ਦੇਖ ਕੇ ਰੌਬਰਟ ਤੇ ਅਕੀਓ ਦੋਵਾਂ ਦੀ ਤੱਸਲੀ ਹੋ ਗਈ ਤੇ ਉਹਨਾਂ ਨੇ ਮੁੱਖ ਕੰਪਿਊਟਰ ਨੂੰ 'ਕਲਪਨਾ' ਦਾ ਰੁੱਖ ਨਵੇਂ ਰਸਤੇ 'ਤੇ ਪਾਉਣ ਲਈ ਆਦੇਸ਼ ਦੇ ਦਿੱਤਾ। ਮੁੱਖ ਕੰਪਿਊਟਰ ਨੇ ਉਵੇਂ ਹੀ ਕੀਤਾ ਤੇ ਹੁਣ ਉਹ ਨਵੇਂ ਰਸਤੇ 'ਤੇ ਪੈ ਗਏ ਸਨ।

ਉਹ ਸ਼ਕਤੀਸ਼ਾਲੀ ਦੂਰਬੀਨ ਦੀ ਮਦਦ ਨਾਲ਼ ਆਕਾਸ਼ੀ ਪਿੰਡ 9745 'ਤੇ ਨਿਗ੍ਹਾ ਰੱਖ ਰਹੇ ਸਨ। ਉਹ ਆਕਾਸ਼ੀ ਪਿੰਡ 'ਤੇ ਬੜੇ ਧਿਆਨ ਨਾਲ਼ ਨਿਗ੍ਹਾ ਰੱਖ ਰਹੇ ਸਨ। 9745 ਸੂਰਜ ਵਾਂਗ ਚਮਕ ਰਿਹਾ ਸੀ ਜੋ ਕਿ ਉਸਦੀ ਬਣਾਵਟ ਵਿੱਚ ਧਾਤਾਂ ਤੇ ਰਵੇ ਦੇ ਮਿਸ਼ਰਣ ਕਰਕੇ ਸੀ। ਛੋਟੇ ਆਕਾਸ਼ੀ ਪਿੰਡ ਦੀ ਟੱਕਰ ਹੋਣ ਕਰਕੇ ਉਸਦੇ ਅੱਗੇ ਧੁੰਦਲਾ ਜਿਹਾ ਗ਼ੁਬਾਰ ਤੇ ਪਿੱਛੇ ਇੱਕ ਲੰਬੀ ਪੂਛ ਸੀ ਜੋ ਕਿ ਗ਼ੁਬਾਰ ਤੋਂ ਹੀ ਬਣੀ ਸੀ। ਆਕਾਸ਼ੀ ਪਿੰਡ ਗੋਲ਼ ਨਹੀਂ ਸੀ ਸਗੋਂ ਆਮ ਆਕਾਸ਼ੀ ਪਿੰਡਾਂ ਵਰਗਾ ਟੇਢਾ-ਮੇਢਾ ਸੀ। ਉਹ ਤੇਜ਼ੀ ਨਾਲ਼ ਲੱਗਭੱਗ 20 ਕਿਲੋਮੀਟਰ ਪ੍ਰਤੀ ਸਕਿੰਟ ਚੱਲ ਰਿਹਾ ਸੀ। ਉਹ ਉਸਤੋਂ ਤਕਰੀਬਨ 1000 ਕਿਲੋਮੀਟਰ ਦੂਰ ਸਨ, ਜੋ ਕਿ ਹੋਣ ਵਾਲ਼ੇ ਸੰਭਾਵੀ ਟਕਰਾ ਦੇ ਮਲਵੇ ਤੋਂ ਸਹੀ ਦੂਰੀ ਸੀ। ਛੋਟੇ ਆਕਾਸ਼ੀ ਪਿੰਡ ਦੀ 9745 ਦੇ ਨਾਲ਼ ਟੱਕਰ ਦੇ ਸਮੇਂ ਅੱਖਾਂ ਨੂੰ ਚੁੰਧਿਆ ਦੇਣ ਵਾਲ਼ਾ ਧਮਾਕਾ ਹੋਇਆ। 'ਕਲਪਨਾ' ਦੀ ਪੂਰੀ ਟੀਮ ਸਾਵਧਾਨ ਹੋ ਕੇ ਉਸਨੂੰ ਦੇਖ ਰਹੀ ਸੀ। ਇੰਝ ਲੱਗ ਰਿਹਾ ਸੀ 9745 ਛੋਟੇ ਛੋਟੇ ਟੁਕੜਿਆਂ ਵਿੱਚ ਟੁੱਟ ਗਿਆ ਸੀ, ਉਹਨਾਂ ਨੂੰ ਸਿਰਫ਼ ਗੈਸ ਦਾ ਗ਼ੁਬਾਰ ਹੀ ਨਜ਼ਰ ਆ ਰਿਹਾ ਸੀ। 'ਕਲਪਨਾ' ਦੀ ਦੂਰਬੀਨ ਵਿਚਲੇ ਕੈਮਰੇ ਉਸਦੇ ਲਗਾਤਾਰ ਚਿੱਤਰ ਲੈ ਰਹੇ ਸਨ ਤੇ ਮੁੱਖ ਕੰਪਿਊਟਰ ਨੂੰ ਦੇ ਰਹੇ ਸਨ। ਪ੍ਰਿਥਵੀ 'ਤੇ ਵੀ ਵਿਗਿਆਨਕ ਇਹ ਘਟਨਾ ਦੇਖ ਰਹੇ ਸਨ ਤੇ ਉਸਦਾ ਨਾਲੋਂ ਨਾਲ਼ ਵਿਸ਼ਲੇਸ਼ਣ ਕਰ ਰਹੇ ਸਨ।

ਅਚਾਨਕ ਮੁੱਖ ਕੰਪਿਊਟਰ ਨੇ ਖਤਰੇ ਦੀ ਘੰਟੀ ਵਜਾ ਦਿੱਤੀ। ਇੱਕ ਵੱਡਾ ਪੱਥਰ ਜੋ ਕਿ ਤਕਰੀਬਨ 100 ਕੁ ਮੀਟਰ ਚੋੜਾ ਸੀ, 'ਕਲਪਨਾ' ਵੱਲ ਨੂੰ ਤੇਜ਼ੀ ਨਾਲ਼ ਵੱਧ ਰਿਹਾ ਸੀ। ਮੁੱਖ ਕੰਪਿਊਟਰ ਨੇ 'ਕਲਪਨਾ' ਤੇ ਉਸ ਪੱਥਰ ਦੀ ਤੇਜ਼ ਗਤੀ ਦਾ ਅਨੁਮਾਨ ਲਗਾ ਕੇ ਹੀ ਖਤਰੇ ਦੀ ਘੋਸ਼ਣਾ ਕੀਤੀ ਸੀ। ਉਹ ਪੱਥਰ ਪੰਦਰਾਂ ਮਿੰਟਾਂ ਵਿੱਚ 'ਕਲਪਨਾ' ਨਾਲ਼ ਟਕਰਾਉਣ ਜਾ ਰਿਹਾ ਸੀ! ਉਹਨਾਂ ਨੂੰ ਜਲਦੀ ਨਾਲ਼ ਕੁੱਝ ਕਰਨਾ ਪੈਣਾ ਸੀ ਤੇ 'ਕਲਪਨਾ' ਦਾ ਰਸਤਾ ਇੱਕ ਵਾਰ ਫੇਰ ਬਦਲਣਾ ਪੈਣਾ ਸੀ। ਪਰ ਉਹਨਾਂ ਕੋਲ਼ ਕੋਈ ਬਹੁਤਾ ਵਕਤ ਨਹੀਂ ਸੀ। ਕੈਪਟਨ ਰੌਬਰਟ ਸਿੰਘ ਨੇ 'ਕੋਡ ਰੈੱਡ' ਦਾ ਐਲਾਨ ਕਰ ਦਿੱਤਾ। ਪੰਜੇ ਕਰੂ ਮੈਂਬਰਾਂ ਨੇ ਆਪਣੀਆਂ ਆਪਣੀਆਂ ਸੀਟਾਂ ਸੰਭਾਲ ਲਈਆਂ।

'ਯੂਰੀ, ਜਲਦੀ ਨਾਲ਼ 'ਬਿਗ ਬਲਾਸਟਰ ਗੰਨ' ਲੋਡ ਕਰੋ, ਸਾਨੂੰ ਜਲਦੀ ਨਾਲ਼ ਉਸ ਪੱਥਰ ਨੂੰ ਆਪਣੇ ਰਸਤੇ ਤੋਂ ਹਟਾ ਦੇਣਾ ਚਾਹੀਦਾ ਹੈ। ਮਿਜ਼ਾਇਲ ਫਾਇਰ ਕਰਨ ਦੀ ਤਿਆਰੀ ਕਰੋ।' ਕੈਪਟਨ ਸਿੰਘ ਨੇ ਯੂਰੀ ਨੂੰ ਹੁਕਮ ਦਿੱਤਾ।

'ਸਰ, ਠੀਕ ਹੈ।' ਯੂਰੀ ਨੇ ਜਲਦੀ ਨਾਲ਼ ਮਿਜ਼ਾਇਲ ਤੋਪ ਲੋਡ ਕਰ ਦਿੱਤੀ।

'ਅਕੀਓ ਮੁੱਖ ਕੰਪਿਊਟਰ ਤੋਂ ਜਲਦੀ ਨਾਲ਼ ਪੱਥਰ ਦੀ ਸਥਿਤੀ ਦਾ ਜਾਇਜ਼ਾ ਲਓ।'

ਅਕੀਓ ਨੇ ਜਲਦੀ ਨਾਲ਼ ਮੁੱਖ ਕੰਪਿਊਟਰ ਨੂੰ ਆਦੇਸ਼ ਦਿੱਤਾ ਤੇ ਉਸਨੇ ਪੱਥਰ ਦੇ ਨਿਰਦੇਸ਼ਾਂਕ ਦਾ ਹਿਸਾਬ ਲਾ ਦਿੱਤਾ। ਜੋ ਕਿ ਯੂਰੀ ਨੇ ਮਿਜ਼ਾਇਲ ਤੋਪ ਨੂੰ ਦੇ ਦਿੱਤੇ।

'ਫਾਇਰ!!!'

ਕੈਪਟਨ ਦੇ ਹੁਕਮ 'ਤੇ ਯੂਰੀ ਨੇ ਫਾਇਰ ਕਰ ਦਿੱਤਾ। ਮਿਜ਼ਾਇਲ ਪਲਕ ਝਪਕਦੇ ਹੀ ਉਹਨਾਂ ਵੱਲ ਵਧ ਰਹੇ ਪੱਥਰ ਨਾਲ਼ ਜਾ ਟਕਰਾਈ।

ਇੱਕ ਧਮਾਕਾ ਹੋਇਆ ਤੇ ਉਹਨਾਂ ਵੱਲ ਵਧ ਰਿਹਾ ਪੱਥਰ ਟੁਕੜੇ-ਟੁਕੜੇ ਹੋ ਕਿ ਮਿੱਟੀ ਦਾ ਗ਼ੁਬਾਰ ਬਣ ਗਿਆ।

ਹੁਣ 'ਕਲਪਨਾ' ਨੂੰ ਕੋਈ ਖਤਰਾ ਨਹੀਂ ਸੀ।

'ਬਹੁਤ ਵਧੀਆ! ਖਤਰਾ ਟਲ ਗਿਆ ਲਗਦਾ ਹੈ।' ਕੈਪਟਨ ਨੇ ਖ਼ੁਸ਼ੀ ਵਿੱਚ ਆਖਿਆ - 'ਇੱਕ ਪਲ ਲਈ ਤਾਂ ਸਾਨੂੰ 'ਕਲਪਨਾ' ਦੀ ਚਿੰਤਾ ਹੋ ਗਈ ਸੀ, ਕਿ ਪੱਥਰ ਦੇ ਟਕਰਾ ਕਾਰਣ ਕੋਈ ਵੱਡਾ ਨੁਕਸਾਨ ਹੀ ਨਾ ਹੋ ਜਾਵੇ।

ਥੋੜ੍ਹੇ ਸਮੇਂ ਬਾਅਦ, 'ਕਲਪਨਾ' 9745 ਅਕਸ਼ੀ ਪਿੰਡ ਤੋਂ ਬਹੁਤ ਦੂਰ ਹੋ ਗਿਆ ਸੀ। ਉਹ ਹੁਣ ਦੂਰਬੀਨ ਵਿੱਚ ਦੇਖਣ ਨਾਲ਼ ਇੱਕ ਛੋਟੇ ਜਿਹੇ ਸਿਤਾਰੇ ਵਰਗਾ ਦਿਖ ਰਿਹਾ ਸੀ। ਹੁਣ ਉਹਨਾਂ ਦੇ ਆਸਪਾਸ ਕੋਈ ਆਕਾਸ਼ੀ ਪਿੰਡ ਨਹੀਂ ਸੀ, ਉਹ ਆਕਾਸ਼ੀ ਪਿੰਡਾਂ ਦੀ ਪੱਟੀ ਪਾਰ ਕਰ ਗਏ ਸਨ ਤੇ ਮੁੜ ਤੋਂ ਇਕੱਲੇ ਸਨ। ਜਦ ਤੱਕ ਉਹ ਬ੍ਰਹਿਸਪਤੀ ਤੇ ਉਸਦੇ ਉਪਗ੍ਰਹਿਆਂ ਕੋਲ਼ ਨਹੀਂ ਪਹੁੰਚ ਜਾਂਦੇ।

## ਸੌਰ ਮੰਡਲ ਦੀ ਹੱਦ

ਹੁਣ 'ਕਲਪਨਾ' ਬ੍ਰਹਿਸਪਤੀ 'ਤੇ ਉਸਦੇ ਉਪਗ੍ਰਹਿਆਂ ਦੇ ਲਾਗੇ ਪਹੁੰਚ ਗਿਆ ਸੀ। ਸੂਰਜ ਦਾ ਪੰਜਵਾਂ ਗ੍ਰਹਿ, ਸੌਰ ਮੰਡਲ ਦਾ ਨਿਸ਼ਚੇ ਹੀ ਸਭ ਤੋਂ ਵੱਡਾ ਗ੍ਰਹਿ, ਆਪਣੇ ਆਪ ਵਿੱਚ ਇੱਕ ਮਿਨੀ ਸੌਰ ਮੰਡਲ ਸੀ, ਜਿਸਦੇ 60 ਤੋਂ ਵੀ ਜ਼ਿਆਦਾ ਉਪਗ੍ਰਹਿ ਸਨ। ਬ੍ਰਹਿਸਪਤੀ ਦੀ ਬਦੌਲਤ ਹੀ ਪ੍ਰਿਥਵੀ, ਮੰਗਲ ਤੇ ਹੋਰ ਗ੍ਰਹਿ ਆਕਾਸ਼ੀ ਪਿੰਡਾਂ ਦੀ ਪੱਟੀ ਤੋਂ ਬਚ ਰਹੇ ਹਨ। ਕਿਉਂਕਿ ਸੂਰਜ ਦੀ ਗੁਰੂਤਾਕਰਸ਼ਣ ਖਿੱਚ ਆਕਾਸ਼ੀ ਪਿੰਡਾਂ ਨੂੰ ਆਪਣੇ ਵੱਲ ਖਿੱਚਦੀ ਹੈ ਪਰ ਬ੍ਰਹਿਸਪਤੀ ਦੀ ਗੁਰੂਤਾਕਰਸ਼ਣ ਖਿੱਚ ਆਕਾਸ਼ੀ ਪਿੰਡਾਂ ਦੇ ਜ਼ਿਆਦਾ ਕੋਲ਼ ਹੋਣ ਕਰਕੇ ਉਹਨਾਂ ਨੂੰ ਸੂਰਜ ਵੱਲ ਨੂੰ ਜਾਣ ਨਹੀਂ ਦਿੰਦੀ।

'ਕਲਪਨਾ' ਦੇ ਚਬੂਤਰੇ 'ਤੇ ਖੜਾ ਕੈਪਟਨ ਰੌਬਰਟ ਸਿੰਘ ਆਪਣੇ ਸਾਹਮਣੇ ਸੋਨੇ ਰੰਗੇ ਵਿਸ਼ਾਲ ਬ੍ਰਹਿਸਪਤੀ ਨੂੰ ਹੈਰਾਨੀ ਨਾਲ਼ ਦੇਖ ਰਿਹਾ ਸੀ। ਉਹ ਉਸਤੋਂ ਅਜੇ ਕਾਫ਼ੀ ਦੂਰ ਸਨ ਤੇ ਉਹਨਾਂ ਦੀ ਮੰਜ਼ਿਲ ਬ੍ਰਹਿਸਪਤੀ ਨਹੀਂ ਸੀ। ਉਸੇ ਵੇਲੇ ਅਕੀਓ ਵੀ ਉੱਥੇ ਪਹੁੰਚ ਗਿਆ।

'ਯੋਜਨਾ ਦੇ ਅਨੁਸਾਰ ਸਾਨੂੰ ਬ੍ਰਹਿਸਪਤੀ ਦੇ ਗੁਰੁਤਾਕਰਸ਼ਣ ਦੇ ਗੁਲੇਲ ਪ੍ਰਭਾਵ ਨਾਲ਼ ਕਲਪਨਾ ਦੀ ਸਪੀਡ ਤੇਜ਼ ਕਰਨ ਲਈ ਤਿਆਰ ਰਹਿਣਾ ਚਾਹੀਦਾ ਹੈ।'

'ਹਾਂ, ਮੁੱਖ ਕੰਪਿਊਟਰ ਤਿਆਰ ਹੈ। ਅਸੀਂ ਜਲਦੀ ਹੀ ਬ੍ਰਹਿਸਪਤੀ ਦੇ ਘੇਰੇ ਵਿੱਚ ਪਹੁੰਚਣ ਤੋਂ ਪਹਿਲਾਂ ਗੁਰੁਤਾਕਰਸ਼ਣ ਗੁਲੇਲ ਪ੍ਰਭਾਵ ਨਾਲ਼ ਕਲਪਨਾ ਦੀ ਸਪੀਡ ਨੂੰ ਹੁਲਾਰਾ ਦੇ ਦਵਾਂਗੇ।'

ਜਿਸ ਤਰ੍ਹਾਂ ਹੀ 'ਕਲਪਨਾ' ਬ੍ਰਹਿਸਪਤੀ ਦੇ ਗੁਰੁਤਾਕਰਸ਼ਣ ਘੇਰੇ ਵਿੱਚ ਪਹੁੰਚਿਆ, ਅਕੀਓ ਨੇ ਮੁੱਖ ਕੰਪਿਊਟਰ ਨੂੰ ਆਦੇਸ਼ ਦੇ ਦਿੱਤਾ ਤੇ ਉਸਨੇ 'ਕਲਪਨਾ' ਨੂੰ ਬ੍ਰਹਿਸਪਤੀ ਦੇ ਗ੍ਰਹਿ-ਪੱਥ ਦੀ ਦਿਸ਼ਾ ਵਿੱਚ ਕਰ ਦਿੱਤਾ, ਜਿਸ ਨਾਲ਼ 'ਕਲਪਨਾ' ਨੂੰ ਗ੍ਰਹਿ-ਪੱਥ ਦਾ ਆਵੇਗ (Orbital Momentum) ਮਿਲਣ ਕਰਕੇ 'ਕਲਪਨਾ' ਦੀ ਸਪੀਡ ਹੋਰ ਵੀ ਤੇਜ਼ ਹੋ ਗਈ। ਪਰ ਉਸਦੀ ਸਪੀਡ ਹੋਰ ਵੀ ਤੇਜ਼ ਕਰਨ ਲਈ ਉਹਨਾਂ ਨੇ 'ਕਲਪਨਾ' ਨਿਊਕਲੀਅਰ ਇੰਜਣ ਦੀ ਵੀ ਫੁੱਲ ਸਪੀਡ ਚੱਕ ਦਿੱਤੀ। ਇਸ ਤਰ੍ਹਾਂ ਯਕਦਮ 'ਕਲਪਨਾ' ਨੂੰ ਅਤਿ-ਰਫ਼ਤਾਰ ਮਿਲ਼ੀ ਤੇ ਉਹ ਥੋੜ੍ਹੇ ਸਮੇਂ ਲਈ ਪ੍ਰਕਾਸ਼ ਨਾਲੋਂ ਅੱਧੀ ਰਫ਼ਤਾਰ ਤੋਂ ਵੀ ਕਿਤੇ ਜ਼ਿਆਦਾ ਹੋ ਗਈ! ਜਿਸਦਾ ਫ਼ਾਇਦਾ ਇਹ ਹੋਇਆ ਕਿ 'ਕਲਪਨਾ' ਨੂੰ ਸੌਰ-ਮੰਡਲ ਦੀ ਹੱਦ ਪਾਰ ਕਰਨ ਲਈ ਮਦਦ ਮਿਲ਼ ਗਈ ਜੋ ਕਿ ਬਹੁਤ ਹੀ ਜ਼ਰੂਰੀ ਸੀ।

ਇੰਨੀ ਅਤਿ-ਤੇਜ਼ ਰਫ਼ਤਾਰ ਨਾਲ਼ ਉਹਨਾਂ ਦੇ ਦਿਮਾਗ਼ 'ਤੇ ਸਰੀਰ 'ਤੇ ਬਹੁਤ ਜ਼ੋਰ ਪਿਆ। ਪਰ ਉਹਨਾਂ ਨੇ ਆਪਣੀਆਂ ਸੀਟ-ਬੈਲਟਾਂ ਪਹਿਲਾਂ ਹੀ ਬੰਨ੍ਹ ਲਈਆਂ ਸਨ ਤੇ ਯਾਨ ਦੇ ਵਿੱਚ ਹੋਰ ਵੀ ਖੁਲ੍ਹੀਆਂ ਚੀਜ਼ਾਂ ਜਿਵੇਂ ਖਾਣਾ ਢੋਣ ਵਾਲ਼ੀਆਂ ਰੇੜ੍ਹੀਆਂ ਆਦਿ ਨੂੰ ਚੰਗੀ ਤਰ੍ਹਾਂ ਬੰਨ੍ਹ ਦਿੱਤਾ ਸੀ ਜਾਂ ਅਲਮਾਰੀਆਂ ਵਿੱਚ ਰੱਖ ਦਿੱਤਾ ਸੀ।

'ਹੁਣ ਸਾਡਾ ਯਾਨ ਸੌਰ ਮੰਡਲ ਛੱਡ ਕੇ ਊਰਟ ਬੱਦਲ (Oort Cloud) ਵਿੱਚ ਪਹੁੰਚ ਗਿਆ ਹੈ।' ਅਕੀਓ ਨੇ ਰੌਬਰਟ ਨੂੰ ਦੱਸਿਆ।

'ਵਾਹ, ਇਹ ਤਾਂ ਬਹੁਤ ਵਧੀਆ ਹੋਇਆ। ਸਾਨੂੰ ਊਰਟ ਬੱਦਲਾਂ ਵਿੱਚ ਥੋੜ੍ਹਾ ਧਿਆਨ ਨਾਲ਼ ਚੱਲਣਾ ਪਏਗਾ। ਕਿਉਂਕਿ ਊਰਟ ਬੱਦਲਾਂ ਵਿੱਚ ਸਾਨੂੰ ਬਰਫ਼ੀਲੇ ਆਕਾਸ਼ੀ ਪਿੰਡ, ਧੂਮਕੇਤੂ ਆਦਿ ਮਿਲ਼ ਸਕਦੇ ਹਨ।'

'ਹਾਂ, ਬਿਲਕੁਲ ਸਹੀ। ਲੰਬੇ ਗ੍ਰਹਿ-ਪੱਥ ਵਾਲ਼ੇ ਧੂਮਕੇਤੂ ਜਿਵੇਂ ਹੇਲੀ ਇੱਥੋਂ ਹੀ ਨਿੱਕਲਦੇ ਹਨ। ਹੇਲੀ ਧੂਮਕੇਤੂ ਪ੍ਰਿਥਵੀ ਵੱਲ 75 ਸਾਲਾਂ ਵਿੱਚ ਸਿਰਫ਼ ਇੱਕ ਵਾਰ ਹੀ ਆਉਂਦਾ ਹੈ। ਅਸੀਂ ਪ੍ਰਿਥਵੀ ਤੋਂ 10,000 ਖਗੋਲੀ ਮਾਤ੍ਰਕ (AU) ਦੂਰ ਪਹੁੰਚ ਗਏ ਹਾਂ। ਸਾਨੂੰ ਨਹੀਂ ਪਤਾ ਕਿ ਊਰਟ ਬੱਦਲ ਕਿੰਨਾ ਕੁ ਵੱਡਾ ਹੈ? ਪਰ ਅਨੁਮਾਨ ਹੈ ਕਿ ਇਹ ਇੱਕ ਲੱਖ ਖਗੋਲੀ ਮਾਤ੍ਰਕ (AU) ਵੱਡਾ ਹੋ ਸਕਦਾ ਹੈ!'

ਸੂਰਜ ਹੁਣ ਉਹਨਾਂ ਨੂੰ ਇੱਕ ਵੱਡੇ ਚਮਕਦੇ ਸਿਤਾਰੇ ਵਾਂਗ ਹੀ ਨਜ਼ਰ ਆ ਰਿਹਾ ਸੀ। ਸੌਰ-ਮੰਡਲ ਦਾ ਇਹ ਹਿੱਸਾ ਬਹੁਤ ਹੀ

ਠੰਡਾ ਸੀ! 'ਕਲਪਨਾ' ਦਾ ਮੁੱਖ ਕੰਪਿਊਟਰ ਅਤਿ ਸ਼ਕਤੀਸ਼ਾਲੀ ਦੂਰਬੀਨ ਦੀ ਮਦਦ ਨਾਲ਼ ਬਹੁਤ ਦੂਰ ਤੱਕ ਦੇਖ ਕੇ ਆਪਣਾ ਪਹਿਲਾਂ ਤੋਂ ਹੀ ਮਿੱਥਿਆ ਹੋਇਆ ਰਸਤਾ ਲਗਾਤਾਰ ਦੇਖ ਰਿਹਾ ਸੀ ਤਾਂ ਜੋ 'ਕਲਪਨਾ' ਨੂੰ ਕਿਸੇ ਵੀ ਆਕਾਸ਼ੀ ਪਿੰਡ ਜਾਂ ਹੋਰ ਖਤਰੇ ਨਾਲ਼ ਟਕਰਾਉਣ ਤੋਂ ਬਚਾਇਆ ਜਾ ਸਕੇ। ਫਿਲਹਾਲ ਦੂਰ ਦੂਰ ਤੱਕ ਜੀ ਕੋਈ ਵੀ ਚੀਜ਼ ਨਜ਼ਰ ਨਹੀਂ ਆ ਰਹੀ ਸੀ। ਹੁਣ ਉਹ 'ਇੱਕਲੇ' ਹੀ ਸਨ, ਸੌਰ ਮੰਡਲ ਦੇ ਸਾਰੇ ਗ੍ਰਹਿ, ਆਕਾਸ਼ੀ ਪਿੰਡ ਬਹੁਤ ਪਿੱਛੇ ਰਹਿ ਚੁੱਕੇ ਸਨ!

ਹੁਣ ਇੱਕ ਸਮੇਂ ਸਿਰਫ਼ ਦੋ ਹੀ ਕਰੂ ਮੈਂਬਰ ਵਾਰੀ ਵਾਰੀ ਜਾਗਦੇ ਸਨ ਤੇ ਬਾਕੀ ਦੇ ਕਰੂ ਮੈਂਬਰ ਅਰਾਮ ਕਰਦੇ ਸਨ।

ਕੈਪਟਨ ਰੌਬਰਟ ਸਿੰਘ ਨੇ ਰੋਜ਼ ਦੀ ਤਰ੍ਹਾਂ ਆਪਣਾ ਰੋਜ਼ਨਾਮਚਾ ਰਿਕਾਰਡ ਕੀਤਾ ਤੇ ਪ੍ਰਿਥਵੀ ਵੱਲ ਨੂੰ ਭੇਜ ਦਿੱਤਾ!

## ਕੈਪਟਨ ਦਾ ਰੋਜ਼ਨਾਮਚਾ

7 ਅਪ੍ਰੈਲ, 2101

ਸਾਨੂੰ ਪ੍ਰਿਥਵੀ ਨੂੰ ਛੱਡਿਆਂ ਇੱਕ ਸਾਲ ਤੋਂ ਉੱਪਰ ਹੋ ਗਿਆ ਹੈ। ਅਸੀਂ ਸੌਰ ਮੰਡਲ ਦੇ ਗ੍ਰਹਿਆਂ ਦੇ ਗੁਰੁਤਾਕਰਸ਼ਣ ਦੀ ਮਦਦ ਨਾਲ਼ ਸੂਰਜ ਦੀ ਸ਼ਕਤੀਸ਼ਾਲੀ ਗੁਰੁਤਾਕਰਸ਼ਣ ਖਿੱਚ ਤੋਂ ਨਿਕਲਣ ਲਈ ਇਸਕੇਪ ਗਤੀ (Escape Velocity ) ਇਖ਼ਤਿਆਰ ਕਰ ਲਈ ਤੇ ਹੁਣ ਅਸੀਂ ਊਰਟ ਬੱਦਲ ਦੇ ਵਿੱਚੋਂ ਦੀ ਗੁਜ਼ਰ ਰਹੇ ਹਾਂ। ਪ੍ਰਿਥਵੀ ਦੇ ਵਿਗਿਆਨਕਾਂ ਦੀ ਸ਼ਾਨਦਾਰ ਯੋਜਨਾ ਜਾਂ ਸਾਡੀ ਖੁਸ਼ਕਿਸਮਤੀ ਬ੍ਰਿਹਸਪਤੀ, ਸ਼ਨੀ, ਅਰੁਣ ਤੇ ਵਰੁਣ ਸਾਰੇ ਵੱਡੇ ਗ੍ਰਹਿ 'ਕਲਪਨਾ' ਦੇ ਪੱਥ ਦੀ ਸੇਧ ਵਿੱਚ ਸਨ, ਜਿਸ ਕਰਕੇ ਅਸੀਂ ਉਹਨਾਂ ਦੇ ਗੁਰੁਤਾਕਰਸ਼ਣ ਦੀ ਮਦਦ ਲੈ ਕੇ 'ਕਲਪਨਾ' ਦੀ ਸਪੀਡ ਤੇਜ਼ ਕਰ ਸਕੇ। ਸਾਡਾ ਹਰ ਇੱਕ ਦਿਨ ਇੱਕ ਨਵੀਂ ਖੋਜ ਦਾ ਦਿਨ ਹੈ, ਕਿਓਂਕਿ ਅਸੀਂ ਗਹਿਨ ਅੰਤਰਿਕਸ਼ ਦੀਆਂ ਉਹ ਜਗ੍ਹਾਵਾਂ ਤੇ ਵਿਚਰ ਰਹੇ ਹਾਂ, ਜਿੱਥੇ ਅੱਜ ਤੱਕ ਕੋਈ ਮਨੁੱਖ ਨਹੀਂ ਪਹੁੰਚਿਆ। ਜੇ ਅਸੀਂ ਦੂਰਬੀਨ ਦੇ ਵਿੱਚੋਂ ਦੀ ਦੇਖੀਏ ਤਾਂ ਪ੍ਰਿਥਵੀ ਤਾਂ ਹੁਣ ਇੱਕ ਸਿਰਫ਼ ਇੱਕ ਨੀਲਾ ਕੇਂਦਰ ਬਿੰਦੂ ਦਿਖਾਈ ਦਿੰਦਾ ਹੈ ਮੈਨੂੰ ਨਾਸਾ ਦੇ ਵੌਇਯਰ ਮਿਸ਼ਨ ਦੀ ਮਸ਼ਹੂਰ ਹਲਕਾ ਨੀਲਾ ਬਿੰਦੂ (Pale Blue Dot) ਫ਼ੋਟੋ ਤੇ ਇਸੇ ਨਾਮ ਦੀ ਕਾਰਲ ਸੈਗਨ ਦੀ ਕਿਤਾਬ ਯਾਦ ਆ ਰਹੀ ਹੈ। ਨਾਸਾ ਤੇ ਹੋਰ ਦੇਸ਼ਾਂ ਦੀਆਂ ਅੰਤਰਿਕਸ਼ ਸੰਸਥਾਵਾਂ ਦੀਆਂ ਖੋਜਾਂ 'ਤੇ ਹੀ ਅੱਜ ਅਸੀਂ 'ਕਲਪਨਾ' ਵਰਗੇ ਅੰਤਰ ਸਿਤਾਰਾ ਯਾਨ ਬਣਾ ਸਕੇ ਹਾਂ। ਅੱਖ ਨਾਲ਼ ਬਿਨਾ ਦੂਰਬੀਨ ਤੋਂ ਸੂਰਜ ਸਿਰਫ਼ ਇੱਕ ਵੱਡੇ ਤਾਰੇ ਵਾਂਗ ਦਿਖਦਾ ਹੈ। ਅੰਤਰਿਕਸ਼ ਦਾ ਇਹ ਹਿੱਸਾ ਬਹੁਤ ਹੀ ਖਾਲੀ ਹੈ ਤੇ ਅਸੀਂ ਬਹੁਤ ਇਕੱਲੇ ਮਹਿਸੂਸ ਕਰ ਰਹੇ ਹਾਂ ਤੇ ਸਾਨੂੰ ਸਭ ਨੂੰ ਆਪਣੀ ਪਿਆਰੀ ਪ੍ਰਿਥਵੀ ਦੀ ਬਹੁਤ ਯਾਦ ਆ ਰਹੀ ਹੈ! ਪਰ ਅੱਗੇ ਆਉਂਣ ਵਾਲ਼ੇ ਨਵੇਂ ਨਵੇਂ ਮੰਜ਼ਰਾਂ ਦਾ ਖ਼ਿਆਲ ਰੁਮਾਂਚਿਤ ਵੀ ਕਰ ਰਿਹਾ ਹੈ ...!!!

## ਅੰਤਰਿਕਸ਼ ਵਿੱਚ ਪਾਰਟੀ

ਖਲਾਅ!

ਗਹਿਨ ਅੰਤਰਿਕਸ਼ ਖਾਲੀ ਸੀ, ਪੂਰੀ ਤਰ੍ਹਾਂ ਖਾਲੀ! ਆਸਪਾਸ ਦੂਰ ਦੂਰ ਤੱਕ ਕੁੱਝ ਵੀ ਨਹੀਂ ਸੀ, ਬੱਸ ਹਰ ਪਾਸੇ ਜਿੱਧਰ ਨੂੰ ਵੀ ਦੇਖੋ, ਅਤਿ ਠੰਡਾ ਖਲਾਅ ਸੀ। ਇੱਥੇ ਅੰਤਰਿਕਸ਼ ਸਮੁੰਦਰ ਦੇ ਟਾਪੂ ਤੇ ਚੱਟਾਨਾਂ - ਗ੍ਰਹਿ, ਉਪਗ੍ਰਹਿ ਤੇ ਆਕਾਸ਼ੀ ਪਿੰਡ ਨਹੀਂ ਸਨ। ਜੇ ਕੁੱਝ ਸੀ ਤਾਂ ਇੱਕ ਜ਼ਿੱਦੀ ਜਿਹਾ ਖਾਲੀਪਨ ਸੀ, ਜੋ ਕਿ ਉਹਨਾਂ ਦੇ ਮਨ ਅੰਦਰ ਵੀ ਭਰ ਰਿਹਾ ਸੀ। ਕੈਪਟਨ ਦੇ ਸਣੇ 'ਕਲਪਨਾ' ਦੇ ਪੰਜ ਕਰੂ ਮੈਂਬਰ ਬਹੁਤ ਇੱਕਲਾ ਮਹਿਸੂਸ ਕਰ ਰਹੇ ਸਨ। ਇੱਕ ਸਮੇਂ ਸਿਰਫ਼ ਦੋ ਕਰੂ ਮੈਂਬਰ ਹੀ ਡਿਊਟੀ 'ਤੇ ਹੁੰਦੇ ਸਨ। ਬਾਕੀ ਦੇ ਜਾਂ ਤਾਂ ਸੌਂਦੇ ਸਨ ਜਾਂ ਫਿਰ ਵਿਹਲੇ ਸਨ। ਰੋਜ਼ਾਨਾ ਦੇ ਕੰਮ ਧੰਦੇ ਤੋਂ ਇਲਾਵਾ ਉਹਨਾਂ ਨੂੰ ਹੋਰ ਕੋਈ ਕੰਮ ਨਹੀਂ ਸੀ। ਅੱਜ 'ਕਲਪਨਾ' ਇੱਕ ਪ੍ਰਕਾਸ਼ ਵਰ੍ਹੇ ਦੀ ਦੂਰੀ ਤਹਿ ਕਰ ਚੁੱਕਾ ਸੀ। ਉਸ ਪਲ ਦਾ ਜਸ਼ਨ ਮਨਾਉਣ ਲਈ ਉਹਨਾਂ ਨੇ ਇੱਕ ਪਾਰਟੀ ਦਾ ਆਯੋਜਨ ਕੀਤਾ, ਜਿਸਦੀ ਜ਼ਿੰਮੇਵਾਰੀ ਰੀਨਾ ਨੇ ਲਈ ਸੀ। ਹਾਲਾਂਕਿ ਸਭ ਨੇ ਉਸਦੀ ਮਦਦ ਕੀਤੀ ਸੀ, ਪਰ ਮੁੱਖ ਸਜਾਵਟ ਦਾ ਕੰਮ ਰੀਨਾ ਨੇ ਹੀ ਕੀਤਾ। ਉਸਨੇ ਯਾਨ ਦੇ ਗਲਿਆਰੇ ਨੂੰ ਜਸ਼ਨ ਮਨਾਉਣ ਲਈ ਚੁਣਿਆ, ਜਿੱਥੋਂ ਸ਼ੀਸ਼ੇ ਦੇ ਰਾਹੀਂ ਉਹ ਬਾਹਰ ਦਾ ਨਜ਼ਾਰਾ ਵੀ ਦੇਖ ਸਕਦੇ ਸੀ। ਹਾਲਾਂਕਿ ਬਾਹਰ ਦਾ ਅੰਤਰਿਕਸ਼ ਪੂਰਾ ਖਾਲੀ ਸੀ, ਪਰ ਦੂਰ ਦੂਰ ਚਮਕਦੇ ਸਿਤਾਰੇ ਦੇਖਣ ਨੂੰ ਬਹੁਤ ਮਨਮੋਹਕ ਲਗਦੇ ਸਨ। ਉਹ ਗਲਿਆਰਾ ਸਾਰੇ ਕਰੂ ਮੈਂਬਰਾ ਦੀ ਮਨਪਸੰਦ ਜਗ੍ਹਾ ਸੀ। ਰੀਨਾ ਨੇ ਗਲਿਆਰੇ ਨੂੰ ਚੰਗੀ ਤਰ੍ਹਾਂ ਸਜਾਇਆ - ਉਹ ਪ੍ਰਿਥਵੀ ਤੋਂ ਕੁੱਝ ਖ਼ਾਸ ਕਿਸਮ ਦੇ ਗ਼ੁਬਾਰੇ ਲੈ ਕੇ ਆਏ ਸਨ, ਜੋ ਕਿ 'ਕਲਪਨਾ' ਦੇ ਬਨਾਵਟੀ ਵਾਤਾਵਰਣ ਵਿੱਚ ਲਈ ਫਿੱਟ ਬੈਠਦੇ ਸਨ। ਨਾਲ਼ ਹੀ ਉਸਨੇ ਸੂਰਜ, ਪ੍ਰਿਥਵੀ, ਚੰਨ, ਗ੍ਰਹਿ, ਆਕਾਸ਼ੀ ਪਿੰਡ, ਧੂਮਕੇਤੂ ਤੇ ਤਾਰਿਆਂ ਦੀਆਂ ਕੱਟੀਆਂ ਹੋਈਆਂ ਤਸਵੀਰਾਂ ਵੀ ਲਗਾਈਆਂ ਸਨ, ਜੋ ਕਿ ਬਹੁਤ ਹੀ ਖੂਬਸੂਰਤ ਲੱਗ ਰਹੀਆਂ ਸਨ, ਤੇ ਆਪਣੇ ਆਪ ਵਿੱਚ ਇੱਕ ਮਿਨੀ ਬ੍ਰਹਿਮੰਡ ਸਿਰਜਦੀਆਂ ਲੱਗ ਰਹੀਆਂ ਸਨ। ਵੈਸੇ ਤਾਂ ਉਹਨਾਂ ਦਾ ਭੋਜਨ ਸੁੱਕਾ ਤੇ ਕੈਪਸੂਲਾਂ ਨਾਲ਼ ਭਰਿਆ ਹੁੰਦਾ ਸੀ। ਪਰ ਕਦੇ ਕਦੇ ਉਹ ਅਸਲੀ ਵਰਗਾ ਭੋਜਨ ਵੀ ਖਾ ਸਕਦੇ ਸੀ। ਜੋ ਕਿ ਉਹਨਾਂ ਨੇ ਉਹ ਇਸ ਮੌਕੇ ਲਈ ਬਚਾ ਕੇ ਰੱਖਿਆ ਸੀ। 'ਸਾਵੇ ਘਰ' ਵਿੱਚ ਪਹਿਲਾਂ ਤਾਂ ਉਹਨਾਂ ਨੇ ਕਾਫ਼ੀ ਸਬਜ਼ੀਆਂ ਉਗਾਈਆਂ ਸਨ, ਪਰ ਹੁਣ ਸੂਰਜ ਬਹੁਤ ਦੂਰ ਹੋਣ ਕਰਕੇ ਉਹ ਉਸ ਵਿੱਚ ਹੋਰ ਸਬਜ਼ੀਆਂ ਨਹੀਂ ਸਨ ਉਗਾ ਰਹੇ। ਇਸ ਕਰਕੇ

ਵੀ ਉਹਨਾਂ ਲਈ ਆਮ ਖਾਣਾ ਇੱਕ ਖ਼ਾਸ ਖਾਣਾ ਬਣ ਗਿਆ ਸੀ! ਆਪਣੇ ਅੰਤਰਿਕਸ਼ ਸੂਟ ਉਤਾਰ ਕੇ ਉਹਨਾਂ ਆਪਣੇ ਖ਼ਾਸ ਸੂਟ ਪਹਿਨੇ ਜੋ ਦਿਖਣ ਨੂੰ ਪਾਰਟੀ ਸੂਟ ਲਗਦੇ ਸਨ ਪਰ ਉਹ ਅੰਤਰਿਕਸ਼ ਸੂਟ ਦਾ ਕੰਮ ਵੀ ਕਰ ਸਕਦੇ ਸਨ - ਉਹ ਸੂਟ ਉਹ ਰੋਜ਼ ਨਹੀਂ ਸਨ ਪਾ ਸਕਦੇ ਕਿਉਂਕਿ ਉਹ ਕਿਸੇ ਵੀ ਪਾਰਟੀ ਸੂਟ ਵਾਂਗ ਜ਼ਿਆਦਾ ਦੇਰ ਤੱਕ ਨਹੀਂ ਸਨ ਪਾ ਸਕਦੇ ਕਿਉਂਕਿ ਉਹ ਬਹੁਤੇ ਅਰਾਮਦਾਇਕ ਨਹੀਂ ਸਨ। ਬੰਦਿਆਂ ਨੇ ਨੀਲੇ ਬਲੇਜ਼ਰ ਤੇ ਰੀਨਾ ਨੇ ਗੁਲਾਬੀ ਸੂਟ ਪਾਇਆ ਸੀ, ਜਿਸ ਵਿੱਚ ਉਹ ਬਹੁਤ ਹੀ ਖੂਬਸੂਰਤ ਲੱਗ ਰਹੀ ਸੀ। ਉਹ ਚਾਰ ਬੰਦਿਆਂ ਦੇ ਵਿੱਚ ਇੱਕ ਇੱਕਲੀ ਹੀ ਔਰਤ ਸੀ। ਪਰ ਸਾਰੇ ਉਸਦੀ ਬਹੁਤ ਹੀ ਇੱਜ਼ਤ ਕਰਦੇ ਸਨ!

ਰੌਬਰਟ ਸਿੰਘ ਰੀਨਾ ਨੂੰ ਦੇਖ ਕੇ ਉਸਦੀ ਤਾਰੀਫ਼ ਕੀਤੇ ਬਿਨਾ ਨਾ ਰਹਿ ਸਕਿਆ - 'ਰੀਨਾ, ਤੂੰ ਇਸ ਗੁਲਾਬੀ ਸੂਟ ਵਿੱਚ ਬਹੁਤ ਖੂਬਸੂਰਤ ਲੱਗ ਰਹੀ ਏਂ!'

ਰੌਬਰਟ ਦੇ ਮੂੰਹੋਂ ਆਪਣੀ ਤਾਰੀਫ਼ ਸੁਣਕੇ ਰੀਨਾ ਦਾ ਮੁਖੜਾ ਵੀ ਗੁਲਾਬੀ ਹੋ ਗਿਆ!

'ਧੰਨਵਾਦ, ਤੁਸੀਂ ਵੀ ਆਪਣੇ ਬਲੇਜ਼ਰ ਵਿੱਚ ਬਹੁਤ ਜਚ ਰਹੇ ਹੋ।' ਰੀਨਾ ਨੇ ਜਵਾਬ ਦਿੱਤਾ।

ਪਾਰਟੀ ਸ਼ੁਰੂ ਹੋ ਗਈ। ਸਭ ਨੇ ਆਪਣੇ ਡਰਿੰਕ ਲਏ।

'ਚੀਅਰਜ਼!' ਰੌਬਰਟ ਸਿੰਘ ਨੇ ਆਪਣਾ ਗਿਲਾਸ ਉੱਚਾ ਉਠਾਇਆ ਤੇ ਚਾਰੇ ਜਣਿਆਂ ਨੇ ਆਪਣੇ ਗਿਲਾਸ ਉਸਦੇ ਗਿਲਾਸ ਨਾਲ਼ ਟਕਰਾਏ। 'ਅੰਤਰਿਕਸ਼ ਦੇ ਇਸ ਖਾਲੀ ਕੋਨੇ ਵਿੱਚ 'ਕਲਪਨਾ' ਦੇ ਸਫ਼ਰ ਦਾ ਇੱਕ ਪ੍ਰਕਾਸ਼ ਵਰ੍ਹਾ ਤੁਹਾਨੂੰ ਸਭ ਨੂੰ ਮੁਬਾਰਕ। ਅਸੀਂ ਹੁਣ ਆਪਣੀ ਧਰਤੀ ਤੋਂ ਇੰਨੀ ਦੂਰ ਆ ਗਏ ਹਾਂ, ਜਿੱਥੇ ਕਦੇ ਪਹਿਲਾਂ ਕੋਈ ਮਨੁੱਖ ਨਹੀਂ ਪਹੁੰਚਿਆ। ਪਰ ਅਸੀਂ ਉਸ ਇੱਕ ਪ੍ਰਯੋਗ ਦਾ ਵੀ ਹਿੱਸਾ ਹਾਂ, ਜਿਸ ਨਾਲ਼ ਅੱਗੇ ਤੋਂ ਆਉਣ ਵਾਲ਼ੇ ਅੰਤਰਿਕਸ਼ ਯਾਤਰੀਆਂ ਨੂੰ ਫ਼ਾਇਦਾ ਹੋਏਗਾ। ਇੱਥੇ ਇੰਨੀ ਦੂਰ, ਅਸੀਂ ਸਾਰੇ ਜਣੇ ਕਿੰਨਾ ਤਨਹਾ ਮਹਿਸੂਸ ਕਰ ਰਹੇ ਹਾਂ। ਇਸ ਕਰਕੇ ਇਹ ਪਾਰਟੀ ਬਹੁਤ ਮਹਤਵਪੂਰਣ ਹੈ ਤਾਂ ਜੋ ਸਾਡਾ ਧਿਆਨ ਹੋਰ ਪਾਸੇ ਹੋਵੇ ਤੇ ਅਸੀਂ ਆਪਣੇ ਅਗਲੇ ਮਿਸ਼ਨ ਲਈ ਤਿਆਰ ਹੋ ਸਕੀਏ। ਸਾਡੇ ਅੱਗੇ ਦਸ ਸਾਲ ਲੰਮਾ ਸਫ਼ਰ ਪਿਆ ਹੈ। ਅਸੀਂ ਉਹ ਸਫ਼ਰ ਇੱਕ-ਦੂਜੇ ਨੂੰ ਪਿਆਰ ਤੇ ਦੋਸਤੀ ਦਾ ਸਾਥ ਦੇ ਕੇ ਕਰਨਾ ਹੈ ਤੇ ਆਪਣੇ 50 ਸਾਥੀ ਜੋ ਕਿ ਸਿਥਲਤਾ ਦੀ ਨੀਂਦ ਵਿੱਚ ਪਏ ਹਨ, ਉਹਨਾਂ ਨੂੰ ਸੁਰੱਖਿਅਤ ਪ੍ਰਥਮ ਕਿੰਨਰ ਤੱਕ ਪਹੁੰਚਾਣਾ ਹੈ। ਇਸ ਪਾਰਟੀ ਦਾ ਆਯੋਜਨ ਕਰਨ ਲਈ ਰੀਨਾ ਦਾ ਬਹੁਤ ਧੰਨਵਾਦ। ਆਓ, ਹੁਣ ਆਪਾਂ ਪਾਰਟੀ ਦਾ ਅਨੰਦ ਮਾਣੀਏ।'

ਫੇਰ ਉਹ ਮੇਜ਼ਾਂ ਤੇ ਪਰੋਸੀਆਂ ਵੱਖ ਵੱਖ ਖਾਣ ਵਾਲੀਆਂ ਚੀਜ਼ਾਂ ਦਾ ਸੁਆਦ ਚਖਣ ਲੱਗੇ। ਰੀਨਾ ਤੇ ਪੰਜਾਬੀ ਤੇ ਅਮਰੀਕਨ, ਅਕੀਓ ਨੇ ਜਪਾਨੀ, ਯੂਰੀ ਨੇ ਰੂਸੀ, ਨੀਲ ਨੇ ਹਿੰਦੁਸਤਾਨੀ, ਤੇ ਰੌਬਰਟ ਨੇ ਜਰਮਨੀ ਦਾ ਖਾਣਾ ਤਿਆਰ ਕੀਤਾ ਸੀ।

'ਸਭ ਕੁੱਝ ਬਹੁਤ ਹੀ ਲਜ਼ੀਜ਼ ਹੈ। ਮੈਂ ਸੁੱਕਾ ਖਾਣਾ ਖਾ ਕੇ ਅੱਕ ਗਿਆ ਹਾਂ।' ਯੂਰੀ ਨੇ ਕਿਹਾ।

'ਰੀਨਾ ਦਾ ਪੰਜਾਬੀ ਤੇ ਅਮਰੀਕਨ ਰਲਿਆ ਮਿਲਿਆ ਖਾਣਾ - ਰੋਟੀ ਦੇ ਅੰਦਰ ਤੰਦੂਰੀ ਸਬਜ਼ੀਆਂ ਖਾ ਕੇ ਮਜ਼ਾ ਆ ਗਿਆ।' ਨੀਲ ਨੇ ਕਿਹਾ।

'ਹਾਂ, ਸੱਚਮੁੱਚ!' ਰੌਬਰਟ ਨੇ ਉਸਦੀ ਹਾਂ ਵਿੱਚ ਹਾਂ ਮਿਲਾਈ।

'ਬਿਲਕੁਲ, ਇਹੋ ਜਿਹਾ ਖਾਣਾ ਕੋਈ ਔਰਤ ਹੀ ਬਣਾ ਸਕਦੀ ਹੈ, ਮਰਦਾਂ ਦੇ ਬੱਸ ਦੀ ਗੱਲ ਨਹੀਂ। ' ਯੂਰੀ ਨੇ ਵੀ ਆਪਣਾ ਸਮਰਥਨ ਦਿੱਤਾ।

'ਬੱਸ, ਬਹੁਤ ਹੋ ਗਿਆ। ਸਭ ਕੁੱਝ ਬਹੁਤ ਵਧੀਆ ਸੀ। ਚਲੋ ਹੁਣ ਥੋੜਾ ਡਾਂਸ ਹੋ ਜਾਏ। ਪਾਰਟੀ ਦਾ ਮਜ਼ਾ ਤਾਂ ਤਾਂਹੀ ਹੈ।' ਰੀਨਾ ਨੇ ਕਿਹਾ।

ਉਸਨੇ ਆਪਣੇ ਪਿਆਰੇ ਹੱਥਾਂ ਨਾਲ਼ ਤਾੜੀ ਮਾਰੀ ਤੇ ਸੰਗੀਤ ਦੀ ਅਵਾਜ਼ ਹੋਰ ਉੱਚੀ ਹੋ ਗਈ। ਬੜਾ ਹੀ ਮਧੁਰ, ਸੁਰਮਈ ਅਮਰੀਕਨ ਜੈਜ਼ ਸੰਗੀਤ ਚੱਲ ਰਿਹਾ ਸੀ। ਉਹਨਾਂ ਨੇ ਹੌਲ਼ੇ ਹੌਲ਼ੇ ਜੋੜੇ ਬਣਾ ਕੇ ਡਾਂਸ ਸ਼ੁਰੂ ਕੀਤਾ। ਰੌਬਰਟ ਸਿੰਘ ਨੇ ਪਹਿਲਾਂ ਹੀ ਰੀਨਾ ਨੂੰ ਡਾਂਸ ਦਾ ਸਾਥੀ ਬਣਾ ਲਿਆ। ਉਸਤੋਂ ਬਾਅਦ 'ਜਿਵੇਂ ਹੀ ਪਾਰਟੀ ਸ਼ੁਰੂ ਹੋਈ', ਉਹਨਾਂ ਨੇ ਰੈਪ, ਰੌਕ, ਬਾਲੀਵੁੱਡ ਸੰਗੀਤ ਤੇ ਡਾਂਸ ਕੀਤਾ। ਅੰਤ ਨੂੰ ਜਦੋਂ ਡਾਂਸ ਪਾਰਟੀ ਚਰਮਸੀਮਾ 'ਤੇ ਪਹੁੰਚੀ ਤਾਂ ਪੰਜਾਬੀ ਭੰਗੜੇ ਦਾ ਸਮਾਂ ਆਇਆ। ਉਸਦੇ ਵਿੱਚ ਵੀ ਰੀਨਾ ਤੇ ਰੌਬਰਟ ਸਿੰਘ ਦੇ ਜੋੜੀ ਨੇ ਖੂਬ ਧਮਾਲ ਪਾਈ। ਅਕੀਓ, ਯੂਰੀ, ਤੇ ਨੀਲ ਹੈਰਾਨ ਵੀ ਸਨ ਤੇ ਥੋੜੇ ਜੈਲੱਸ (Jealous) ਵੀ ਮਹਿਸੂਸ ਕਰ ਰਹੇ ਸਨ, ਜੋ ਕਿ ਸੁਭਾਵਿਕ ਹੀ ਸੀ। ਪਰ ਰੌਬਰਟ ਤੇ ਰੀਨਾ ਵਿਚਲੀ ਕਮਿਸਟਰੀ (Chemistry) ਬਹੁਤ ਵਧੀਆ ਸੀ! ਬਾਕੀ ਸਭ ਉਹਨਾਂ ਦੋਵਾਂ ਲਈ ਖ਼ੁਸ਼ ਵੀ ਸਨ। ਰੀਨਾ ਇਹ ਗੱਲ ਸਮਝ ਰਹੀ ਸੀ ਕਿ ਬਾਕੀ ਇੱਕਲਾ ਨਾ ਮਹਿਸੂਸ ਕਰਨ। ਇਸ ਕਰਕੇ ਉਸਨੇ ਸਭ ਨਾਲ਼ ਵਾਰੀ ਵਾਰੀ ਡਾਂਸ ਕੀਤਾ।

ਉਹ ਕਾਫ਼ੀ ਘੰਟੇ ਡਾਂਸ ਕਰਦੇ ਰਹੇ। ਉਹਨਾਂ ਨੂੰ ਆਪਣੇ ਆਲੇ-ਦੁਆਲ਼ੇ ਦੀ ਕੋਈ ਖਬਰ ਨਹੀਂ ਸੀ। ਇੰਝ ਲੱਗ ਰਿਹਾ ਸੀ ਕਿ ਉਹ ਪ੍ਰਿਥਵੀ ਤੇ ਕਿਸੇ ਪਾਰਟੀ ਵਿੱਚ ਹਨ। ਪਰ ਅਚਾਨਕ ਖਤਰੇ ਦੀ ਘੰਟੀ ਵੱਜ ਗਈ। ਉਹਨਾਂ ਨੂੰ ਸਮਝ ਨਹੀਂ ਆ ਰਹੀ ਸੀ ਕਿ

ਇਕ ਦਮ ਕੀ ਵਾਪਰ ਗਿਆ। ਮੁੱਖ ਕੰਪਿਊਟਰ ਨੇ ਖਤਰੇ ਨੂੰ ਭਾਂਪ ਕੇ ਹੀ ਉਹ ਘੰਟੀ ਵਜਾਈ ਸੀ। ਫਟਾਫਟ ਰੌਬਰਟ ਸਿੰਘ ਕੰਟਰੋਲ ਰੂਮ ਵਿੱਚ ਪਹੁੰਚ ਗਿਆ। ਅਕੀਓ ਵੀ ਉਸਦੇ ਨਾਲ਼ ਸੀ। 'ਕੰਪਿਊਟਰ ਕੀ ਹੋਇਆ?'

'ਇੰਝ ਲੱਗ ਰਿਹਾ ਕਿ ਸੂਰਜੀ ਚਮਕਾਂ ਨਾਲ਼ ਮੁੱਖ ਰੇਡੀਓ ਟਰਾਂਸਮੀਟਰ ਖਰਾਬ ਹੋ ਗਿਆ ਹੈ। ਪਰ ਮੈਂ ਚੈੱਕ ਕੀਤਾ ਹੈ ਕਿ ਸੈਕੰਡਰੀ ਟਰਾਂਸਮੀਟਰ ਚੱਲ ਰਿਹਾ ਹੈ ਤੇ ਉਸਨੇ ਓਵਰਟੇਕ ਕਰ ਲਿਆ ਹੈ।'

'ਸੂਰਜੀ ਚਮਕਾਂ? ਇੱਥੇ ਸੂਰਜ ਤੋਂ ਇੰਨੀ ਦੂਰ ਕਿਸ ਤਰ੍ਹਾਂ?!'

'ਹਾਂ, ਸੱਚਮੁੱਚ ਅਜੇ ਪ੍ਰਥਮ ਕਿੰਨਰ ਵੀ ਤਿੰਨ ਪ੍ਰਕਾਸ਼ ਵਰ੍ਹੇ ਦੂਰ ਹੈ। ਪਰ ਇਹ ਦੱਬੀਆਂ ਹੋਈਆਂ ਪਲਾਜ਼ਮਾ ਚਮਕਾਂ ਹਨ। ਸੂਰਜ ਤੇ ਹੋਰ ਸਿਤਾਰਿਆਂ ਤੋਂ ਨਿੱਕਲੀਆਂ ਇਹ ਪਲਾਜ਼ਮਾ ਚਮਕਾਂ ਜਿਨ੍ਹਾਂ ਨੂੰ ਕੋਰੋਨਲ ਮਾਸ ਇਜੇਕਸ਼ਨ (CMEs) ਕਹਿੰਦੇ ਹਨ। ਇਹ ਆਕਾਸ਼ਗੰਗਾ ਦੇ ਵਿੱਚ ਹੋਰ ਜਗ੍ਹਾ ਵੀ ਹੁੰਦੀਆਂ ਹਨ। ਜਿਵੇਂ ਕਿ ਸੁਪਰਨੋਵਾ ਸਿਤਾਰੇ ਇਹੋ ਜਿਹੀਆਂ ਚਮਕਾਂ ਦੂਰ ਦੂਰ ਤੱਕ ਛੱਡਦੇ ਹਨ।'

'ਠੀਕ ਹੈ, ਅਸੀਂ ਮੁੱਖ ਟਰਾਂਸਮੀਟਰ ਨੂੰ ਠੀਕ ਕਰਨ ਦੀ ਯੋਜਨਾ ਬਣਾਉਂਦੇ ਹਾਂ।'



**ਪੇਸ਼ੇ ਤੋਂ ਇੰਜਨੀਅਰ ਅਤੇ ਦਿਲ ਤੋਂ ਕਵੀ** – ਅਮਨਦੀਪ ਸਿੰਘ ਵਿਗਿਆਨ ਗਲਪ ਦੀਆਂ ਕਹਾਣੀਆਂ, ਬਾਲ ਸਾਹਿਤ ਅਤੇ ਲੇਖ ਵੀ ਲਿਖਦਾ ਹੈ। ਉਸਦੀ ਕਹਾਣੀਆਂ ਦੀ ਕਿਤਾਬ 'ਟੁੱਟਦੇ ਤਾਰਿਆਂ ਦੀ ਦਾਸਤਾਨ (ਲੋਕ ਸਾਹਿਤ ਪ੍ਰਕਾਸ਼ਨ, 1989)' ਪੰਜਾਬੀ ਵਿੱਚ ਵਿਗਿਆਨ ਗਲਪ (Science Fiction) ਦੀ ਪਹਿਲੀ ਕਿਤਾਬ ਹੈ। ਉਹ ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਦੇ ਪਿੰਡ ਨੌਰਾ ਤੋਂ ਹੈ ਅਤੇ ਅੱਜ-ਕੱਲ੍ਹ ਅਮਰੀਕਾ ਵਿੱਚ ਰਹਿ ਰਿਹਾ ਹੈ ।

**ਵੈਬਸਾਈਟ:** https://sahit.punjabikids.org/

# ਆਕਾਸ਼ ਦੀ ਕੋਈ ਸੀਮਾ ਨਹੀਂ ਅਤੇ ਇੱਥੇ ਕੋਈ ਵਸਤੂ ਠਹਿਰ ਨਹੀਂ ਸਕਦੀ

**ਸੁਖਮੰਦਰ ਸਿੰਘ ਤੂਰ**

ਇਸ ਲਈ ਚੰਨ ਜਦੋਂ ਧਰਤੀ ਦੀ ਪਰਿਕਰਮਾ ਕਰਦਾ ਹੈ ਤਾਂ ਉਹ ਆਪਣੇ ਆਲੇ-ਦੁਆਲੇ ਵੀ ਇਕ ਵਾਰ ਘੁੰਮ ਲੈਂਦਾ ਹੈ, ਜਿਸ ਤਰ੍ਹਾਂ ਸਾਡੀ ਪ੍ਰਿਥਵੀ ਆਪਣੇ ਸੂਰਜ ਦੇ ਦਾਇਰੇ ਵਿਚ ਘੁੰਮ ਰਹੀ ਹੈ। ਇਸ ਤਰ੍ਹਾਂ ਚੰਨ ਨਹੀਂ ਘੁੰਮ ਸਕਦਾ। ਇਸ ਦਾ ਕਾਰਨ ਚੰਨ ਦੀ ਧਰਤੀ ਤੋਂ ਘੱਟ ਅਤੇ ਸਾਡੀ ਪ੍ਰਿਥਵੀ ਦੀ ਗਰੂਤਾ ਵਿਚ ਹੈ। ਚੰਨ ਦੇ ਉਪਰਲੇ ਪਾਸੇ ਅਤੇ ਪਰਲੇ 'ਚ 3446 ਕਿਲੋਮੀਟਰ ਦਾ ਫਰਕ ਹੈ, ਜਦਕਿ ਸਾਡੀ ਪ੍ਰਿਥਵੀ ਤੋਂ ਚੰਨ ਦੀ ਵੱਧ ਤੋਂ ਵੱਧ ਦੂਰੀ 4,06,730 ਕਿਲੋਮੀਟਰ ਹੈ ਅਤੇ ਘੱਟ ਤੋਂ ਘੱਟ ਦੂਰੀ 3,64,400 ਕਿਲੋਮੀਟਰ ਹੈ। ਚੰਨ ਦੇ ਉੱਪਰਲੇ ਪਾਸੇ ਸਾਡੀ ਪ੍ਰਿਥਵੀ ਦੀ ਖਿੱਚ ਜ਼ਿਆਦਾ ਹੈ। ਇਸ ਖਿੱਚ ਨੇ ਹੀ ਚੰਨ ਨੂੰ ਆਪਣੇ ਦੁਆਲੇ ਘੁੰਮਣ ਨਹੀਂ ਦਿੱਤਾ, ਸਗੋਂ ਬੰਨ੍ਹ ਕੇ ਰੱਖਿਆ ਹੋਇਆ ਹੈ। ਇਸ ਤਰ੍ਹਾਂ ਚੰਨ ਇਕ ਬੱਝਵੇਂ ਰੂਪ ਵਿਚ ਪ੍ਰਿਥਵੀ ਦੁਆਲੇ ਘੁੰਮ ਰਿਹਾ ਹੈ। ਪ੍ਰਿਥਵੀ ਦੁਆਲੇ ਭਾਵੇਂ ਚੰਨ ਦਾ ਇਕ ਪਾਸਾ ਰਹਿੰਦਾ ਹੈ, ਪਰ ਸੂਰਜ ਦੀ ਰੌਸ਼ਨੀ 29 ਦਿਨਾਂ ਵਿਚ ਸਾਰੇ ਚੰਨ ਦੁਆਲੇ ਫੈਲ ਜਾਂਦੀ ਹੈ ਅਤੇ ਜਦੋਂ 15 ਦਿਨਾਂ ਬਾਅਦ ਚੰਨ ਦੀ ਰਾਤ ਖਤਮ ਹੁੰਦੀ ਹੈ ਤੇ ਉੱਥੇ ਇਕਦਮ ਸੂਰਜ ਦਾ ਪ੍ਰਕਾਸ਼ ਹੁੰਦਾ, ਭਾਵ ਸੂਰਜ ਚੜ੍ਹਦਾ/ਨਿਕਲਦਾ ਹੈ। ਉੱਥੇ ਸਾਡੀ ਪ੍ਰਿਥਵੀ ਵਾਂਗ ਸਰਘੀ ਦਾ ਵੇਲਾ ਨਹੀਂ ਹੁੰਦਾ ਅਤੇ ਨਾ ਹੀ ਤਰਕਾਲਾਂ ਪੈਂਦੀਆਂ ਹਨ। ਇਸੇ ਤਰ੍ਹਾਂ ਚੰਨ 'ਤੇ ਰਾਤ ਪੈ ਜਾਂਦੀ ਹੈ, ਉੱਥੇ ਤਾਰੇ ਟਿਮਟਿਮਾਉਂਦੇ ਨਹੀਂ ਅਤੇ ਸੂਰਜ ਦੇ ਹੁੰਦਿਆਂ ਵੀ ਸਾਡੀ ਹਨੇਰੀ ਰਾਤ ਵਾਂਗ ਸਾਰਾ ਆਕਾਸ਼ ਕਾਲਾ ਨਜ਼ਰ ਆਉਂਦਾ ਹੈ। ਇਹ ਸਿਰਫ ਉੱਥੇ ਸਾਡੀ ਪ੍ਰਿਥਵੀ ਵਾਲਾ ਵਾਯੂਮੰਡਲ, ਭਾਵ ਓਜ਼ੋਨ ਪਰਤ ਨਾ ਹੋਣ ਕਾਰਨ ਹੈ। ਸਾਡੀ ਪ੍ਰਿਥਵੀ ਵਾਂਗ ਚੰਨ 'ਤੇ ਸੂਰਜ ਦੀ ਰੌਸ਼ਨੀ ਖਿੰਡਦੀ ਨਹੀਂ। ਚੰਨ ਦੀ ਸਤ੍ਹਾ 'ਤੇ  ਦੁਪਹਿਰ ਦਾ ਤਾਪਮਾਨ 130 ਸੈਂਟੀਮੀਟਰ 'ਤੇ ਪਹੁੰਚ ਜਾਂਦਾ ਹੈ ਅਤੇ ਰਾਤ ਨੂੰ ਘਟ ਕੇ - 150 ਸੈਂਟੀਗ੍ਰੇਡ ਹੇਠਾਂ ਚਲਿਆ ਜਾਂਦਾ ਹੈ। ਚੰਨ ਦਾ ਆਕਾਰ ਘੱਟ ਹੋਣ ਕਾਰਨ ਉੱਥੇ ਵਸਤੂ ਨਿਸਤਾਰ ਵੇਗ 11 ਕਿਲੋਮੀਟਰ ਪ੍ਰਤੀ ਸੈਕਿੰਡ ਹੈ। ਗੈਸਾਂ ਦਾ ਔਸਤਨ 3.5  ਕਿਲੋਮੀਟਰ ਸੈਕਿੰਡ ਹੁੰਦਾ ਹੈ। ਇਸ ਲਈ ਚੰਨ 'ਤੇ ਬਣਨ ਵਾਲੀਆਂ ਗੈਸਾਂ ਜਲਦੀ ਉਸ ਨੂੰ ਛੱਡ ਦਿੰਦੀਆਂ ਹਨ। ਚੰਨ ਤੋਂ ਪ੍ਰਿਥਵੀ ਦੀ ਦੂਰੀ ਲਗਾਤਾਰ ਵਧ ਰਹੀ ਹੈ। ਇਸ ਦਾ ਕਾਰਨ ਇਹ ਹੈ ਕਿ ਚੰਨ ਵੱਲੋਂ ਪੈਦਾ ਕੀਤੇ ਜਵਾਰਭਾਟੇ ਊਰਜਾ ਖਪਤ ਗਰੂਤਾ ਸ਼ਕਤੀ ਨੂੰ ਘਟਾਉਂਦੇ ਹਨ। ਨਤੀਜੇ ਵਜੋਂ ਪਰਿਕਰਮੀ ਪਿੰਡ ਦਾ ਪਰਿਕਰਮਾ ਵਿਆਸ ਵਧ ਜਾਂਦਾ ਹੈ। ਇਕ ਸਮਾਂ ਅਜਿਹਾ ਆਵੇਗਾ ਕਿ ਚੰਨ ਸਾਡੀ ਪ੍ਰਿਥਵੀ ਤੋਂ ਇੰਨਾ ਦੂਰ ਚਲਿਆ ਜਾਵੇਗਾ ਕਿ ਅਸੀਂ ਇਸ ਨੂੰ ਨੰਗੀ ਅੱਖ ਨਾਲ ਨਹੀਂ ਵੇਖ ਸਕਾਂਗੇ।



ਸੁਖਮੰਦਰ ਸਿੰਘ ਤੂਰ ਜ਼ਿਆਦਾਤਰ ਵਿਗਿਆਨ, ਵਾਤਾਵਰਣ, ਜੀਵ ਵਿਕਾਸ, ਬਾਲ ਵਿਕਾਸ ਅਤੇ ਸਮਾਜਿਕ ਸਰੋਕਾਰ ਬਾਰੇ ਲਿਖਦਾ ਹੈ। ਉਸਦੇ ਪੰਜਾਬੀ ਦੇ ਪ੍ਰਮੁੱਖ ਪੱਤਰਾਂ ਵਿਚ ਸੈਂਕੜੇ ਲੇਖ ਪ੍ਰਕਾਸ਼ਿਤ ਹੋ ਚੁੱਕੇ ਹਨ।



# ਉਡਾਣ

## ਪੰਜਾਬੀ ਵਿਗਿਆਨ ਗਲਪ ਮੈਗ਼ਜ਼ੀਨ

## ਬੱਚਿਆਂ ਦਾ ਕੋਨਾ

# ਬੱਚੇ ਤੇ ਰੋਬੋਟ

**ਡਾ. ਦੇਵਿੰਦਰ ਪਾਲ ਸਿੰਘ**

ਜੰਗਲ ਨੇੜੇ ਵੱਸੇ ਇਕ ਛੋਟੇ ਜਿਹੇ ਕਸਬੇ ਵਿੱਚ, ਮਨਪ੍ਰੀਤ, ਜਸਮੀਤ ਅਤੇ ਹਰਿੰਦਰ ਨਾਮ ਵਾਲੇ ਤਿੰਨ ਬਹੁਤ ਹੀ ਉਤਸੁਕ ਬੱਚੇ ਰਹਿੰਦੇ ਸਨ। ਉਹ ਨਿੱਤ ਨਵਾਂ ਜਾਨਣ ਤੇ ਨਵੀਆਂ ਖੇਡਾਂ ਖੇਡਣ ਦੇ ਸ਼ੌਕੀਨ ਸਨ। ਇਕ ਸ਼ਾਮ, ਜਦ ਉਹ ਜੰਗਲ ਨੇੜ੍ਹਲੇ ਮੈਦਾਨ ਵਿਚ ਖੇਡ ਰਹੇ ਸਨ, ਤਾਂ ਇਕ ਅਜੀਬ ਚੀਜ਼ ਨੇ ਉਨ੍ਹਾਂ ਦਾ ਧਿਆਨ ਖਿੱਚਿਆ। ਕੁਝ ਦੂਰ ਮੌਜੂਦ ਝਾੜੀਆਂ ਵਿਚ ਕੋਈ ਚਮਕਦਾਰ ਵਸਤੂ ਪਈ ਸੀ। ਦਰਅਸਲ ਇਹ ਇਕ ਛੋਟੇ ਆਕਾਰ ਵਾਲਾ ਚਮਕਦਾਰ ਰੋਬੋਟ ਸੀ। ਇਸ ਦਾ ਧਾਤ ਦਾ ਬਣਿਆ ਜਿਸਮ, ਡੁੱਬ ਰਹੇ ਸੂਰਜ ਦੀ ਰੌਸ਼ਨੀ ਵਿੱਚ ਚਮਕ ਰਿਹਾ ਸੀ। ਉਸ ਦੀਆਂ ਨੀਲੀਆਂ ਅੱਖਾਂ ਇਕ ਟੱਕ ਉਪਰ ਵਲ ਦੇਖ ਰਹੀਆਂ ਸਨ।

"ਓਹ! ਇਹ ਕੀ ਹੈ?" ਨੇੜਿਓ ਦੇਖਣ ਲਈ ਹੇਠਾਂ ਝੁਕਦਿਆਂ ਜਸਮੀਤ ਨੇ ਕਿਹਾ। "ਸ਼ਾਇਦ ਇਹ ਇੱਕ ਰੋਬੋਟ ਹੈ!" ਹਰਿੰਦਰ ਬੋਲਿਆ। ਇਸ ਅਜਬ ਖੋਜ ਕਾਰਣ ਤਿੰਨੋ ਬੱਚੇ ਬਹੁਤ ਹੈਰਾਨ ਸਨ। ਰੋਬੋਟ ਦੇ ਨੇੜ੍ਹੇ ਸਰਕਦੇ ਹੋਏ ਉਹ ਤਿੰਨੋਂ ਹੁਣ ਉਸ ਦੀ ਜਾਂਚ ਕਰ ਰਹੇ ਸਨ।

“ਇਹ ਹਿਲਜੁਲ ਨਹੀਂ ਰਿਹਾ। ਸ਼ਾਇਦ ਇਸ ਦੀ ਬੈਟਰੀ ਖ਼ਤਮ ਹੋ ਗਈ ਹੈ।” ਮਨਪ੍ਰੀਤ ਦੇ ਬੋਲ ਸਨ। “ਚਲੋ! ਇਸ ਨੂੰ ਘਰ ਲੈ ਜਾਂਦੇ ਹਾਂ ਤੇ ਚਾਰਜ ਕਰ ਕੇ ਦੇਖਦੇ ਹਾਂ।”

ਮਨਪ੍ਰੀਤ ਦੇ ਘਰ ਪਹੁੰਚ, ਉਨ੍ਹਾਂ ਨੇ ਰੋਬੋਟ ਦੀ ਬੈਟਰੀ ਚਾਰਜ ਕਰਨ ਲਈ ਉਸ ਨੂੰ ਇੱਕ ਪਾਵਰ ਪਲੱਗ ਨਾਲ ਜੋੜ ਦਿੱਤਾ।

ਥੋੜ੍ਹੀ ਦੇਰ ਬਾਅਦ, ਇੱਕ ਬੀਪ ਸੁਣਾਈ ਦਿੱਤੀ। ਤਦ ਹੀ ਰੋਬੋਟ ਵਿਚ ਹਰਕਤ ਪੈਦਾ ਹੋ ਗਈ।

ਆਪਣੀਆਂ ਖੂਬਸੂਰਤ ਨੀਲੀਆਂ ਅੱਖਾਂ ਨਾਲ ਹੁਣ ਉਹ ਕੋਲ ਬੈਠੇ ਬੱਚਿਆਂ ਵੱਲ ਦੇਖ ਰਿਹਾ ਸੀ।

ਤਦ ਹੀ ਪਿਆਰੀ ਜਿਹੀ ਆਵਾਜ਼ ਸੁਣਾਈ ਦਿੱਤੀ। "ਹੈਲੋ, ਬੱਚਿਓ! ਮੈਂ ਬੇਬੀਮੈਕਸ ਹਾਂ, ਤੁਹਾਡਾ ਦੋਸਤ।"

“ਓਹ ਹੋ! ਇਹ ਤਾਂ ਬੋਲ ਵੀ ਸਕਦਾ ਹੈ।” ਉਹ ਤਿੰਨੋਂ ਇਕੱਠੇ ਹੀ ਬੋਲ ਪਏ। ਅਜਿਹਾ ਉਨ੍ਹਾਂ ਨੇ ਪਹਿਲਾਂ ਕਦੇ ਨਹੀਂ ਦੇਖਿਆ ਸੀ। ਉਹ ਹੈਰਾਨੀ ਤੇ ਖੁਸ਼ੀ ਨਾਲ ਝੂੰਮ ਉੱਠੇ।

"ਹੈਲੋ, ਬੇਬੀਮੈਕਸ! ਹੁਣ ਕਿਵੇਂ ਮਹਿਸੂਸ ਕਰ ਰਿਹਾ ਹੈ ਤੂੰ?" ਮਨਪ੍ਰੀਤ ਨੇ ਪੁੱਛਿਆ।

“ਮੈਂ ਬਿਲਕੁਲ ਠੀਕ ਹਾਂ?” ਬੇਬੀਮੈਕਸ ਨੇ ਨੀਲੀਆਂ ਅੱਖਾਂ ਝਮਕਦਿਆ ਕਿਹਾ।

“ਚੰਗੀ ਗੱਲ ਹੈ। ਅਸੀਂ ਖੁਸ਼ ਹਾਂ ਕਿ ਤੂੰ ਠੀਕ ਠਾਕ ਹੈ.........ਜ਼ਰਾ ਦੱਸ ਖਾਂ ਕਿ ਤੂੰ ਕੀ ਕੀ ਕਰ ਸਕਦਾ ਏਂ?”

"ਮੈਂ ਕਈ ਕੰਮ ਕਰ ਸਕਦਾ ਹਾਂ!" ਬੇਬੀਮੈਕਸ ਬੋਲਿਆ। "ਮੈਂ ਖੇਡਾਂ ਖੇਡ ਸਕਦਾ ਹਾਂ, ਕਹਾਣੀਆਂ ਸੁਣਾ ਸਕਦਾ ਹਾਂ, ਸਵਾਲਾਂ ਦੇ ਜਵਾਬ ਦੇ ਸਕਦਾ ਹਾਂ, ਅਤੇ ਤੁਹਾਡੇ ਹੋਮਵਰਕ ਵਿੱਚ ਤੁਹਾਡੀ ਮਦਦ ਵੀ ਕਰ ਸਕਦਾ ਹਾਂ।"

ਬੱਚਿਆਂ ਦੇ ਚਿਹਰੇ ਉਤੇ ਰੌਣਕ ਆ ਗਈ। ਬੇਬੀਮੈਕਸ ਬਾਰੇ ਹੋਰ ਜਾਨਣ ਲਈ ਜਸਮੀਤ ਅਤੇ ਹਰਿੰਦਰ ਨੇ ਮਨਪ੍ਰੀਤ ਦੇ ਘਰ ਹੀ ਰਾਤ ਕੱਟਣ ਦਾ ਫੈਸਲਾ ਕਰ ਲਿਆ। ਜਿਸ ਬਾਰੇ ਮਨਪ੍ਰੀਤ ਦੀ ਮੰਮੀ ਨੇ ਜਸਮੀਤ ਅਤੇ ਹਰਿੰਦਰ ਦੇ ਪੈਰੇਂਟਸ ਨੂੰ ਸੂਚਿਤ ਕਰ ਦਿੱਤਾ।ਉਨ੍ਹਾਂ ਨੇ ਦੇਰ ਰਾਤ ਤਕ ਦਾ ਸਮਾਂ ਬੇਬੀਮੈਕਸ ਤੋਂ ਨਵੀਆਂ ਖੇਡਾਂ ਬਾਰੇ ਜਾਨਣ, ਕਹਾਣੀਆਂ ਸੁਨਣ ਅਤੇ ਨਵੇਂ ਨਵੇਂ ਸਵਾਲ ਪੁੱਛਣ ਵਿੱਚ ਬਿਤਾਇਆ। ਸਮੇਂ ਨਾਲ ਉਹ ਬੱਚੇ ਅਤੇ ਬੇਬੀਮੈਕਸ ਵਧੀਆ ਦੋਸਤ ਬਣ ਗਏ। ਬੇਬੀਮੈਕਸ ਉਨ੍ਹਾਂ ਨੂੰ ਨਿੱਤ ਨਵੇਂ ਕਾਰਨਾਮੇ ਕਰਨੇ, ਬੁਝਾਰਤਾਂ ਹੱਲ ਕਰਨੀਆਂ ਤੇ ਅਤੇ ਨਵੀਆਂ ਨਵੀਆਂ ਗੱਲਾਂ ਦੱਸਦਾ ਸੀ।

ਇੱਕ ਸ਼ਾਮ, ਜਦੋਂ ਉਹ ਬੱਚੇ ਮਨਪ੍ਰੀਤ ਦੇ ਘਰ ਦੇ ਬਾਹਰ ਖੇਡ ਰਹੇ ਸਨ, ਅਚਾਨਕ ਤੂਫ਼ਾਨ ਆ ਗਿਆ। ਅਸਮਾਨ ਉੱਤੇ ਕਾਲੇ ਬੱਦਲ ਛਾ ਗਏ। ਤੇਜ਼ ਬਿਜਲੀ ਲਿਸ਼ਕੀ ਤੇ ਕੁਝ ਦੇਰ ਬਾਅਦ ਬੱਦਲਾਂ ਦੀ ਗਰਜ ਸੁਣਾਈ ਦਿੱਤੀ।

"ਚਲੋ ਘਰ ਦੇ ਅੰਦਰ ਚਲਦੇ ਹਾਂ," ਬੋਲਦਿਆਂ ਜਸਮੀਤ ਦੀ ਆਵਾਜ਼ ਮਾਰੇ ਡਰ ਦੇ ਕੰਬ ਰਹੀ ਸੀ।

ਪਰ ਜਿਵੇਂ ਹੀ ਉਨ੍ਹਾਂ ਨੇ ਘਰ ਦੇ ਅੰਦਰ ਜਾਣ ਲਈ ਕਦਮ ਪੁੱਟਿਆ, ਜੰਗਲ ਵਲੋਂ ਇੱਕ ਜ਼ੋਰਦਾਰ ਧਮਾਕੇ ਦੀ ਆਵਾਜ਼ ਸੁਣਾਈ ਦਿੱਤੀ।

"ਓਹ! ਇਹ ਕੀ ਹੋਇਆ?" ਹਰਿੰਦਰ ਦੇ ਹੈਰਾਨੀ ਤੇ ਡਰ ਭਰੇ ਬੋਲ ਸਨ।

“ਮੈਂ ਚੈੱਕ ਕਰ ਕੇ ਆਉਂਦਾ ਹਾਂ,” ਮਨਪ੍ਰੀਤ ਨੇ ਬਹਾਦਰੀ ਦਿਖਾਂਦਿਆ ਜੰਗਲ ਵੱਲ ਜਾਣ ਲਈ ਕਦਮ ਚੁੱਕਦਿਆਂ ਕਿਹਾ।

ਪਰ ਇਸ ਤੋਂ ਪਹਿਲਾਂ ਕਿ ਉਹ ਕੋਈ ਹੋਰ ਕਦਮ ਚੁੱਕੇ, ਬੇਬੀਮੈਕਸ ਬੋਲਿਆ। "ਠਹਿਰੋ! ਇਹ ਤੇਰੇ ਲਈ ਖ਼ਤਰਨਾਕ ਹੋ ਸਕਦਾ ਹੈ। ਮੈਂ ਚੈੱਕ ਕਰ ਕੇ ਆਉਂਦਾ ਹਾਂ।"

ਬੱਚੇ ਬੇਬੀਮੈਕਸ ਨੂੰ ਚੈਕਿੰਗ ਉੱਤੇ ਭੇਜਣ ਤੋਂ ਝਿਜਕ ਰਹੇ ਸਨ, ਪਰ ਬੇਬੀਮੈਕਸ ਨੇ ਉਨ੍ਹਾਂ ਨੂੰ ਭਰੋਸਾ ਦਿੱਤਾ ਕਿ ਉਹ ਅਜਿਹੇ ਹਾਲਾਤਾਂ ਦਾ ਟਾਕਰਾ ਕਰਨ ਦੇ ਯੋਗ ਹੈ। ਜਿਵੇਂ ਹੀ ਛੋਟਾ ਰੋਬਟ ਚੈਕਿੰਗ ਲਈ ਚਲਣ ਲੱਗਾ, ਜਸਮੀਤ ਚਿੰਤਾ ਭਰੀ ਆਵਾਜ਼ ਨਾਲ ਬੋਲੀ, "ਆਪਣਾ ਖਿਆਲ ਰੱਖੀ, ਬੇਬੀਮੈਕਸ।"

ਸਿਰ ਹਿਲਾ ਕੇ ਹਾਂ ਦਾ ਇਸ਼ਾਰਾ ਕਰਦੇ ਹੋਏ ਬੇਬੀਮੈਕਸ ਜੰਗਲ ਵੱਲ ਚਲਾ ਗਿਆ। ਉਸ ਦੀਆਂ ਚਮਕਦਾਰ ਨੀਲੀਆਂ ਅੱਖਾਂ ਹਨੇਰੇ ਨੂੰ ਚੀਰ ਰਹੀਆਂ ਸਨ। ਜਲਦੀ ਹੀ ਬੇਬੀਮੈਕਸ, ਤੂਫ਼ਾਨ ਕਾਰਣ ਇਕ ਰੁੱਖ ਨਾਲ ਟਕਰਾ ਕੇ ਜ਼ਖ਼ਮੀ ਹੋਏ ਪੰਛੀ ਨੂੰ ਲੈ ਕੇ ਵਾਪਸ ਆ ਗਿਆ। ਬੱਚਿਆਂ ਨੇ ਜ਼ਖ਼ਮੀ ਪੰਛੀ ਨੂੰ ਪਾਣੀ ਪਿਆਇਆ, ਤੇ ਉਸ ਦੀ ਮਲ੍ਹਮ-ਪੱਟੀ ਕੀਤੀ ਅਤੇ ਖਾਣ ਲਈ ਦਾਣੇ ਵੀ ਦਿੱਤੇ। ਹੁਣ ਤਕ ਪੰਛੀ ਕਾਫ਼ੀ ਸੰਭਲ ਗਿਆ ਸੀ।

"ਬੇਬੀਮੈਕਸ! ਤੂੰ ਬਹੁਤ ਬਹਾਦੁਰ ਹੈ, ਤੂੰ ਇਸ ਪੰਛੀ ਦੀ ਜਾਨ ਬਚਾਈ ਹੈ।' ਬੋਲਦਿਆਂ ਹਰਿੰਦਰ ਦੀਆਂ ਅੱਖਾਂ ਪ੍ਰਸ਼ੰਸਾ ਨਾਲ ਚਮਕ ਰਹੀਆਂ ਸਨ।

ਉਸ ਦਿਨ ਤੋਂ ਬੱਚਿਆਂ ਨੂੰ ਭਰੋਸਾ ਹੋ ਗਿਆ ਕਿ ਬੇਬੀਮੈਕਸ ਦੇ ਸਾਥ ਵਿਚ ਉਹ ਕਿਸੇ ਵੀ ਚੁਣੌਤੀ ਦਾ ਸਾਹਮਣਾ ਕਰਨ ਦੇ ਸਮਰਥ ਹਨ। ਇੰਝ ਹਰ ਨਵੇਂ ਦਿਨ ਨਾਲ ਉਨ੍ਹਾਂ ਦੀ, ਬੇਬੀਮੈਕਸ ਨਾਲ ਦੋਸਤੀ ਹੋਰ ਪੱਕੀ ਹੁੰਦੀ ਗਈ।



ਬਾਲ ਕਹਾਣੀ

# ਭੂੰਡੀ ਭੂੰਡੀ ਫੇਲ ਕਿ ਪਾਸ

ਹਰੀ ਕ੍ਰਿਸ਼ਨ ਮਾਇਰ

ਮਾਰਚ ਮਹੀਨੇ ਦਾ ਆਖ਼ੀਰ ਸੀ। ਬੱਚਿਆਂ ਦੇ ਪੱਕੇ ਪੇਪਰ ਹੋ ਚੁੱਕੇ ਸਨ। ਉਂਝ ਬੱਚੇ ਸਕੂਲ ਜਾਂਦੇ ਸਨ। ਲਾਇਬਰੇਰੀ ਵਿੱਚੋਂ ਬੱਚਿਆਂ ਨੂੰ ਪੜ੍ਹਨ ਲਈ ਕਿਤਾਬਾਂ ਵੀ ਦਿੱਤੀਆਂ ਗਈਆਂ ਸਨ। ਕਈ ਬੱਚੇ ਤਾਂ ਪੁਸਤਕਾਂ ਮਨ ਨਾਲ ਪੜ੍ਹਦੇ। ਕਈ ਇਕ ਨੰਬਰ, ਦੋ ਨੰਬਰ ਦੀ ਛੁੱਟੀ ਲੈਕੇ ਗਰਾਊਂਡ ਵੱਲ ਨਿਕਲ ਜਾਂਦੇ। ਉਨ੍ਹਾ ਦਾ ਧਿਆਨ ਪੁਸਤਕਾਂ ਵਿੱਚ ਖੁਭਦਾ ਨਹੀਂ ਸੀ। ਉਨ੍ਹਾਂ ਨੂੰ ਤਾਂ ਫੇਲ ਹੋਣ ਦੀ ਚਿੰਤਾ ਡਰਾਉਦੀ ਸੀ। ਇਕੱਤੀ ਮਾਰਚ ਨੂੰ ਨਤੀਜਾ ਬੋਲਿਆ ਜਾਂਦਾ ਸੀ। ਬਹੁਤੇ ਬੱਚੇ ਪਾਸ ਹੀ ਹੁੰਦੇ,ਪਰ ਕੁਝ ਫੇਲ ਵੀ ਹੋ ਜਾਂਦੇ ਸਨ।

ਮਾਰਚ ਮਹੀਨੇ ਕੱਣਕਾਂ ਦੀਆਂ ਬੱਲੀਆਂ ਤੇ ਸੁਨਹਿਰੀ ਭਾਅ ਮਾਰਦੀ। ਫੁੱਲਾਂ ਉੱਤੇ ਤਿਤਲੀਆਂ,ਮਧੂ ਮੱਖੀਆਂ, ਕੀਟਪਤੰਗੇ ਉੱਡਦੇ। ਘਾਹ ਉੱਤੇ ਪਾਸ ਫੇਲ ਦੱਸਣ ਵਾਲੀ ਭੂੰਡੀ ਵੀ ਜ਼ਰੂਰ ਤੁਰੀ ਫਿਰਦੀ ਨਜ਼ਰ ਆ ਜਾਂਦੀ ਸੀ।

ਅੱਜ ਰਿੱਕੀ ਅਤੇ ਵਿੱਕੀ ਵੀ ਗਰਾਊਂਡ ਵਿੱਚ ਗੇੜੇ ਕੱਢ ਰਹੇ ਸਨ। ਅਸਲ ਵਿੱਚ,ਉਹ ਉਸ ਭੂੰਡੀ ਨੂੰ ਹੀ ਲੱਭ ਰਹੇ ਸਨ। ਉਨ੍ਹਾ ਨੇ ਕਲਾਸ ਦੇ ਬੱਚਿਆਂ ਨੂੰ ਭੂੰਡੀ ਕੋਲੋਂ ਪਾਸ ਜਾਂ ਫੇਲ ਹੋਣ ਬਾਰੇ ਪੁੱਛਦੇ ਦੇਖਿਆ ਸੀ। ਜਨਕ ਨੇ ਤਾਂ ਭੂੰਡੀ ਨੂੰ ਹੱਥ ਤੇ ਬਿਠਾ ਲਿਆ ਅਤੇ ਪੁੱਛਣ ਲੱਗਾ,"ਭੂੰਡੀ ਭੂੰਡੀ ਮੈਂ ਫੇਲ ਜਾਂ ਪਾਸ?"ਭੂੰਡੀ ਹੱਥ ਤੇ ਬੈਠੀ ਰਹੀ। ਹਿੱਲੀਓ ਨਾਂ। ਬੱਚਿਆਂ ਵਿੱਚ ਘੁਸਰ ਮੁਸਰ ਸ਼ੁਰੂ ਹੋ ਗਈ:"ਲੈ ਬਈ ਜਨਕਾ ਤਾਂ ਨਹੀਂ ਲੰਘਦਾ ਇਸ ਵਾਰ"। ਇਕ ਬੋਲਿਆ

"ਭੂੰਡੀ ਅਜੇ ਸੋਚਦੀ ਹੋਣੀ ਆ।" ਦੂਜਾ ਕਹਿੰਦਾ।

ਫੇਰ ਭੂੰਡੀ ਹਿੱਲੀ ਅਤੇ ਉੱਡ ਗਈ। ਜਨਕ ਦੇ ਚਿਹਰੇ ਤੇ ਰੌਣਕ ਆ ਗਈ। ਬੱਚੇ ਕਹਿੰਦੇ,"ਜਨਕਿਆ, ਭੂੰਡੀ ਦਾ ਤੈਨੂੰ ਪਾਸ ਕਰਾਉਣ 'ਤੇ ਜ਼ੋਰ ਬੜਾ ਲਗਿਆ। ਹੁਣ ਪਹਿਲਾਂ ਹੀ ਲੱਡੂ ਵੰਡਦੇ।"

"ਨਹੀਂ ਓਏ!ਜੇ ਕਿਤੇ ਭੂੰਡੀ ਦਾ ਦੱਸਿਆ ਝੂਠ ਨਿਕਲ ਗਿਆ।" ਜਨਕ ਨੇ ਡਰਦਿਆਂ ਕਿਹਾ। ਬੱਚੇ ਆਪਣੀਆਂ ਗੱਲਾਂ ਵਿੱਚ ਰੁੱਝ ਗਏ।

"ਭੂੰਡੀ ਝੂਠ ਨਹੀਂ ਬੋਲਦੀ। ਮੇਰੇ ਡੈਡੀ ਦੱਸਦੇ ਹੁੰਦੇ ਆ ਕਿ ਜਦੋਂ ਉਹ ਛੋਟੇ ਹੁੰਦੇ ਸੀ, ਇਹ ਭੂੰਡੀ ਉਦੋਂ ਵੀ ਹੁੰਦੀ ਸੀ। ਉਹ ਵੀ ਭੂੰਡੀ ਤੋਂ ਫੇਲ ਪਾਸ ਬਾਰੇ ਪੁੱਛਦੇ ਹੁੰਦੇ ਸੀ। ਉਹ ਕਹਿੰਦੇ ਭੂੰਡੀ ਜੇ ਉੱਡ ਜਾਵੇ ਤਾਂ ਪਾਸ,ਜੇ ਬੈਠੀ ਰਹੇ ਤਾਂ ਫੇਲ ਦਾ ਸੰਕੇਤ ਹੁੰਦਾ।"

"ਜੇ ਤੇਰੇ ਡੈਡੀ ਵੇਲੇ ਦੀ ਹੈ ਭੂੰਡੀ ਤਾਂ ਸਾਡੀ ਤਾਂ ਭੂਆ ਲੱਗੀ।"ਬੱਚੇ ਹਾਸਾ ਮਜ਼ਾਕ ਕਰਦੇ ਰਹੇ। ਐਨੇ ਨੂੰ ਗੋਗੀ ਨੇ ਵੀ ਭੂੰਡੀ ਨੂੰ ਹੱਥ ਤੇ ਬਿਠਾ ਲਿਆ। ਪੜ੍ਹਨ ਵਿੱਚ ਤਾਂ ਗੋਗੀ ਹੁਸ਼ਿਆਰ ਸੀ,ਪਰ ਦੇਖੀ ਦੇਖ ਬੱਚਿਆਂ ਦੀਆਂ ਗੱਲਾਂ ਵਿੱਚ ਆ ਗਿਆ ਸੀ। ਇਕ ਮਿੰਟ , ਦੋ ਮਿੰਟ, ਗੋਗੀ ਅੱਖਾਂ ਮੀਟ ਕੇ ਧਿਆਈ ਜਾਵੇ: ਭੂੰਡੀ ਮੈਂ ਪਾਸ ਹੋਜਾਂ,ਇਸ ਵਾਰ ਮੈਨੂੰ ਡਰ ਬੜਾ ਲੱਗਦਾ।"ਭੂੰਡੀ ਤਾਂ ਹੱਥ ਤੇ ਬੈਠੀ ਹੀ ਰਹੀ। ਉੱਡੀ ਹੀ ਨਹੀਂ।"ਗੋਗੀ ਮਨੋਮਨ ਹਾੜੇ ਕੱਢੇ ," ਭੂੰਡੀ ਉੜ, ਭੂੰਡੀ ਉੜ!"ਭੂੰਡੀ ਨਾਂ ਉੜੀ। ਗੋਗੀ ਦੇ ਚਿਹਰੇ ਦਾ ਰੰਗ ਜ਼ਰੂਰ ਉੱਡ ਗਿਆ। ਉਸ ਨੇ ਭੂੰਡੀ ਨੂੰ ਹੱਥ ਤੋਂ ਲਾਹ ਕੇ ਘਾਹ ਵਿੱਚ ਛੱਡ ਦਿੱਤਾ। ਬੱਚੇ ਘੁਸਰ ਮੁਸਰ ਕਰਨ ਲੱਗੇ:"ਐਂ ਤਾਂ ਨਹੀਂ ਹੋ ਸਕਦਾ, ਕਿ ਗੋਗੀ ਵੀ ਲੁਟਕ ਜਾਵੇ।"

"ਮੇਰੀ ਮਾਂ ਤਾਂ ਪੱਕੇ ਪੇਪਰਾਂ ਨੇੜੇ ਜ਼ਰੂਰ ਭੂੰਡੀ ਨੂੰ ਮੇਰੇ ਪਾਸ ਹੋਣ ਬਾਰੇ ਪੁੱਛਦੀ ਆ।"

"ਮੇਰਾ ਪਾਪਾ ਤਾਂ ਇੰਨ੍ਹਾ ਗੱਲਾਂ ਨੂੰ ਮੰਨਦਾ ਹੀ ਨਹੀਂ। ਕਹਿੰਦਾ ਮਿਹਨਤ ਤੇ ਲਗਨ ਵਾਲੇ ਬੱਚੇ ਸਦਾ ਪਾਸ ਹੁੰਦੇ ਹਨ। ਭੂੰਡੀ ਕਿਸੇ ਨੂੰ ਫੇਲ ਪਾਸ ਨਹੀਂ ਕਰਾਉਂਦੀ।"

"ਜਦ ਸਾਰੇ ਲੋਕ ਭੂੰਡੀ ਤੋਂ ਫੇਲ ਪਾਸ ਪੁੱਛਦੇ ਨੇ। ਤੇਰੇ ਪਾਪਾ ਦੇ ਕਹੇ ਨਾਲ ਭੂੰਡੀ ਦੱਸਣੋਂ ਥੋੜ੍ਹਾ ਹੱਟ ਜਾਊਗੀ।"

ਐਨੇ ਨੂੰ ਛੁੱਟੀ ਦੀ ਘੰਟੀ ਵੱਜ ਗਈ। ਬੱਚੇ ਘਰਾਂ ਵੱਲ ਤੁਰ ਪਏ। ਗੋਪੀ ਚੁੱਪ ਚਾਪ ਤੁਰਿਆ ਜਾ ਰਿਹਾ ਸੀ। ਕਿਸੇ ਨਾਲ ਕੋਈ ਗੱਲ ਨਹੀਂ ਸੀ ਕਰ ਰਿਹਾ। ਸਭ ਨੂੰ ਪਤਾ ਸੀ ਕਿ ਭੂੰਡੀ ਦੇ ਨਾਂ ਉੱਡਣ ਕਰਕੇ ਉਹ ਉਦਾਸ ਸੀ। ਬੱਚੇ ਆਪੋ ਆਪਣੇ ਘਰੀਂ ਚਲੇ ਗਏ। ਘਰ ਵੜਦਿਆ ਸਾਰ ਗੋਗੀ ਨੇ ਬੈਗ ਫ਼ਰਸ਼ ਤੇ ਵਗਾਹ ਮਾਰਿਆ ਅਤੇ ਜਾਕੇ ਮੰਜੇ ਕੇ ਲੇਟ ਗਿਆ। ਮਾਂ ਨੇ ਕਈ ਵਾਰ ਉਸ ਨੂੰ ਰੋਟੀ ਖਾਣ ਨੂੰ ਵਾਜ਼ ਮਾਰੀ ਸੀ ਪਰ ਉਸਨੇ ਰੋਟੀ ਨਹੀਂ ਖਾਧੀ ਸੀ। ਆਖਰ ਸ਼ਾਮ ਨੂੰ ਗੋਗੀ ਦਾ ਡੈਡੀ ਵੀ ਦਫਤਰੋਂ ਘਰ ਆ ਗਿਆ। ਉਸ ਨੇ ਗੋਪੀ ਨੂੰ ਮੰਜੇ ਤੋਂ ਉਠਾਇਆ ਅਤੇ ਆਪਣੇ ਕੋਲੇ ਬਿਠਾ ਕੇ ਬੋਲੇ," ਪੁੱਤਰਾ ਤੂੰ ਰੋਟੀ ਕਿਉਂ ਨਹੀਂ ਖਾਧੀ?"

"ਇਸ ਵਾਰ ਮੈਂ ਪਾਸ ਨਹੀਂ ਹੋਣਾ।"

"ਕਿਉਂ ? ਤੈਨੂੰ ਕਿਵੇਂ ਪਤਾ ਚੱਲ ਗਿਆ।

"ਭੂੰਡੀ ਤੋਂ "

"ਭੂੰਡੀ ਕਿਵੇਂ ਤੇਰਾ ਨਤੀਜਾ ਦੇਖ ਆਈ, ਨਤੀਜਾ ਤਾਂ ਤੇਰੇ ਅਧਿਆਪਕ ਦੱਸਦੇ ਸਨ ਕਿ ਅਜੇ ਬਣਦਾ ਪਿਆ।"

"ਅਜੇ ਬਣਿਆਂ ਨਹੀਂ।"

"ਨਹੀਂ ਬਣਿਆਂ।"

"ਤੇ ਉਹ ਭੂੰਡੀ ?"

"ਐਵੇਂ ਨਿਖੱਟੂਆਂ ਨੇ ਆਪਣੇ ਆਪ ਨੂੰ ਝੂਠਾ ਆਸਰਾ ਦੇਣ ਲਈ ਖੇਡ ਬਣਾਈ ਹੋਈ ਹੈ।"

"ਹੈਂ!"

"ਹਾਂ,ਤੂੰ ਕਲਾਸ ਤੋਂ ਪਹਿਲੇ ਨੰਬਰ ਤੇਆਉਣ ਵਾਲਾ ਬੱਚਾ ਏਂ, ਤੈਨੂੰ ਕੌਣ ਫੇਲ ਕਰ ਦੇਊ?"

ਡੈਡੀ ਦੀਆਂ ਗੱਲਾਂ ਸੁਣ ਕੇ ਗੋਪੀ ਦਾ ਚਿਹਰਾ ਖਿੜ ਉੱਠਿਆ। ਉਸ ਅੰਦਰ ਖੋਇਆ ਵਿਸ਼ਵਾਸ ਮੁੜ ਪਰਤ ਆਇਆ।

"ਡੈਡੀ ਤੁਸੀ ਜਦ ਛੋਟੇ ਹੁੰਦੇ ਪੜ੍ਹਦੇ ਸੀ, ਤੁਸੀਂ ਭੂੰਡੀ ਤੋਂ ਫੇਲ ਪਾਸ ਬਾਰੇ ਪੁੱਛਦੇ ਹੁੰਦੇ ਸੀ?

"ਹਾਂ, ਪਰ ਤੇਰੇ ਦਾਦਾ ਜੀ ਨੇ ਮੈਨੂੰ ਅਜੇਹਾ ਕਰਨੋਂ ਰੋਕ ਦਿੱਤਾ ਸੀ। ਮੇਰੇ ਪੋਲ਼ੇ ਜਿਹੇ ਕੰਨ ਵੀ ਪੁੱਟੇ ਸਨ,ਕਹਿੰਦੇ ਮਿਹਨਤ ਤੇ ਯਕੀਨ ਰੱਖੋ,ਇਹ ਨਿੱਕੀ ਜਿਹੀ ਭੂੰਡੀ ਥੋਡਾ ਕੀਹਦਾ ਕੀਹਦਾ ਬੋਝ ਚੁੱਕ ਲਊਗੀ।"

ਗੋਪੀ ਮੁੜ ਸਵੈ ਵਿਸ਼ਵਾਸ ਨਾਲ ਭਰ ਗਿਆ। ਇਕੱਤੀ ਮਾਰਚ ਨੂੰ ਸਕੂਲ ਵਿੱਚ ਖੂਬ ਰੌਣਕ ਸੀ। ਆਖਰ ਗਿਆਰਾਂ ਵਜੇ ਮੁੱਖ ਅਧਿਆਪਕ ਨੇ ਨਤੀਜਾ ਪੜ੍ਹ ਕੇ ਸੁਣਾਇਆ। ਭਾਵੇਂ ਭੂੰਡੀ ਗੋਗੀ ਦੇ ਹੱਥ ਤੇ ਬੈਠੀ ਰਹੀ ਸੀ, ਪਰ ਗੋਪੀ ਪੰਜਵੀਂ ਕਲਾਸ ਵਿੱਚੋਂ ਪਹਿਲੇ ਸਥਾਨ ਤੇ ਆਇਆ ਸੀ। ਉਸ ਨੂੰ ਸਟੇਜ ਤੇ ਬੁਲਾਕੇ ਇਨਾਮ ਦਿੱਤਾ ਗਿਆ ਸੀ। ਬੱਚੇ ਤਾੜੀਆਂ ਮਾਰ ਰਹੇ ਸਨ। ਦੂਜੇ ਪਾਸੇ ਭੂੰਡੀ ਉੱਡ ਜਾਣ ਦੇ ਬਾਵਜੂਦ ਵੀ,ਜਨਕ ਇਸ ਵਾਰ ਕਲਾਸ ਵਿੱਚੋਂ ਫੇਲ ਹੋ ਗਿਆ ਸੀ।

# ਰੁੱਖਾਂ ਨਾਲ ਪਿਆਰ

## ਸੁਰਿੰਦਰਪਾਲ ਸਿੰਘ

ਬੱਚਿਓ ਰੁੱਖਾਂ ਨਾਲ ਤੁਸੀ ਪਾ ਲਓ ਪਿਆਰ

ਇਹਨਾਂ ਨਾਲ ਹੀ ਚਲਣਾ ਸਾਡਾ ਸੰਸਾਰ।

ਰੁੱਖਾਂ ਦੀ ਜੜ੍ਹ,ਟਹਿਣੀ ਤੇ ਪੱਤੇ ਤੁਸੀ ਪਛਾਣੋ

ਪੱਤਿਆਂ ਤੇ ਨਿੱਕੇ ਨੱਕ ਰੂਪੀ ਛੇਕਾਂ ਨੂੰ ਸਟੋਮੇਟਾ ਜਾਣੋ।

ਮਿਲੇ ਜੇਕਰ ਸ਼ੁੱਧ ਹਵਾ ਤੇ ਪਾਣੀ ਇਹਨਾਂ ਵਧਦੇ ਜਾਣਾ

ਕਲੋਰੋਫਿਲ,ਸੂਰਜੀ ਰੌਸ਼ਨੀ,ਹਵਾ,ਪਾਣੀ ਹੀ ਇਹਨਾਂ ਖਾਣਾ।

ਇਸੇ ਕਿਰਿਆ ਨੇ ਪ੍ਰਕਾਸ਼ ਸੰਸ਼ਲੇਸ਼ਣ ਹੈ ਅਖਵਾਉਣਾਂ

ਕਾਰਬਨਡਾਈਆਕਸਾਈਡ ਤੇ ਪਾਣੀ ਰਲ ਗਲੂਕੋਜ਼ ਤੇ ਆਕਸੀਜਨ ਬਣਾਉਣਾ।

ਰੁੱਖ ਪੌਣਾਂ ਨੂੰ ਸਾਫ ਤੇ ਸ਼ੁੱਧ ਬਣਾਉਦੇ

ਰੁੱਖ ਮਿੱਟੀ ਦੀ ਬੰਨਣ ਸ਼ਕਤੀ ਵਧਾਉਂਦੇ।

ਦਿੰਦੇ ਮੁਫਤ ਆਕਸੀਜਨ ਇਹ ਨਾ ਅੱਕਦੇ

ਜ਼ਹਿਰੀਲੀ ਕਾਰਬਨਡਾਈਆਕਸਾਈਡ ਸਟੋਮੇਟਾ ਫਕਦੇ।

ਰੁੱਖਾਂ ਨਾਲ ਹੀ ਕੁਦਰਤ ਲੱਗੇ ਪਿਆਰੀ

ਰੁੱਖਾਂ ਨਾਲ ਹੀ ਦੁਨੀਆਂ ਫੱਬੇ ਨਿਆਰੀ।

punjabikids.org
ਪੰਜਾਬੀ ਬੱਚਿਆਂ ਨੂੰ
ਸਮਰਪਿਤ ਵੈੱਬਸਾਈਟ

ਬੱਚਿਆਂ ਲਈ ਕਵਿਤਾਵਾਂ, ਕਹਾਣੀਆਂ, ਲੇਖ ਤੇ ਹੋਰ ਰੋਚਕ ਰਚਨਾਵਾਂ https://www.punjabikids.org/ 'ਤੇ ਪੜ੍ਹੋ।



# ਗ੍ਰਹਿ ਬੁਝਾਰਤਾਂ

ਵਿਕਾਸ ਵਰਮਾ ਤੇ ਅਮਨਦੀਪ ਸਿੰਘ

**1.**

ਅੱਠ ਗ੍ਰਹਿਆਂ 'ਚ ਵੱਡਾ ਤੇ ਭਾਰੀ,
ਲਾਲ ਗ੍ਰਹਿ ਤੋਂ ਬਾਅਦ ਹੈ ਵਾਰੀ,
ਗ੍ਰਹਿ ਇਹ ਸੂਰਜ ਤੋਂ ਪੰਜਵੇਂ ਥਾਂ,
ਬੱਚਿਓ, ਬੁੱਝ ਲਓ ਇਸ ਦਾ ਨਾਂ...?

**2.**

ਇੱਕ ਗ੍ਰਹਿ ਦੁਆਲ਼ੇ ਧੂੜ ਦੇ ਛੱਲੇ,
'ਬਾਹਟ' ਉਪਗ੍ਰਹਿ ਨੇ ਜਿਸ ਦੇ ਪੱਲੇ,
'ਟਾਈਟਨ' ਇਸ ਦੇ ਚੰਨ ਦਾ ਨਾਂ,
ਗ੍ਰਹਿ ਕਿਹੜਾ, ਸੂਰਜ ਤੋਂ ਛੇਵੇਂ ਥਾਂ...?

**3.**

ਗ੍ਰਹਿ ਕਿਹੜਾ ਸੂਰਜ ਦੇ ਸਭ ਤੋਂ ਨੇੜੇ...?
ਸਭ ਤੋਂ ਪਹਿਲਾਂ ਜੋ ਲਾਉਂਦਾ ਗੇੜੇ,
ਗਰਮ ਹੈ ਪਰ ਸ਼ੁੱਕਰ ਤੋਂ ਘੱਟ,
ਬੱਚਿਓ! ਬੁੱਝ ਲਓ ਨਾਂ ਹੁਣ ਝੱਟ।

**4.**

ਇੱਕ ਗ੍ਰਹਿ, ਜਿਸ ਦੇ ਉੱਤੇ ਪਾਣੀ,
ਜੀਵਨ ਦੀ ਚੱਲੀ ਜਿੱਥੇ ਕਹਾਣੀ,
ਛਤਰੀ ਜਿਸ ਓਜ਼ੋਨ ਦੀ ਤਾਣੀ,
ਗ੍ਰਹਿ ਇਹ ਸੂਰਜ ਤੋਂ ਤੀਜੇ ਥਾਂ,
ਬੱਚਿਓ, ਬੁੱਝ ਲਓ ਇਸ ਦਾ ਨਾਂ...?

**5.**

ਇਹ ਹੈ ਸਵੇਰ-ਸ਼ਾਮ ਦਾ ਤਾਰਾ,
ਉਪਗ੍ਰਹਿ ਨਹੀਂ ਕੋਈ ਇਸ ਦਾ ਯਾਰਾ,
ਸਭ ਗ੍ਰਹਿਆਂ 'ਚੋਂ ਗਰਮ ਹੈ ਨਾਲ਼ੇ,
ਗ੍ਰਹਿ ਕਿਹੜਾ ਬੁੱਧ-ਧਰਤ ਵਿਚਾਲ਼ੇ...?

**6. ***

ਇਸ ਗ੍ਰਹਿ ਦਾ ਰੰਗ ਹੈ ਲਾਲ
ਜ਼ੰਗ ਲੱਗਣ ਨਾਲ਼ ਹੋਇਆ ਹਾਲ
ਸੂਰਜ ਤੋਂ ਹੈ ਚੌਥੇ ਥਾਂ
ਬੱਚਿਓ, ਬੁੱਝ ਲਓ ਇਸ ਦਾ ਨਾਂ...?

**7.**

ਨੀਲੀਆਂ, ਹਰੀਆਂ ਗੈਸਾਂ ਨਾਲ਼
ਭਰਿਆ ਹੋਇਆ ਇਸਦਾ ਹਾਲ
ਸੂਰਜ ਤੋਂ ਹੈ ਸੱਤਵੇਂ ਥਾਂ
ਬੱਚਿਓ, ਬੁੱਝ ਲਓ ਇਸ ਦਾ ਨਾਂ...?

**8.**

ਗੂੜ੍ਹੀ ਨੀਲੀ ਇਸਦੀ ਭਾਹ
ਸਾਗਰ ਦੇਵ ਹੈ ਇਸਦਾ ਨਾਂ
ਸੂਰਜ ਤੋਂ ਹੈ ਅੱਠਵੇਂ ਥਾਂ
ਬੱਚਿਓ, ਬੁੱਝ ਲਓ ਇਸ ਦਾ ਨਾਂ...?

**9. ****

ਇਹ ਗ੍ਰਹਿ ਹੁਣ ਨਹੀਂ ਹੈ ਗ੍ਰਹਿ
ਕਹਿੰਦੇ ਇਸ ਨੂੰ ਹੁਣ ਛੋਟਾ ਗ੍ਰਹਿ
ਕਾਇਪਰ ਬੈਲਟ ਵਿੱਚ ਇਸਦੀ ਥਾਂ
ਬੱਚਿਓ, ਬੁੱਝ ਲਓ ਇਸ ਦਾ ਨਾਂ...?

UDAAN PUNJABI SF MAGAZINE

ਉੱਤਰ: 1. ਬ੍ਰਿਹਸਪਤੀ 2. ਸ਼ਨੀ 3. ਬੁੱਧ 4. ਧਰਤੀ 5. ਸ਼ੁੱਕਰ 6. ਮੰਗਲ 7. ਅਰੁਣ (Uranus) 8. ਵਰੁਣ (Neptune) 9. ਪਲੂਟੋ

* ਵਿਕਾਸ ਵਰਮਾ ਤੋਂ ਪ੍ਰੇਰਣਾ ਲੈ ਕੇ ਕਾਵਿ ਬੰਦ 6-9 ਸੰਪਾਦਕ ਅਮਨਦੀਪ ਸਿੰਘ ਦੁਆਰਾ ਰਚੇ ਗਏ

** ਕਿਸੇ ਅਕਾਸ਼ੀ ਪਿੰਡ ਨੂੰ ਗ੍ਰਹਿ ਮੰਨਣ ਲਈ ਤਿੰਨ ਮਾਪਦੰਡ ਹਨ: 1. ਗ੍ਰਹਿ ਆਪਣੇ ਸੂਰਜ ਦੇ ਦੁਆਲ਼ੇ ਘੁੰਮਦਾ ਹੋਵੇ। 2. ਗ੍ਰਹਿ ਦਾ ਇੰਨਾ ਕੁ ਪੁੰਜ ਹੋਵੇ ਤਾਂ ਜੋ ਗੁਰੂਤਾਕਰਸ਼ਣ ਕਰਕੇ ਉਸਦਾ ਅਕਾਰ ਗੋਲ਼ ਹੋਵੇ। 3. ਗ੍ਰਹਿ ਆਪਣੇ ਪੰਧ ਵਿੱਚੋਂ ਆਪਣੇ ਤੋਂ ਵੱਡੇ ਹੋਰ ਅਕਾਸ਼ੀ ਪਿੰਡ ਸਾਫ਼ ਕਰ ਚੁੱਕਾ ਹੋਵੇ। ਪਲੂਟੋ ਤੀਜੇ ਮਾਪਦੰਡ 'ਤੇ ਖਰਾ ਨਹੀਂ ਉੱਤਰਦਾ, ਕਿਉਂਕਿ ਕਾਇਪਰ ਬੈਲਟ ਦੇ ਵਿੱਚ ਹੋਰ ਅਕਾਸ਼ੀ ਪਿੰਡ ਵੀ ਹਨ, ਜੋ ਪਲੂਟੋ ਦੇ ਅਕਾਰ ਜਿੰਨੇ ਤੇ ਉਸਤੋਂ ਵੱਡੇ ਹਨ। ਇਸ ਕਰਕੇ ਪਲੂਟੋ ਨੂੰ ਛੋਟਾ ਗ੍ਰਹਿ ਕਿਹਾ ਜਾਂਦਾ ਹੈ। ਚੰਗੀ ਖ਼ਬਰ ਇਹ ਹੈ ਕਿ ਪਲੂਟੋ ਹਮੇਸ਼ਾਂ ਤੋਂ ਹੀ ਸੂਰਜ-ਮੰਡਲ ਦੇ ਬਾਕੀ ਗ੍ਰਹਿਆਂ ਤੋਂ ਅੱਲਗ ਸੀ, ਪਰ ਹੁਣ ਉਸਦੇ ਪਰਿਵਾਰ ਵਿੱਚ ਹੋਰ ਸਾਥੀ ਛੋਟੇ ਗ੍ਰਹਿ: ਸਿਰੀਸ (Ceres), ਏਰਿਸ (Eris), ਹੌਮੀਆ (Haumea) ਤੇ ਮੇਕਮੇਕ (Makemake) ਵੀ ਸ਼ਾਮਲ ਹਨ।

# ਸਾਇੰਸ ਫਿਕਸ਼ਨ ਨੂੰ ਹਕੀਕਤ ਬਣਾਉਂਦੀਆਂ ਵਿਗਿਆਨ ਦੀਆਂ ਤਾਜ਼ਾ ਖ਼ਬਰਾਂ

## ਨਾਸਾ ਦੀ ਨਵੀਂ ਟੈਲੀਸਕੋਪ ਲਾਂਚ ਦਾ ਉਦੇਸ਼ ਕੁਝ ਹੋਂਦ ਸੰਬੰਧੀ ਸਵਾਲਾਂ ਨੂੰ ਹੱਲ ਕਰਨਾ ਹੈ



11 ਮਾਰਚ ਨੂੰ ਕੈਲੀਫੋਰਨੀਆ ਤੋਂ ਲਾਂਚ ਕੀਤੀ ਗਈ ਨਾਸਾ ਦੀ ਟੈਲੀਸਕੋਪ SPHEREx ਬ੍ਰਹਿਮੰਡ ਦੀ ਸ਼ੁਰੂਆਤ ਦਾ ਅਧਿਐਨ ਕਰੇਗੀ। SPHEREx ਟੈਲੀਸਕੋਪ ਦਾ ਦ੍ਰਿਸ਼ਟੀਕੋਣ ਬਹੁਤ ਵਿਸ਼ਾਲ ਹੈ। ਇਸ ਨੂੰ ਇਨਫਰਾਰੈੱਡ ਰੋਸ਼ਨੀ ਅਤੇ ਹੋਰ ਤਰੰਗ-ਲੰਬਾਈਆਂ ਦਾ ਪਤਾ ਲੱਗ ਸਕਦਾ ਹੈ ਜੋ ਨੰਗੀ ਅੱਖ ਨਾਲ ਨਹੀਂ ਦੇਖੇ ਜਾ ਸਕਦੇ। ਇਹ ਮਿਸ਼ਨ ਦੋ ਸਾਲਾਂ ਵਿੱਚ ਪੂਰੇ ਬ੍ਰਹਿਮੰਡ ਦੀ ਚਾਰ ਵਾਰ ਤਸਵੀਰ ਬਣਾਏਗਾ ਅਤੇ ਦਿਖਾਈ ਦੇਣ ਵਾਲ਼ੇ ਬ੍ਰਹਿਮੰਡ ਬਾਰੇ ਮਹਾਂ ਆਂਕੜੇ (ਇੱਕ ਬਹੁਤ ਵੱਡਾ ਡੇਟਾ ਸੈੱਟ) ਤਿਆਰ ਕਰੇਗਾ। ਇਸਦੇ ਨਾਲ਼ ਹੀ ਚਾਰ ਪੰਚ (PUNCH) ਉਪਗ੍ਰਹਿ ਵੀ ਦਾਗੇ ਗਏ ਹਨ, ਜੋ ਸੂਰਜੀ ਹਵਾਵਾਂ ਦਾ 3-ਅਯਾਮੀ ਅਧਿਐਨ ਕਰਨਗੇ। (Photo Courtesy: NASA)

## ਗੂਗਲ ਡੀਪਮਾਈਂਡ ਰੋਬੋਟਾਂ ਨੂੰ ਫੁੱਟਬਾਲ ਖੇਡਦੇ ਹੋਏ ਦੇਖੋ



ਗੂਗਲ ਡੀਪਮਾਈਂਡ ਨੇ ਛੋਟੇ ਮਾਨਵੀ ਰੋਬੋਟਾਂ ਦਾ ਇੱਕ ਵੀਡੀਓ ਪ੍ਰਦਰਸ਼ਨ ਪ੍ਰਕਾਸ਼ਿਤ ਕੀਤਾ ਹੈ ਜੋ ਇੱਕ-ਦੂਜੇ ਨਾਲ਼ ਫੁੱਟਬਾਲ ਖੇਡਦੇ ਨਜ਼ਰ ਆਉਂਦੇ ਹਨ। ਉਹ ਰੋਬੋਟ ਖੇਡ ਦੇ ਨਿਯਮਾਂ ਨੂੰ ਸਮਝਣ ਦੇ ਯੋਗ ਹਨ ਅਤੇ ਅੰਦਾਜ਼ਾ ਲਗਾ ਸਕਦੇ ਹਨ ਕਿ ਗੇਂਦ ਕਿੱਥੇ ਜਾ ਰਹੀ ਹੈ ਜਾਂ ਵਿਰੋਧੀ ਦੇ ਸ਼ਾਟ ਕਦੋਂ ਰੋਕਣੇ ਹਨ। 15-ਸਕਿੰਟ ਦਾ ਵੀਡੀਓ ਹਥਲੇ ਲਿੰਕ 'ਤੇ ਉਪਲਬਧ ਹੈ। (Photo Courtesy: Google DeepMind via techcrunch.com)

https://techcrunch.com/video/watch-these-google-deepmind-robots-play-a-game-of-soccer

## ਏਆਈ (AI) ਦੇ ਪ੍ਰਭਾਵਾਂ ਨੂੰ ਪੇਸ਼ ਕਰਦੀ ਐਂਥ੍ਰੋਪਿਕ ਇਕਨਾਮਿਕ ਇੰਡੈਕਸ



ਐਂਥ੍ਰੋਪਿਕ ਆਰਥਿਕ ਇੰਡੈਕਸ ਦਾ ਉਦੇਸ਼ ਸਮੇਂ ਦੇ ਨਾਲ਼ ਕਿਰਤ ਬਾਜ਼ਾਰਾਂ ਅਤੇ ਅਰਥਵਿਵਸਥਾ 'ਤੇ ਏਆਈ (AI) ਦੇ ਪ੍ਰਭਾਵਾਂ ਨੂੰ ਸਮਝਣਾ ਹੈ। ਇਹ ਰਿਪੋਰਟਾਂ Claude.ai 'ਤੇ ਲੱਖਾਂ ਅਗਿਆਤ ਗੱਲਬਾਤਾਂ ਦੇ ਆਧਾਰ 'ਤੇ ਆਂਕੜੇ ਅਤੇ ਵਿਸ਼ਲੇਸ਼ਣ ਪ੍ਰਦਾਨ ਕਰਦੀਆਂ ਹਨ। ਇਹ ਇੱਕ ਸਪਸ਼ਟ ਤਸਵੀਰ ਬਣਾਉਂਦੀਆਂ ਹਨ ਕਿ ਕਿਵੇਂ ਏਆਈ ਨੂੰ ਆਧੁਨਿਕ ਅਰਥਵਿਵਸਥਾ ਵਿੱਚ ਸੰਸਾਰਿਕ ਕੰਮਾਂ-ਕਾਰਾਂ ਵਿੱਚ ਸ਼ਾਮਲ ਕੀਤਾ ਜਾ ਰਿਹਾ ਹੈ। ਇਹ ਮੁੱਖ ਤੌਰ 'ਤੇ ਸਾਫਟਵੇਅਰ ਵਿਕਾਸ ਅਤੇ ਤਕਨੀਕੀ ਕਾਰਜਾਂ 'ਤੇ ਕੇਂਦ੍ਰਿਤ ਹੈ।, ਇਸਦੀ ਵਰਤੋਂ ਮੱਧ-ਤੋਂ-ਉੱਚ-ਤਨਖਾਹ ਵਾਲੇ ਕਿੱਤਿਆਂ ਨਾਲ ਜੁੜੇ ਕੰਮਾਂ ਲਈ ਵਧੇਰੇ ਪ੍ਰਚਲਿਤ ਹੈ ਪਰ ਸਭ ਤੋਂ ਘੱਟ ਅਤੇ ਸਭ ਤੋਂ ਵੱਧ-ਤਨਖਾਹ ਵਾਲੀਆਂ ਨੌਕਰੀਆਂ ਦੋਵਾਂ ਲਈ ਘੱਟ ਹੈ।

## ਮਨੁੱਖੀ ਦਿਮਾਗ ਦੂਜੇ ਅੰਗਾਂ ਨਾਲੋਂ ਮਾਈਕ੍ਰੋਪਲਾਸਟਿਕਸ ਨੂੰ ਜ਼ਿਆਦਾ ਸੋਖ ਰਹੇ ਹਨ

ਮਨੁੱਖ ਦੀ ਇਜਾਦ ਤੇ ਲਾਪਰਵਾਹੀ ਦੀ ਮਿਸਾਲ, ਮਾਈਕ੍ਰੋਪਲਾਸਟਿਕਸ ਬਹੁਤ ਹੀ ਮਹੀਨ ਟੁੱਟੇ ਹੋਏ ਪੋਲੀਮਰ ਹੁੰਦੇ ਹਨ, ਜੋ ਅੱਜ-ਕੱਲ ਤਕਰੀਬਨ ਹਰ ਜਗ੍ਹਾ ਮਿਲ਼ਦੇ ਹਨ। ਹੁਣ ਮਨੁੱਖਾਂ ਦੇ ਦਿਮਾਗ ਵਿੱਚ ਦੂਜੇ ਅੰਗਾਂ ਨਾਲੋਂ ਬਹੁਤ ਜ਼ਿਆਦਾ ਗਾੜ੍ਹਾਪਣ 'ਤੇ ਮਾਈਕ੍ਰੋਪਲਾਸਟਿਕਸ ਦਾ ਪਤਾ ਲੱਗਿਆ ਹੈ। ਇਹ ਟੁਕੜੇ ਬਹੁਤ ਹੀ ਛੋਟੇ ਹਨ, ਕੁਝ ਟੁਕੜੇ ਵਾਇਰਸ ਦੇ ਆਕਾਰ ਤੋਂ ਲਗਭਗ ਦੋ ਤਿੰਨ ਗੁਣਾ ਹੀ ਹਨ। ਮਾਨਸਿਕ ਰੋਗੀਆਂ ਦੇ ਦਿਮਾਗ ਵਿੱਚ ਦੂਜਿਆਂ ਨਾਲੋਂ 10 ਗੁਣਾ ਜ਼ਿਆਦਾ ਪਲਾਸਟਿਕ ਦੇਖਿਆ ਗਿਆ ਹੈ, ਪਰ ਉਸਦੇ ਕਾਰਨ ਜਾਂ ਪ੍ਰਭਾਵ ਬਾਰੇ ਨਿਸ਼ਚਤ ਤੌਰ 'ਤੇ ਸਿੱਟਾ ਕੱਢਣ ਲਈ ਅਜੇ ਕਾਫ਼ੀ ਸਬੂਤ ਨਹੀਂ ਹਨ। ਇੱਕ ਹੋਰ ਤਾਜ਼ਾ ਖ਼ਬਰ ਨਾਲ਼ ਮਾਈਕ੍ਰੋਪਲਾਸਟਿਕਸ ਪੌਦਿਆਂ ਦੇ ਪ੍ਰਕਾਸ਼ ਸੰਸ਼ਲੇਸ਼ਣ ਕਿਰਿਆ 'ਤੇ ਵੀ ਮਾੜਾ ਅਸਰ ਪਾ ਰਹੇ ਹਨ।



(Photo Courtesy: Oregon State Univ. via Flickr)


ਉਡਾਣ ਮੈਗਜ਼ੀਨ ਈ-ਮੇਲ ਵਿੱਚ ਪ੍ਰਾਪਤ ਕਰਨ ਲਈ ਇੱਥੇ ਕਲਿੱਕ ਕਰੋ ਜਾਂ QR ਕੋਡ ਸਕੈਨ ਕਰੋ!

https://www.udaanpunjabi.com/

https://punjabilibrary.co

ਪੰਜਾਬੀ ਲਾਇਬ੍ਰੇਰੀ PUNJABI LIBRARY